ਜਦੋਂ ਪੂਜਾ-ਪਾਠ ਵੀ ਜਿੰਨ ਨੂੰ ਭਜਾ ਨਾ ਸਕਿਆ ■ ਗਊ ਦਾ ਪਿਸ਼ਾਬ ਤੇ ਵਿਗਿਆਨਕ ਸੋਚ ■ ਸ਼ੰਕਾ ਨਵਿਰਤੀ ....?

ਤਰਕਸ਼ੀਲ ਸੁਸਾਇਟੀ ਭਾਰਤ (ਰਜਿ.) ਦਾ ਪ੍ਰਕਾਸ਼ਨ

# ਵਿਗਿਆਨ ਜੋਤ

ਮੁੱਖ ਸੰਪਾਦਕ : ਮੇਘ ਰਾਜ ਮਿੱਤਰ
ਦਸੰਬਰ-ਜਨਵਰੀ 2010, ਕੀਮਤ 15/-



www.tarksheel.com

## ਮਹਾਨ ਵਿਗਿਆਨੀ ਆਰਕੀਮੀਡਜ਼

## ਕੀ ਧਰਮ ਵਿਗਿਆਨ ਤੋਂ ਉੱਪਰ ਹੈ?

ਵਿਸ਼ਵਭਾਰਤੀ ਪ੍ਰਕਾਸ਼ਨ ਦੁਆਰਾ ਪ੍ਰਕਾਸ਼ਿਤ ਨਵੀਆਂ ਕਿਤਾਬਾਂ




ਅਦਾਲਤੀ

ਕੰਮ ਕਾਜ ਨਾਲ ਸਬੰਧਤ ਤਿੰਨ ਨਵੀਆਂ ਪ੍ਰਕਾਸ਼ਿਤ ਕਿਤਾਬਾਂ

ਪ੍ਰਾਪਤ ਕਰਨ ਲਈ ਸੰਪਰਕ ਕਰੋ :

ਵਿਸ਼ਵਭਾਰਤੀ ਪ੍ਰਕਾਸ਼ਨ ਬਰਨਾਲਾ

Puran Sabji Mandi, K. C. Road, Barnala-148101 (Pb.)
Ph. 01679-241744, 233244 Email : anu_bol@yahoo.com

# ਵਿਗਿਆਨ ਜੋਤ

ਸਾਲ 5, ਅੰਕ : 6

ਦਸੰਬਰ-ਜਨਵਰੀ, 2010

PUNPUN/2006/17457

ਮੁੱਖ ਸੰਪਾਦਕ : **ਮੇਘ ਰਾਜ ਮਿੱਤਰ**
ਸੰਪਾਦਕ : **ਅਜਮੇਰ ਸਿੱਧੂ**
ਸਹਿ ਸੰਪਾਦਕ : **ਰਣਜੀਤ ਝਨੇਰ**
ਮੁੱਖ ਪ੍ਰਬੰਧਕ : **ਅਮਿੱਤ ਮਿੱਤਰ**



**ਸੰਪਾਦਕੀ ਬੋਰਡ**

* ਮੇਘ ਰਾਜ ਰੱਲਾ
* ਹਰਪਿੰਦਰ ਬਰਾੜ (ਕੈਨੇਡਾ)
* ਡਾ. ਹਰੀਸ਼ ਮਲਹੋਤਰਾ ਬਰਮਿੰਘਮ
* ਸੁਖਵੀਰ ਰੈਣਾ
* ਡਾ. ਗੁਰਵਿੰਦਰ ਸਿੰਘ ਐਮ. ਡੀ.
* ਅਵਤਾਰ ਗਿੱਲ (ਕੈਨੇਡਾ)
* ਡਾ. ਪਵਿੱਤਰ ਅਮਰਗੜ੍ਹ
* ਰਘਵੀਰ ਬਿਲਾਸਪੁਰੀ (ਕੈਨੇਡਾ)



**ਦਰ ਚੰਦਾ**

| | |
|---|---|
| ਸਲਾਨਾ ਚੰਦਾ | 80/- |
| ਦੋ ਸਾਲਾਂ ਦਾ ਚੰਦਾ | 150/- |
| ਵਿਦੇਸ਼ਾਂ ਲਈ ਸਲਾਨਾ ਚੰਦਾ | 500/- |
| ਲਾਈਫ਼ ਮੈਂਬਰਸ਼ਿਪ | 1000/- |
| ਵਿਦੇਸ਼ਾਂ 'ਚ ਲਾਈਫ਼ ਮੈਂਬਰਸ਼ਿਪ | 5000/- |

**ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ :-**
ਅਮਿੱਤ ਮਿੱਤਰ
ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ,
ਗਲੀ ਨੰਬਰ 8, ਬਰਨਾਲਾ - 148101
(ਪੰਜਾਬ) ਫੋਨ : 01679-241744
Email : tarksheel@yahoo.com
Web site : www.tarksheel.com

***ਨੋਟ : ਸਿੱਖਿਆ ਵਿਭਾਗ ਵੱਲੋਂ 'ਵਿਗਿਆਨ ਜੋਤ' ਸਕੂਲਾਂ ਲਈ ਪ੍ਰਵਾਨਿਤ ਹੈ***
*ਮੈਗਜ਼ੀਨ 'ਵਿਗਿਆਨ ਜੋਤ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਹੁਕਮ ਨੰ: 4/2-2003 ਮਿਤੀ 2-5-2003 ਐਡੀਟਰ ਪੰਜਾਬੀ ਰਾਹੀਂ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨਿਤ ਹੈ।*



ਵਿਸ਼ੇਸ਼ ਨੋਟ : ਕਿਸੇ ਵੀ ਤਰ੍ਹਾਂ ਦਾ ਵਾਦ ਵਿਵਾਦ ਸਿਰਫ਼ ਬਰਨਾਲਾ ਦੀ ਅਦਾਲਤ ਵਿੱਚ ਨਜਿੱਠਿਆ ਜਾਏਗਾ।


## ਸੰਪਾਦਕੀ

# ਕੀ ਧਰਮ ਵਿਗਿਆਨ ਤੋਂ ਉੱਪਰ ਹੈ?

**'ਅਸੀਂ ਕਲਾਂ' ਦੇ ਇਕ ਵਿਅਕਤੀ ਗੁਣਹੀਣ ਨੇ 13 ਅਕਤੂਬਰ 2010 ਦੇ ਸਪੋਕਸਮੈਨ ਰਾਹੀ ਤਰਕਸ਼ੀਲਾਂ ਤੇ ਨਾਸਤਿਕਾਂ ਲਈ ਕਾਫ਼ੀ ਨੁਕਤੇ ਵੀ ਉਠਾਏ ਹਨ। ਮੈਂ ਉਸਨੂੰ ਫੋਨ ਕੀਤਾ ਤਾਂ ਪਤਾ ਲੱਗਿਆ ਕਿ ਉਸਨੇ ਬੀ. ਟੈਕ ਦੀ ਪੜ੍ਹਾਈ ਵੀ ਕੀਤੀ ਹੋਈ ਹੈ। ਇਸ ਨਾਲ ਮੈਨੂੰ ਹੋਰ ਵੀ ਅਫਸੋਸ ਹੋਇਆ ਕਿ ਇੱਕ ਵਿਗਿਆਨ ਪੜ੍ਹਿਆ ਵਿਅਕਤੀ ਲੋਕਾਂ ਨੂੰ ਗੈਰ ਵਿਗਿਆਨਕ ਸੋਚ ਰਾਹੀਂ ਗੁਮਰਾਹ ਕਰਨ ਦਾ ਯਤਨ ਕਰ ਰਿਹਾ ਹੈ। ਹੇਠਾਂ ਮੈਂ ਉਸ ਦੁਆਰਾ ਉਠਾਏ ਕੁਝ ਨੁਕਤਿਆਂ ਤੇ ਤਰਕਸ਼ੀਲ ਨਜ਼ਰੀਏ ਤੇ ਵਿਚਾਰ-ਚਰਚਾ ਕਰ ਰਿਹਾ ਹਾਂ।**

ਉਹ ਧਰਮ ਨੂੰ ਵਿਗਿਆਨ ਤੋਂ ਉੱਪਰ ਵਿਖਾਉਣ ਦਾ ਯਤਨ ਕਰਦਾ ਹੈ। ਅਸਲ ਵਿੱਚ ਇਹ ਅਸਲੀਅਤ ਨਹੀਂ। ਕੀ ਧਰਮ ਤੇ ਵਿਗਿਆਨ ਦਾ ਰਾਸਤਾ ਇਕੋ ਹੀ ਹੈ? ਸਮੁੱਚੇ ਬ੍ਰਹਿਮੰਡ ਵਿਚ ਅਰਬਾਂ ਰਹੱਸ ਹਨ। ਇੱਥੇ ਹਰ ਜਗ੍ਹਾ ਰਹੱਸਾਂ ਨਾਲ ਭਰਿਆ ਪਿਆ ਹੈ। ਵਿਗਿਆਨ ਇਨ੍ਹਾਂ ਰਹੱਸਾਂ ਤੋਂ ਪਰਦਾ ਉਠਾਉਣ ਦਾ ਯਤਨ ਕਰ ਰਿਹਾ ਹੈ ਅਤੇ ਬਹੁਤ ਸਾਰੇ ਰਹੱਸਾਂ ਤੋਂ ਪਰਦੇ ਲਾਹ ਵੀ ਦਿੱਤੇ ਗਏ ਹਨ। ਰਹਿੰਦਿਆਂ ਦੇ ਆਉਣ ਵਾਲੀਆਂ ਕੁਝ ਸਦੀਆਂ ਵਿਚ ਲਹਿ ਜਾਣੇ ਹਨ। ਇਹ ਤਾਂ ਵਿਗਿਆਨ ਦਾ ਰਾਸਤਾ ਹੈ।

ਪਰ ਧਰਮ ਦਾ ਰਸਤਾ ਲੋਕਾਂ ਦੇ ਸਿਰਾਂ ਤੇ ਠੀਕਰੇ ਮੂਧੇ ਮਾਰਨਾ ਹੈ।



ਉਹ ਕਿਸੇ ਕਿਸਮ ਦੇ ਰਹੱਸ ਤੋਂ ਪਰਦੇ ਲਾਉਣ ਦੇ ਵਿਰੋਧੀ ਹਨ। ਬਹੁਤ ਸਾਰੇ ਧਰਮਾਂ ਵਿੱਚ ਤਾਂ ਤਰਕਸ਼ੀਲਾਂ ਦੇ ਲਿਟਰੇਚਰ ਨੂੰ ਪੜ੍ਹਨ ਤੇ ਹੀ ਪਾਬੰਦੀ ਲਾਈ ਹੋਈ ਹੈ। ਸਲਮਾਨ ਰਸਦੀ ਅਤੇ ਤਸਲੀਮਾ ਵਰਗੇ ਤਰਕਸ਼ੀਲ ਲੇਖਕਾਂ ਦੀਆਂ ਕਿਤਾਬਾਂ ਉੱਤੇ ਪਾਬੰਦੀ ਇਸ ਗੱਲ ਦੀ ਪੁਸ਼ਟੀ ਕਰਦੀ ਹੈ। ਚਾਰਲਸ ਡਾਰਵਿਨ ਦੀ ਕਿਤਾਬ 'ਜੀਵਾਂ ਦੀ ਉਤਪਤੀ' ਲਗਭਗ ਅੱਸੀ ਵਰ੍ਹੇ ਇਸਾਈਆਂ ਵਲੋਂ ਪਾਬੰਦੀ ਦਾ ਸ਼ਿਕਾਰ ਰਹੀ ਹੈ।

ਪੰਜਾਬ ਦੀ ਅਕਾਲੀ ਬੀ. ਜੇ. ਪੀ. ਸਰਕਾਰ ਨੇ ਤਰਕਸ਼ੀਲ ਕਿਤਾਬਾਂ ਤੇ ਪਾਬੰਦੀ ਲਾਉਣ ਦਾ ਅਸਫਲ ਯਤਨ ਕੀਤਾ ਹੈ। ਵਿਗਿਆਨਕ ਖੋਜਾਂ ਕਰਨ ਵਾਲੇ ਵੀ ਧਾਰਮਿਕ ਆਗੂਆਂ ਦੇ ਤਸੀਹਿਆਂ ਦਾ ਸ਼ਿਕਾਰ ਹੁੰਦੇ ਰਹੇ ਹਨ। ਸਰੀਰ ਦੀ ਚੀਰ-ਫਾੜ ਵਿਗਿਆਨ ਦੇ ਮੋਢੀ ਵਾਸਲੀਅਸ ਨੂੰ ਆਪਣੀ ਮਾਂ ਦੇ ਮ੍ਰਿਤਕ ਸਰੀਰ ਦੀ ਚੀਰ-ਫਾੜ ਕਾਰਨ ਉਸਨੂੰ ਸਜਾ ਦੇ ਤੌਰ ਤੇ ਧਾਰਮਿਕ ਯਾਤਰਾ ਤੇ ਭੇਜ ਦਿੱਤਾ ਗਿਆ। ਜਿਸ ਕਾਰਨ ਉਸੇ ਯਾਤਰਾ ਦੌਰਾਨ ਉਸ ਦੀ ਮੌਤ ਹੋ ਗਈ। ਵਿਲੀਅਮ ਹਾਰਵੇ ਦਾ ਹਸਰ ਵੀ ਕਿਸੇ ਤੋਂ ਭੁੱਲਿਆ ਨਹੀਂ। ਕਦੇ ਸੁਕਰਾਤ ਨੂੰ ਜ਼ਹਿਰ ਦਾ ਪਿਆਲਾ ਭੇਂਟ ਕੀਤਾ ਜਾਂਦਾ ਹੈ। ਕਦੇ ਗਲੈਲੀਓ ਨੂੰ ਮੌਤ ਦੀ ਸਜਾ ਸੁਣਾਈ ਜਾਂਦੀ ਹੈ। ਇਹ ਕੋਈ ਇਕੱਲੀ ਜਾਂ ਦੋ ਘਟਨਾਵਾਂ ਦਾ ਸਿਲਸਿਲਾ ਨਹੀਂ। ਸਗੋਂ ਦੁਨੀਆਂ ਦਾ ਇਤਿਹਾਸ ਅਜਿਹੇ ਧਾਰਮਿਕ ਜ਼ੁਲਮਾਂ ਤੇ ਜਲੂਸਾਂ ਤੇ ਬੰਦਸਾਂ ਨਾਲ ਭਰਿਆ ਪਿਆ ਹੈ। ਜਿੰਨੀਆਂ ਲੜਾਈਆਂ ਧਰਮ ਦੇ ਨਾਂ ਤੇ ਲੜੀਆਂ ਗਈਆਂ ਤੇ ਮਾਰੇ ਗਏ ਵਿਅਕਤੀਆਂ ਦਾ ਜ਼ਿਕਰ ਅਜਿਹੇ ਲੇਖਕ ਕਦੇ ਨਹੀਂ ਕਰਦੇ ਅਤੇ ਨਾ ਹੀ ਕਰਨਗੇ। ਸੋ ਧਰਮ ਦਾ ਮੁਖ ਉਦੇਸ਼ ਮਨੁੱਖੀ ਤਰੱਕੀ ਦੇ ਰਾਹ ਵਿਚ ਰੋੜਾ ਬਣਨਾ ਹੈ ਅਤੇ ਵਿਗਿਆਨ ਦਾ ਰਾਸਤਾ ਸਮੁੱਚੀ ਮਨੁੱਖ ਜਾਤੀ ਨੂੰ ਆ ਰਹੀਆਂ ਸੱਮਸਿਆਵਾਂ ਨੂੰ

ਹੱਲ ਕਰਨਾ ਹੈ। ਅੱਜ ਜੋ ਸੁਖ ਸਹੂਲਤਾਂ ਮਨੁੱਖ ਜਾਤੀ ਮਾਨ ਰਹੀ ਹੈ ਉਹ ਇੱਕ ਸਦੀ ਪਹਿਲਾਂ ਮਹਾਰਾਜਾ ਪਟਿਆਲਾ ਦੇ ਬਜੁਰਗਾਂ ਕੋਲ ਵੀ ਨਹੀਂ ਸਨ। ਅੱਜ ਜੇ ਸਾਡੇ ਦੇਸ਼ ਦੇ ਬਹੁ ਸੰਮਤੀ ਲੋਕ ਗਰੀਬੀ ਤੋਂ ਹੇਠਾਂ ਜੀਵਨ ਬਸਰ ਕਰ ਰਹੇ ਹਨ ਤਾਂ ਉਨ੍ਹਾਂ ਦੇ ਪਛੜੇਪਣ ਦਾ ਕਾਰਨ ਵੀ ਜਦੋਂ ਫਰੋਲੇ ਜਾਣਗੇ ਤਾਂ ਧਰਮ ਦਾ ਰੋੜਾ ਹੀ ਇਨ੍ਹਾਂ ਪਿੱਛੇ ਇੱਕ ਕਾਰਨ ਹੋਵੇਗਾ।

**ਕੀ ਵਿਗਿਆਨ ਧਰਮ ਦੀ ਦੇਣ ਹੈ ਜਾਂ ਵਿਗਿਆਨ ਦਾ ਰਾਸਤਾ ਧਰਮ ਤੋਂ ਸ਼ੁਰੂ ਹੁੰਦਾ ਹੈ?**

ਇਹ ਅਸਲੀਅਤ ਹੈ ਕਿ ਦੁਨੀਆਂ ਦੀਆਂ ਬਹੁਤੀਆਂ ਪ੍ਰਾਚੀਨ ਖੋਜਾਂ ਬੋਧੀਆਂ ਦੀ ਧਰਤੀ ਤੇ ਹੋਈਆਂ ਸਨ ਕਿਉਂਕਿ ਇਨ੍ਹਾਂ ਦੇਸ਼ਾਂ ਵਿਚ ਬੁੱਧ ਧਰਮ ਭਾਰੂ ਰਿਹਾ ਹੈ ਅਤੇ ਬੁੱਧ ਧਰਮ ਦਾ ਯਕੀਨ ਰੱਬ ਵਿਚ ਨਹੀਂ ਹੈ। ਧਰਮ ਤਾਂ ਭੂਤਾਂ ਪ੍ਰੇਤਾਂ, ਕਰਾਮਾਤੀ ਸ਼ਕਤੀਆਂ, ਮੰਦਰਾਂ ਮਸਜਿਦਾਂ ਦੀ ਸ਼ਕਤੀ, ਆਤਮਾ, ਪ੍ਰਮਾਤਮਾ ਪੁਨਰ ਜਨਮ ਵਰਗੇ ਸਵਰਗਾਂ, ਨਰਕਾਂ, ਜਮਦੂਤਾਂ, ਜੂਨੀਆਂ, ਆਵਾਗਮਨ ਆਦਿ ਦੀਆਂ ਗੱਲਾਂ ਕਰਕੇ ਲੋਕਾਈ ਨੂੰ ਗੁੰਮਰਾਹ ਕਰਦਾ ਹੈ। ਇਸ ਲਈ ਨਾ ਤਾਂ ਵਿਗਿਆਨ ਦਾ ਕੋਈ ਰਾਸਤਾ ਧਰਮ ਤੋਂ ਨਿਕਲਦਾ ਹੈ ਤੇ ਨਾ ਹੀ ਧਰਮ ਤੋਂ ਸ਼ੁਰੂ ਹੁੰਦਾ ਹੈ। ਧਰਮ ਤਾਂ ਮਨੁੱਖ ਜਾਤੀ ਨੂੰ ਡੂੰਘੀਆਂ ਖੱਡਾਂ ਵਿਚ ਲਿਜਾਣ ਦਾ ਯਤਨ ਕਰਦਾ ਹੈ ਜਦ ਕਿ ਵਿਗਿਆਨਕ ਰਾਕਟਾਂ ਰਾਹੀ ਚੰਦਰਮਾ ਤਾਰਿਆਂ ਤੇ ਲੈ ਜਾਣ ਲਈ ਯਤਨਸ਼ੀਲ ਹੈ। ਮੈਂ ਇੱਕ ਤਰਕਸ਼ੀਲ ਹਾਂ ਜਿਸਨੇ ਲਗਭੱਗ ਸਾਰੀ ਜ਼ਿੰਦਗੀ ਕਿਸੇ ਧਰਮ ਤੋਂ ਬਗੈਰ ਪੂਰੀ ਵਧੀਆ ਢੰਗ ਨਾਲ ਲੰਘਾਈ ਹੈ। ਕੀ ਕੋਈ ਧਾਰਮਿਕ ਵਿਅਕਤੀ ਜਾਂ ਗੁਨਹੀਣ ਇਹ ਦਾਅਵਾ ਕਰ ਸਕਦਾ ਹੈ ਕਿ ਆਪਣੀ ਜ਼ਿੰਦਗੀ ਵਿਚ ਕਿਸੇ ਵੀ ਵਿਗਿਆਨਕ ਢੰਗ ਨਾਲ ਬਣੀ ਚੀਜ਼ ਦਾ ਇਸਤੇਮਾਲ ਨਹੀਂ ਕਰੇਗਾ। ਸੋ ਵਿਗਿਆਨ ਧਰਤੀ ਤੇ ਮੌਜੂਦ ਹਰੇਕ ਵਿਅਕਤੀ ਦੇ ਜੀਵਨ ਦਾ ਇੱਕ ਅੰਗ ਹੈ। ਪਰ ਦੁਨੀਆਂ ਦੀ ਅੱਧੀ ਆਬਾਦੀ ਧਰਮ ਤੋਂ ਬਗੈਰ ਜ਼ਿੰਦਗੀ ਜਿਉਂ ਰਹੀ ਹੈ। ਇਹ ਕਹਿਣਾ ਕਿ ਵਿਗਿਆਨ ਜਿਥੋਂ ਸ਼ੁਰੂ ਹੁੰਦਾ ਹੈ ਉਥੋਂ ਅਧਿਆਤਮ ਸ਼ੁਰੂ ਹੁੰਦਾ ਹੈ ਵੀ ਗਲਤ ਹੈ ਕਿਉਂਕਿ ਵਿਗਿਆਨ ਚੇਤਨਸ਼ੀਲ ਮਨਾਂ ਵਿਚ ਸਦਾ ਸੀ, ਸਦਾ ਹੈ, ਸਦਾ ਰਹੂਗਾ ਇਸਦਾ ਮਤਲਬ ਇਹ ਹੋਇਆ ਕਿ ਅਧਿਆਤਮ ਕਦੇ ਨਹੀਂ ਸੀ, ਨਾ ਹੈ, ਨਾ ਇਹ ਹੋਵੇਗਾ। ਅਸਲ ਵਿਚ ਦੁਨੀਆਂ ਤੇ ਮੌਜੂਦ ਪੂਰੀ ਖਲਕਤ ਦੋ ਭਾਗਾਂ ਵਿਚ ਵੰਡੀ ਹੋਈ ਹੈ, ਇਕ ਨੂੰ ਯਕੀਨ ਹੈ ਕਿ ਸਮੁੱਚੇ ਬ੍ਰਹਿਮੰਡ ਨੂੰ ਚਲਾਉਣ ਵਾਲੀ ਕਾਰਜ ਸ਼ਕਤੀ ਪ੍ਰਾਕ੍ਰਿਤਕ ਨਿਯਮ ਹਨ। ਦੂਜੀ ਨੂੰ ਯਕੀਨ ਹੈ ਕਿ ਅਦਿੱਖ ਸ਼ਕਤੀ ਇਸ ਬ੍ਰਹਿਮੰਡ ਨੂੰ ਚਲਾ ਰਹੀ ਹੈ ਜਿਸਨੂੰ ਪਾਠ ਪੂਜਾ ਰਾਹੀਂ ਆਪਣੇ ਵੱਸ ਵਿੱਚ ਕੀਤਾ ਜਾ ਸਕਦਾ ਹੈ ਜਾਂ ਜਿਸਦਾ ਉਪਰੋਕਤ ਢੰਗ ਨਾਲ ਥਾਹ ਪਾਇਆ ਜਾ ਸਕਦਾ ਹੈ।

**ਕੀ ਖੋਜਾਂ ਧਾਰਮਿਕ ਗ੍ਰੰਥਾਂ ਵਿਚ ਪਹਿਲਾ ਹੀ ਦਰਜ ਹੁੰਦੀਆਂ ਹਨ?**

ਹਰ ਧਰਮ ਦਾ ਇੱਕ ਸਾਂਝਾ ਗੁਣ ਹੁੰਦਾ ਹੈ। ਉਹ ਦਾਅਵੇ ਕਰਦੇ ਹਨ ਕਿ ਦੁਨੀਆਂ ਦੀ ਹਰ ਖੋਜ ਉਨ੍ਹਾਂ ਦੇ ਧਾਰਮਿਕ ਗ੍ਰੰਥ ਵਿਚ ਪਹਿਲਾਂ ਹੀ ਦਰਜ ਹੈ। ਜੇ ਇਹ ਹੁੰਦਾ ਤਾਂ ਦੁਨੀਆਂ ਦੇ ਵੱਡੇ ਵੱਡੇ ਧਾਰਮਿਕ ਪੁਜਾਰੀਆਂ ਨੇ ਹੀ ਇਹ ਖੋਜਾਂ ਕੀਤੀਆਂ ਹੁੰਦੀਆਂ। ਧਰਮਾਂ ਦੇ ਗ੍ਰੰਥ ਪੰਜ ਹਜ਼ਾਰ ਸਾਲ ਪਹਿਲਾਂ ਤੋਂ ਇਥੇ ਮੌਜੂਦ ਹਨ। ਕਰੋੜਾਂ ਲੋਕ ਹਰ ਸਾਲ ਪਲੇਗ ਤੇ ਟੀ. ਬੀ. ਵਰਗੀਆਂ ਬਿਮਾਰੀਆਂ ਨਾਲ ਮਰਦੇ ਰਹੇ। ਕੀ ਸਾਡੇ ਧਾਰਮਿਕ ਆਗੂਆਂ ਨੇ ਉਨ੍ਹਾਂ ਗ੍ਰੰਥਾਂ ਵਿਚੋਂ ਦਵਾਈਆਂ ਲੱਭ ਕੇ ਉਨ੍ਹਾਂ ਲੋਕਾਂ ਨੂੰ ਬਚਾਉਣ ਦੇ ਕੋਈ ਯਤਨ ਕੀਤੇ? 1935 ਵਿਚ ਭਾਰਤੀਆਂ ਦੀ ਔਸਤ ਉਮਰ 35 ਵਰ੍ਹੇ ਹੀ ਸੀ, ਜੇ ਅੱਜ ਇਹ 68 ਵਰ੍ਹਿਆਂ ਨੂੰ ਪੁੱਜ ਗਈ ਹੈ ਇਹ ਵਿਗਿਆਨਕ ਖੋਜਾਂ ਨਾਲ ਸੰਭਵ ਹੋਇਆ ਹੈ ਨਾ ਕਿ ਧਾਰਮਿਕ ਬੰਦਸਾਂ ਜਾਂ ਰਹੁ ਰੀਤਾਂ ਨਾਲ?

**ਕੀ ਮਨੁੱਖ ਨੂੰ ਮਰਨ ਕਿਨਾਰੇ ਪੁੱਜ ਕੇ ਪ੍ਰਮਾਤਮਾ ਦੇ ਦਰਸ਼ਨ ਹੋਣੇ ਸ਼ੁਰੂ ਹੋ ਜਾਂਦੇ ਹਨ?**

ਮਨੁੱਖੀ ਮਨ ਹਮੇਸ਼ਾ ਹੀ ਕਲਪਨਾਸ਼ੀਲ ਰਹਿੰਦਾ ਹੈ। ਕੱਚੀ ਨੀਂਦ ਵਿਚ ਕੀਤੀਆਂ ਕਲਪਨਾਵਾਂ ਸੁਪਨੇ ਬਣ ਜਾਂਦੀਆਂ ਹਨ। ਮਰਨ ਕਿਨਾਰੇ ਜਦੋਂ ਪੁੱਜ ਜਾਂਦਾ ਹੈ ਤਾਂ ਉਸਨੂੰ ਕੁਝ ਧੁੰਦਲੀਆਂ ਕਲਪਨਾਵਾਂ ਨਜ਼ਰ ਆਉਣੀਆਂ ਸ਼ੁਰੂ ਹੋ ਸਕਦੀਆਂ ਹਨ ਪਰ ਇਹ ਹਕੀਕਤਾਂ ਨਹੀਂ ਹੁੰਦੀਆਂ ਧਾਰਮਿਕ ਵਿਅਕਤੀ ਇਸਨੂੰ ਪ੍ਰਮਾਤਮਾ ਦੇ ਦਰਸ਼ਨ ਸਮਝ ਲੈਂਦੇ ਹਨ। ਨਾਸਤਿਕਾਂ ਤੇ ਤਰਕਸ਼ੀਲਾਂ ਲਈ ਇਹ ਦ੍ਰਿਸ਼ਟੀ ਭਰਮ ਹੁੰਦੇ ਹਨ। ਅਜਿਹਾ ਸਭ ਕੁਝ ਨਸ਼ੇ ਦੀ ਹਾਲਤ ਵਿਚ ਵੀ ਹੋ ਜਾਂਦਾ ਹੈ। ਸੁੱਖੇ ਵਾਲੇ ਪਕੌੜੇ ਖਾਹ ਕੇ ਕਿਸੇ ਵਿਅਕਤੀ ਨੂੰ ਆਪਣਾ ਸਰੀਰ ਹਵਾ ਵਿਚ ਉੱਡਦਾ ਨਜ਼ਰ ਆ ਸਕਦਾ ਹੈ ਪਰ ਕੀ ਤੁਸੀਂ ਕਿਸੇ ਨਸ਼ਈ ਵਿਅਕਤੀ ਨੂੰ ਉਡਾਰੀ ਮਾਰਦੇ ਵੇਖਿਆ ਹੈ।

**ਘਟਨਾਵਾਂ ਸਿਰਫ਼ ਨੰਗੀ ਅੱਖ ਨਾਲ ਹੀ ਵੇਖੀਆਂ ਜਾ ਸਕਦੀਆਂ ਹਨ?**

ਧਰਤੀ ਤੇ ਬਹੁਤ ਸਾਰੀਆਂ ਘਟਨਾਵਾਂ ਅਜਿਹੀਆਂ ਹਨ ਜਿਨ੍ਹਾਂ ਨੂੰ ਮਾਪਣ ਲਈ ਜਾਂ ਵੇਖਣ ਲਈ ਯੰਤਰਾਂ ਦੀ ਲੋੜ ਪੈਂਦੀ ਹੈ। ਕੋਈ ਮਾਈਕਰੋਸਕੋਪ ਨਾਲ ਵੇਖੀ ਜਾ ਸਕਦੀ ਹੈ ਕੋਈ ਇਲੈਕਟਰੋਨਿਕ ਮਾਈਕਰੋਸਕੋਪ ਨਾਲ ਵੇਖੀ ਜਾ ਸਕਦੀ ਹੈ ਕਿਸੇ ਨੂੰ ਵੇਖਣ ਲਈ ਟੈਲੀਸਕੋਪ ਦੀ ਵਰਤੋਂ ਜਾਂਦੀ ਹੈ। ਕਿਸੇ ਨੂੰ ਤਾਪਮਾਨ ਦੀ ਘਾਟ ਵਾਧ ਨਾਲ ਕਿਸੇ ਨੂੰ ਕਿਰਨਾਂ ਰਾਹੀ ਵੇਖਿਆ ਜਾ ਸਕਦਾ ਹੈ। ਕੁਝ ਨੂੰ ਵੇਖਣ ਲਈ ਅਜੇ ਤੱਕ ਯੰਤਰ ਵੀ ਨਾ ਬਣੇ ਹੋਣ। ਇਸ ਤਰ੍ਹਾਂ ਇਨ੍ਹਾਂ ਵੱਖ ਵੱਖ ਢੰਗਾਂ ਰਾਹੀ ਚੀਜ਼ਾਂ ਵੇਖੀਆਂ ਜਾਂ ਮਹਿਸੂਸ ਕੀਤੀਆਂ ਜਾ ਸਕਦੀਆਂ ਹਨ ਪਰ ਜਿਸ ਢੰਗ ਨਾਲ ਪ੍ਰਮਾਤਮਾ ਨੂੰ ਮਹਿਸੂਸ ਕਰਨ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ ਉਹ ਗਲਤ ਹੈ। ਮੈਂ ਦੁਨੀਆਂ ਦੇ ਵੱਖ ਵੱਖ ਦੇਸ਼ਾਂ ਵਿਚ 40-40 ਜਾਂ 50-50 ਸਾਲ ਭਗਤੀ ਕਰਨ ਵਾਲੇ ਮਨੁੱਖਾਂ ਨੂੰ ਮਿਲਿਆ ਹਾਂ ਸਭ ਦਾ ਇਕਬਾਲ ਕਿ ਅਜੇ ਤੱਕ ਪ੍ਰਮਾਤਮਾ ਦੇ ਦਰਸ਼ਨ ਉਨ੍ਹਾਂ ਨੂੰ ਨਹੀਂ ਹੋਏ। ਜੇ ਕਿਸੇ ਨੂੰ ਇਹ ਹੋ ਵੀ ਜਾਣ ਤਾਂ ਵੀ ਇਹ ਹਕੀਕਤ ਨਹੀਂ ਹੋਵੇਗੀ ਕਿਉਂਕਿ ਸਭ ਦਾ ਉਸ ਬਾਰੇ ਵਰਨਣ ਵੱਖ ਵੱਖ ਹੋਵੇਗਾ ਪਰ ਜੇ ਉਹ ਸੱਚੀ ਮੁੱਚੀ ਹੋਵੇਗਾ ਤਾਂ ਉਸਦਾ ਅਕਾਰ ਰੰਗ ਰੂਪ ਸਭ ਧਰਮਾਂ ਵਾਲਿਆਂ ਨੂੰ ਇਕੋ ਜਿਹਾ ਹੀ ਨਜ਼ਰ ਆਵੇਗਾ ਵੱਖ ਵੱਖ ਨਹੀਂ। ਕੀ ਧਰਮ ਨੇ ਮਨੁੱਖੀ ਜੀਵਨ ਨੂੰ ਅਨੁਸ਼ਾਸਨਬੱਧ ਕੀਤਾ ਹੈ।

ਅੱਜ ਦੁਨੀਆਂ ਦੇ ਸਭ ਤੋਂ ਵੱਧ ਧਰਮ ਅਤੇ ਉਨ੍ਹਾਂ ਨੂੰ ਮੰਨਣ ਵਾਲੇ ਸਾਡੇ ਦੇਸ਼ ਵਿਚ ਹਨ। ਫਿਰ ਤਾਂ ਸਭ ਤੋਂ ਵੱਧ ਅਨੁਸ਼ਾਸਣ ਸਾਡੇ ਦੇਸ਼ ਵਿਚ ਹੀ ਹੋਣਾ ਚਾਹੀਦਾ ਸੀ ਪਰ ਹਕੀਕਤ ਇਸ ਤੋਂ ਉਲਟ ਹੈ ਅੱਜ ਸਾਡੇ ਦੇਸ਼ ਵਿਚ ਸਭ ਤੋਂ ਵੱਧ ਰਿਸ਼ਵਤਖੋਰੀ, ਚੋਰੀ, ਡਾਕੇ, ਬਿਮਾਰੀਆਂ, ਦੁਰਘਟਨਾਵਾਂ, ਕੀ ਧਰਮ ਦੇ ਅਨੁਸ਼ਾਸਣ ਕਰਕੇ ਹੀ ਹਨ? ਅੱਜ ਇਹ ਗੱਲ ਸਥਾਪਤ ਹੋ ਚੁੱਕੀ ਹੈ ਕਿ ਜਿਹੜੇ ਦੇਸ਼ਾਂ ਵਿਚ ਜ਼ਿਆਦਾ ਲੋਕ ਤਰਕਸ਼ੀਲ ਜਾਂ ਨਾਸਤਿਕ ਹਨ ਉਹ ਜ਼ਿਆਦਾ ਸ਼ਾਂਤ ਹਨ।

ਸੋ ਜਿਹੜੀਆਂ ਗੱਲਾਂ ਕਰਕੇ ਗੁਨਹੀਣ ਜੀ ਨੇ ਧਰਮਾਂ ਦਾ ਗੁਣਗਾਨ ਕੀਤਾ ਹੈ ਮੈਨੂੰ ਤਾਂ ਤਸਵੀਰ ਉਸਦੇ ਉਲਟ ਨਜ਼ਰ ਆਉਂਦੀ ਹੈ।

***- ਮੇਘ ਰਾਜ ਮਿੱਤਰ***



# ਮਹਾਨ ਵਿਗਿਆਨੀ

# ਆਰਕੀਮੀਡਜ਼

(282–212 ਬੀ. ਸੀ.)

## ਸੋਨੇ ਵਿਚਲੀ ਮਿਲਾਵਟ ਬਾਰੇ ਜਾਨਣ ਦਾ ਤਰੀਕਾ ਖੋਜਣ ਵਾਲਾ ਗਣਿਤ ਸ਼ਾਸ਼ਤਰੀ।

ਡਾ. ਜਤਿੰਦਰਪਾਲ ਸਿੰਘ

ਬੇਸ਼ੱਕ ਅੱਜ ਦੋ ਹਜ਼ਾਰ ਸਾਲ ਬੀਤ ਗਏ ਹਨ ਪਰ ਆਰਕੀਮੀਡਜ਼ ਨੂੰ ਵਿਗਿਆਨ ਦੇ ਖੇਤਰ ਵਿੱਚ ਅੱਜ ਵੀ ਯਾਦ ਕੀਤਾ ਜਾਂਦਾ ਹੈ। ਵਿਗਿਆਨ ਦਾ ਸ਼ਾਇਦ ਹੀ ਕੋਈ ਵਿਦਿਆਰਥੀ ਹੋਵੇ ਜਿਸ ਨੇ ਆਰਕੀਮੀਡਜ਼ ਬਾਰੇ ਨਾ ਸੁਣਿਆ ਹੋਵੇ। ਆਰਕੀਮੀਡਜ਼ ਦਾ ਜਨਮ ਈਸਾ ਤੋਂ 287 ਵਰ੍ਹੇ ਪਹਿਲਾਂ ਸਿਸਲੀ ਦੇ ਸਾਈਰੇਕੁਸ ਵਿੱਚ ਹੋਇਆ। ਉਸ ਦਾ ਪਿਤਾ ਅਲੈਗਜੈਂਡਰੀਆ ਦਾ ਮੰਨਿਆਂ ਪ੍ਰਮੰਨਿਆਂ ਖਗੋਲ ਵਿਗਿਆਨੀ ਸੀ। ਆਰਕੀਮੀਡਜ਼ ਨੇ ਆਪਣੀ ਮੁੱਢਲੀ ਪੜ੍ਹਾਈ ਅਲੈਗਜੈਂਡਰੀਆ ਦੇ ਗਣਿਤ ਸਕੂਲ ਵਿੱਚੋਂ ਪਾਸ ਕੀਤੀ। ਆਰਕੀਮੀਡਜ਼ ਇੱਕ ਉੱਚ ਕੋਟੀ ਦਾ ਫ਼ਿਲਾਸਫਰ, ਗਣਿਤ ਵਿਗਿਆਨੀ, ਕਾਢਕਾਰ ਅਤੇ ਇੰਜੀਨੀਅਰ ਸੀ। ਆਰਕੀਮੀਡਜ਼ ਦੇ ਜੀਵਨ ਬਾਰੇ ਸਾਨੂੰ ਕੋਈ ਬਹੁਤ ਜਾਣਕਾਰੀ ਉਪਲਬਧ ਨਹੀਂ ਹੁੰਦੀ। ਕਿਹਾ ਜਾਂਦਾ ਹੈ ਕਿ ਉਸ ਦੇ ਇੱਕ ਦੋਸਤ ਹਰਕਲੀਡਜ਼ ਨੇ ਉਸ ਦੀ ਜੀਵਨੀ ਨੂੰ ਕਲਮਬੰਦ ਕੀਤਾ ਸੀ ਪਰ ਇਹ ਲਿਖਤ ਇਤਿਹਾਸ ਦੀਆਂ ਪਰਤਾਂ ਵਿੱਚ ਕਿਧਰੇ ਗਵਾਚ ਗਈ। ਇਸ ਲਿਖਤ ਦੇ ਨਸ਼ਟ ਹੋ ਜਾਣ ਨਾਲ ਅਸੀਂ ਆਰਕੀਮੀਡਜ਼ ਦੇ ਜੀਵਨ ਬਾਰੇ ਬਹੁਤ ਕੁਝ ਜਾਨਣ ਤੋਂ ਅਨਜਾਨ ਹੋ ਕੇ ਰਹਿ ਗਏ।

ਆਰਕੀਮੀਡਜ਼ ਦੇ ਕੰਮ ਕਰਨ ਦਾ ਇੱਕ ਨਿਵੇਕਲਾ ਜਿਹਾ ਢੰਗ ਸੀ। ਉਸ ਦਾ ਖੋਜ ਕਰਨ ਦਾ ਤਰੀਕਾ ਪ੍ਰਸਿੱਧ ਵਿਗਿਆਨੀ ਸਰ ਆਈਜ਼ਕ ਨਿਊਟਨ ਨਾਲ ਮਿਲਦਾ-ਜੁਲਦਾ ਸੀ ਕਿਉਂਕਿ ਉਹ ਭੌਤਿਕ ਵਸਤਾਂ ਦੇ ਸੰਸਾਰ ਨੂੰ ਖੋਜਣ ਲੱਗਿਆਂ ਗਿਣਤੀ ਸਿਧਾਂਤਾਂ ਨੂੰ ਵਰਤਦਾ ਸੀ। ਆਰਕੀਮੀਡਜ਼ ਦੀ ਮੁੱਢਲੀ ਪ੍ਰਾਪਤੀ ਸੀ ਕਿਸੇ ਚੱਕਰ ਜਾਂ ਸਿਲੰਡਰ ਦਾ ਖੇਤਰਫਲ ਅਤੇ ਘਣਫਲ ਮਾਪਣ ਲਈ ਫਾਰਮੂਲਾ ਤਿਆਰ ਕਰਨਾ। ਆਰਕੀਮੀਡਜ਼ ਨੂੰ ਇਸ ਗੱਲ ਦਾ ਸਿਹਰਾ ਬੱਝਦਾ ਹੈ ਕਿ ਉਸਨੇ ਬਹੁਤ ਸਾਰੀਆਂ ਅਜਿਹੀਆਂ ਖੋਜਾਂ ਕੀਤੀਆਂ ਜਿਹੜੀਆਂ ਮਨੁੱਖੀ ਗਿਆਨ ਵਿੱਚ ਵਾਧਾ ਕਰਨ ਦੇ ਨਾਲ-ਨਾਲ ਰੋਜ਼ਾਨਾ ਜੀਵਨ ਵਿੱਚ ਉਪਯੋਗੀ ਸਿੱਧ ਹੋਈਆਂ ਹਨ। ਆਪਣੇ ਸਮਕਾਲੀ ਹੋਰਨਾਂ ਯੂਨਾਨੀ ਫਿਲਾਸਫਰਾਂ ਨਾਲੋਂ ਉਲਟ ਆਰਕੀਮੀਡਜ਼ ਆਪਣੀਆਂ ਖੋਜਾਂ ਨੂੰ ਪ੍ਰਯੋਗੀ ਰੂਪ ਵੀ ਆਪ ਹੀ ਦਿੰਦਾ ਸੀ। ਉਸ ਵੱਲੋਂ ਤਿਆਰ ਕੀਤਾ 'ਆਰਕੀਮੀਡਜ਼ ਪੇਚ' ਬਹੁਤ ਉਪਯੋਗੀ ਸਿੱਧ ਹੋਇਆ। ਉਸਨੇ ਦੱਸਿਆ ਕਿ ਇਸ ਪੇਚ ਦੀ ਮਦਦ ਨਾਲ ਅਸੀਂ ਖੇਤਾਂ ਲਈ ਸਿੰਚਾਈ ਕਰਨ ਵਾਲੇ ਪਾਣੀ ਦਾ ਪੱਧਰ ਉੱਚਾ ਕਰ ਸਕਦੇ ਹਾਂ।

ਇਸ ਮਹਾਨ ਵਿਗਿਆਨੀ ਨੇ ਗਣਿਤ ਬਾਰੇ ਕਈ ਪੁਸਤਕਾਂ ਲਿਖੀਆਂ। ਉਸ ਨੇ ਅਜਿਹੀਆਂ ਗੇਂਦਾਂ ਜਾਂ ਸਪਰਿੰਗ ਜਿਹੜੇ ਪੂਰੀ ਤਰ੍ਹਾਂ ਗੋਲਾਕਾਰ ਨਹੀਂ ਹੁੰਦੇ, ਬਾਰੇ ਵੀ ਕਈ ਗਣਿਤੀ ਸਮੀਕਰਨਾਂ ਦਿੱਤੀਆਂ। ਆਰਕੀਮੀਡਜ਼ ਵੱਲੋਂ ਜਿਊਮੈਟਰੀ ਦੇ ਖੇਤਰ ਵਿੱਚ ਕੀਤੀਆਂ ਖੋਜਾਂ ਲਾਮਿਸਾਲ ਹਨ। ਉਸ ਵਲੋਂ ਕੀਤੀਆਂ ਖੋਜਾਂ 2000 ਵਰ੍ਹੇ ਬਾਅਦ ਅੱਜ ਵੀ ਸਾਨੂੰ ਪ੍ਰਵਾਨਿਤ ਹਨ। ਇਸ ਦੇ ਪਿੱਛੇ ਇੱਕੋ-ਇੱਕ ਰਾਜ ਛੁਪਿਆ ਹੈ ਕਿ ਉਹ ਹਮੇਸ਼ਾ ਆਪਣੀਆਂ ਖੋਜਾਂ ਨੂੰ ਪ੍ਰਯੋਗੀ ਰੂਪ ਵਿੱਚ ਪਰਖਦਾ ਸੀ। ਆਪਣੀਆਂ ਖੋਜਾਂ ਪ੍ਰਤੀ ਸੰਜੀਦਗੀ ਦੀ ਝਲਕ ਉਸ ਦੀਆਂ ਗੱਲਾਂ ਵਿੱਚੋਂ ਹੀ ਮਿਲਦੀ ਹੈ। ਇਸੇ ਦੀ ਇੱਕ ਉਦਾਹਰਨ ਹੈ ਕਿ ਇੱਕ ਵਾਰ ਉਸ ਨੂੰ ਆਪਣਾ ਖੋਜਿਆ ਜਿਊਮੈਟਰੀ ਦਾ ਫਾਰਮੂਲਾ ਇੰਨਾਂ ਪਸੰਦ ਆ ਗਿਆ ਕਿ ਉਸਨੇ ਕਿਹਾ ਕਿ 'ਮੇਰੇ ਮਕਬਰੇ ਉਪਰ ਇਸ ਫਾਰਮੂਲੇ ਨੂੰ ਜ਼ਰੂਰ ਲਿਖ ਦੇਣਾ।'

ਆਪਣੇ 'ਲੀਵਰ ਦੇ ਸਿਧਾਂਤ' ਲਈ ਆਰਕੀਮੀਡਜ਼ ਬਹੁਤ ਪ੍ਰਸਿੱਧ ਹੈ। ਪੁਲੀ ਅਤੇ ਲੀਵਰ ਦੀ ਖੋਜ ਦਾ ਸਿਹਰਾ ਆਰਕੀਮੀਡਜ਼ ਦੇ ਸਿਰ ਹੀ ਬੱਝਦਾ ਹੈ। ਇੱਕ ਵਿਸ਼ਾਲ ਇਕੱਠ ਦੇ ਸਾਹਮਣੇ ਉਸਨੇ ਇੱਕ ਲੀਵਰ ਅਤੇ ਪੁਲੀ ਨੂੰ ਵਰਤਦੇ ਹੋਏ ਸਮੁੰਦਰ ਵਿੱਚੋਂ ਜਹਾਜ਼ ਨੂੰ ਖਿੱਚ ਕੇ ਕਿਨਾਰੇ ਤੱਕ ਲਿਆ ਕੇ ਦਿਖਾਇਆ। ਲੀਵਰ ਅਤੇ ਪੁਲੀ ਦੀ ਮਦਦ ਨਾਲ ਉਹ ਬਹੁਤ ਜ਼ਿਆਦਾ ਭਾਰ ਨੂੰ ਥੋੜੀ ਸ਼ਕਤੀ ਨਾਲ ਹੀ ਹਿਲਾ ਦਿੰਦਾ ਸੀ। ਦੇਖਣ ਵਾਲੇ ਲੋਕ ਬਹੁਤ ਹੈਰਾਨ ਹੋ ਜਾਂਦੇ ਅਤੇ ਉਹ ਸਮਝਦੇ ਸਨ ਕਿ ਆਰਕੀਮੀਡਜ਼ ਦੇ ਕੋਲ ਰੂਹਾਨੀ ਸ਼ਕਤੀ ਜ਼ਰੂਰ ਹੈ ਜਿਸ ਦੀ ਮਦਦ ਨਾਲ ਉਹ ਅਜਿਹੇ ਕਾਰਨਾਮੇ ਦਿਖਾਉਂਦਾ ਹੈ। ਪ੍ਰੰਤੂ ਅੱਜ ਅਸੀਂ ਜਾਣਦੇ ਹਾਂ ਕਿ ਲੀਵਰ ਅਤੇ ਪੁਲੀ ਦੀ ਵਰਤੋਂ ਨਾਲ ਅਸੀਂ ਭਾਰੀ ਤੋਂ ਭਾਰੀ ਵਸਤੂ ਨੂੰ ਘੱਟ ਜ਼ੋਰ ਲਗਾ ਕੇ ਖਿੱਚ ਸਕਦੇ ਹਾਂ। ਆਰਕੀਮੀਡਜ਼ ਇੱਕ ਪੁਲੀ ਅਤੇ ਲੀਵਰ ਨੂੰ ਵਰਤ ਕੇ ਭਾਰੀਆਂ ਵਸਤੂਆਂ ਨੂੰ ਖਿੱਚਦਾ ਸੀ ਪਰ ਫਰਕ ਸਿਰਫ ਇਤਨਾ ਸੀ ਕਿ ਉਸ ਸਮੇਂ ਲੋਕਾਂ ਨੂੰ ਲੀਵਰ ਅਤੇ ਪੁਲੀ ਬਾਰੇ ਗਿਆਨ ਨਹੀਂ ਸੀ। ਆਰਕੀਮੀਡਜ਼ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਸੀ ਕਿ ਜੇਕਰ ਉਸ ਕੋਲ ਖੜ੍ਹੇ ਹੋਣ ਲਈ ਪੁਲਾੜ ਵਿਚ ਇਕ ਖਾਸ ਜਗ੍ਹਾ ਹੋਵੇ ਅਤੇ ਇਕ ਬਹੁਤ ਲੰਬੀ ਮਜ਼ਬੂਤ ਲੋਹੇ ਦੀ ਛੜੀ ਹੋਵੇ ਤਾਂ ਉਹ ਲੀਵਰ ਦੀ ਮਦਦ ਨਾਲ ਧਰਤੀ ਨੂੰ ਹਿਲਾ ਕੇ ਦਿਖਾ ਸਕਦਾ ਹੈ।

ਆਰਕੀਮੀਡਜ਼ ਦੇ ਲੀਵਰ ਦੇ ਸਿਧਾਂਤ ਬਾਰੇ ਸਾਈਰੇਕੁਸ ਦੇ ਰਾਜੇ ਹਾਈਰੋਨ ਨੇ ਕਾਫੀ ਸੁਣਿਆ ਸੀ। ਰਾਜੇ ਨੇ ਆਰਕੀਮੀਡਜ਼ ਨੂੰ ਕਿਹਾ ਕਿ ਉਹ ਇਸ ਸਿਧਾਂਤ ਬਾਰੇ ਜਾਣਨਾ ਚਾਹੁੰਦਾ ਹੈ। ਆਰਕੀਮੀਡਜ਼ ਨੇ ਰਾਜੇ ਹਾਈਰੋਨ ਨੂੰ ਸਮੁੰਦਰ ਦੇ ਕੰਢੇ ਪਹੁੰਚਣ ਲਈ ਕਿਹਾ। ਉਸਨੇ ਕਈ ਪੁਲੀਆਂ ਉਪਰੋਂ ਇੱਕ ਮੋਟੀ ਰੱਸੀ ਚੜ੍ਹਾ ਕੇ ਸਮੁੰਦਰੀ ਜਹਾਜ਼ ਨਾਲ ਬੰਨ੍ਹ ਦਿੱਤੀ। ਰੱਸੀ ਦਾ ਦੂਸਰਾ ਸਿਰਾ ਰਾਜੇ ਦੇ ਹੱਥ ਵਿੱਚ ਫੜਾ ਦਿੱਤਾ ਗਿਆ। ਆਰਕੀਮੀਡਜ਼ ਨੇ ਰਾਜੇ ਨੂੰ ਕਿਹਾ ਕਿ ਉਹ ਰੱਸੀ ਨੂੰ ਆਰਾਮ ਨਾਲ ਖਿੱਚੇ। ਜਦੋਂ ਰਾਜੇ ਨੇ ਰੱਸੀ ਖਿੱਚੀ ਤਾਂ ਸਮੁੰਦਰ ਵਿੱਚ ਖੜ੍ਹਾ ਜ਼ਹਾਜ਼ ਪਾਣੀ ਵਿੱਚੋਂ ਉਪਰ ਉਠਣ ਲੱਗਾ। ਇਹ ਦ੍ਰਿਸ਼ ਦੇਖ ਕੇ ਰਾਜਾ ਹੈਰਾਨ ਹੋ ਗਿਆ। ਆਰਕੀਮੀਡਜ਼ ਨੇ ਦੱਸਿਆ ਕਿ ਇਸਦੇ ਪਿੱਛੇ ਕੋਈ ਜਾਦੂ ਨਹੀਂ ਬਲਕਿ ਇਹ 'ਲੀਵਰ ਅਤੇ ਪੁਲੀ ਦਾ ਸਿਧਾਂਤ'

ਹੈ। ਆਪਣੇ ਖੁੱਲੇ ਹੋਏ ਮੂੰਹਾਂ ਵਿੱਚ ਉਂਗਲੀਆਂ ਪਾ ਕੇ ਹੈਰਾਨ ਹੋ ਰਹੇ ਲੋਕਾਂ ਦੇ ਇਕੱਠ ਲਈ ਇਹ ਦ੍ਰਿਸ਼ਟਾਂਤ ਬਹੁਤ ਹੀ ਆਚੰਭਾਜ਼ਨਕ ਸੀ।

ਇਸ ਮਹਾਨ ਵਿਗਿਆਨੀ ਦੁਆਰਾ ਕੀਤੀਆਂ ਖੋਜਾਂ ਵਿੱਚੋਂ ਸਭ ਤੋਂ ਮਹੱਤਵਪੂਰਨ ਹੈ, 'ਸੋਨੇ ਵਿੱਚਲੀ ਮਿਲਾਵਟ ਬਾਰੇ ਜਾਨਣ ਦੇ ਤਰੀਕੇ ਬਾਰੇ ਖੋਜਣਾ।' ਇਹ ਕਿਹਾ ਜਾਂਦਾ ਹੈ ਕਿ ਸਾਈਰੇਕੁਇਸ ਦਾ ਰਾਜਾ ਹਾਈਰੋਨ ਇੱਕ ਧਾਰਮਿਕ ਪ੍ਰਵਿਰਤੀ ਵਾਲਾ ਇਨਸਾਨ ਸੀ। ਉਹ ਆਪਣੀ ਜਿੱਤ ਦੀ ਖੁਸ਼ੀ ਮਨਾਉਣ ਲਈ ਦੇਵਤਿਆਂ ਨੂੰ ਕਈ ਤੋਹਫ਼ੇ ਭੇਟ ਕਰਦਾ ਸੀ। ਇੱਕ ਵਾਰ ਉਸ ਰਾਜੇ ਨੇ ਆਪਣੀ ਜਿੱਤ ਦੀ ਖੁਸ਼ੀ ਵਿੱਚ ਇੱਕ ਸੁਨਿਆਰ ਤੋਂ ਸ਼ੁੱਧ ਸੋਨੇ ਦਾ ਮੁਕਟ ਤਿਆਰ ਕਰਵਾ ਕੇ ਦੇਵਤਿਆਂ ਨੂੰ ਭੇਟ ਕਰਨ ਬਾਰੇ ਸੋਚਿਆ। ਉਸਨੇ ਸੁਨਿਆਰ ਨੂੰ ਬੁਲਾ ਕੇ ਸ਼ੁੱਧ ਸੋਨਾ ਦੇ ਕੇ ਕਿਹਾ ਕਿ ਇੱਕ ਸੁੰਦਰ ਮੁਕਟ ਤਿਆਰ ਕਰਨਾ ਹੈ। ਰਾਜੇ ਨੇ ਇਹ ਵੀ ਇੱਛਾ ਜ਼ਾਹਿਰ ਕੀਤੀ ਕਿ ਇਹ ਮੁਕਟ ਬਿਲਕੁਲ ਸ਼ੁੱਧ ਸੋਨੇ ਦਾ ਹੋਣਾ ਚਾਹੀਦਾ ਹੈ। ਸੁਨਿਆਰ ਨੇ ਸੋਨੇ ਦਾ ਮੁਕਟ ਤਿਆਰ ਕੀਤਾ ਅਤੇ ਉਹ ਇਸ ਨੂੰ ਲੈ ਕੇ ਰਾਜੇ ਦੇ ਦਰਬਾਰ ਵਿੱਚ ਪਹੁੰਚ ਗਿਆ। ਰਾਜੇ ਦੇ ਮਨ ਵਿੱਚ ਸ਼ੰਕਾ ਪੈਦਾ ਹੋ ਗਈ ਕਿ ਸੁਨਿਆਰ ਨੇ ਇਸ ਮੁਕਟ ਵਿੱਚ ਚਾਂਦੀ ਨਾ ਮਿਲਾ ਦਿੱਤੀ ਹੋਵੇ। ਮੁਕਟ ਦੇਖਣ ਨੂੰ ਬਹੁਤ ਹੀ ਸੁੰਦਰ ਲੱਗ ਰਿਹਾ ਸੀ। ਰਾਜੇ ਨੂੰ ਸੁਨਿਆਰ ਦੀ ਇਮਾਨਦਾਰੀ ਉੱਪਰ ਸ਼ੱਕ ਨਹੀਂ ਸੀ ਬਲਕਿ ਉਹ ਸੋਚ ਰਿਹਾ ਸੀ ਕਿ ਕਿਤੇ ਮੁਕਟ ਨੂੰ ਤਿਆਰ ਕਰਨ ਸਮੇਂ ਇਸ ਵਿੱਚ ਕੋਈ ਮਿਲਾਵਟ ਕਰਨੀ ਨਾ ਪੈ ਗਈ ਹੋਵੇ। ਜੇਕਰ ਅਜਿਹਾ ਹੋਇਆ ਤਾਂ ਅਨਰਥ ਹੋ ਜਾਵੇਗਾ ਕਿਉਂਕਿ ਉਸ ਨੇ ਤਾਂ ਦੇਵਤਿਆਂ ਨੂੰ ਸ਼ੁੱਧ ਸੋਨੇ ਦਾ ਮੁਕਟ ਭੇਟ ਕਰਨਾ ਸੀ। ਰਾਜਾ ਇਸ ਮੁਕਟ ਦੀ ਸ਼ੁੱਧਤਾ, ਬਗੈਰ ਮੁਕਟ ਤੋੜੇ ਤੋਂ, ਚੈੱਕ ਕਰਵਾਉਣਾ ਚਾਹੁੰਦਾ ਸੀ।

ਰਾਜੇ ਦੇ ਮਨ ਵਿੱਚ ਖਿਆਲ ਆਇਆ ਉਸ ਦੀ ਇਸ ਸਮੱਸਿਆ ਦਾ ਹੱਲ ਆਰਕੀਮੀਡਜ਼ ਕੋਲ ਜ਼ਰੂਰ ਹੋਵੇਗਾ। ਆਰਕੀਮੀਡਜ਼ ਨੂੰ ਰਾਜ ਦਰਬਾਰ ਵਿੱਚ ਬੁਲਾਇਆ ਗਿਆ। ਆਰਕੀਮੀਡਜ਼ ਨੇ ਸਮੱਸਿਆ ਨੂੰ ਧਿਆਨ ਨਾਲ ਵਿਚਾਰਿਆ। ਉਸ ਨੇ ਰਾਜੇ ਬੇਨਤੀ ਕੀਤੀ ਕਿ ਉਹ ਹੁਣ ਝੱਟ-ਪੱਟ ਤਾਂ ਇਸ ਸਮੱਸਿਆ ਦਾ ਹੱਲ ਨਹੀਂ ਦੱਸ ਸਕਦਾ ਪਰ ਉਸਨੂੰ ਯਕੀਨ ਹੈ ਕਿ ਉਹ ਕੁਝ ਦਿਨ ਸੋਚ ਕੇ ਕੋਈ ਰਸਤਾ ਜ਼ਰੂਰ ਲੱਭ ਲਵੇਗਾ। ਰਾਜੇ ਨੇ ਬੇਨਤੀ ਸਵੀਕਾਰ ਕਰ ਲਈ। ਰਾਜੇ ਨੇ ਕਿਹਾ ਮੁਕਟ ਨੂੰ ਸੰਭਾਲ ਕੇ ਰੱਖ ਲਿਆ ਜਾਵੇ ਅਤੇ ਆਰਕੀਮੀਡਜ਼ ਦੁਆਰਾ ਇਸ ਦੀ ਸ਼ੁੱਧਤਾ ਚੈੱਕ ਕਰ ਲੈਣ ਉਪਰੰਤ ਹੀ ਇਸ ਨੂੰ ਦੇਵਤਿਆਂ ਨੂੰ ਭੇਟ ਕੀਤਾ ਜਾਵੇਗਾ। ਇੱਕ ਦਿਨ ਆਰਕੀਮੀਡਜ਼ ਆਪਣੇ ਗੁਸਲਖਾਨੇ ਵਿੱਚ ਪਾਣੀ ਦੇ ਭਰੇ ਟੱਬ ਵਿੱਚ ਬੈਠ ਕੇ ਨਹਾਉਣ ਲੱਗਿਆ। ਜਿਉਂ ਹੀ ਉਹ ਕੱਪੜੇ ਉਤਾਰ ਕੇ ਪਾਣੀ ਦੇ ਭਰੇ ਟੱਬ ਵਿੱਚ ਬੈਠਿਆ ਤਾਂ ਉਸਦੇ ਸਰੀਰ ਦੇ ਭਾਰ ਨਾਲ ਪਾਣੀ ਪਾਸਿਆਂ ਵੱਲ ਨੂੰ ਧੱਕਿਆ ਗਿਆ। ਇਸਦੇ ਨਤੀਜੇ ਵਜੋਂ ਟੱਬ ਵਿੱਚਲੇ ਪਾਣੀ ਦਾ ਪੱਧਰ ਉੱਪਰ ਉਠ ਆਇਆ। ਇਸ ਤਰ੍ਹਾਂ ਕੁਝ ਕੁ ਪਾਣੀ ਤਾਂ ਟੱਬ ਵਿੱਚੋਂ ਬਾਹਰ ਨਿਕਲ ਕੇ ਵਗ ਤੁਰਿਆ। ਆਰਕੀਮੀਡਜ਼ ਨੇ ਇਸ ਵਰਤਾਰੇ ਨੂੰ ਧਿਆਨ ਨਾਲ ਦੇਖਿਆ। ਫਿਰ ਇੱਕਦਮ ਉਹ ਪਾਣੀ ਦੇ ਟੱਬ ਵਿੱਚੋਂ ਨਿਕਲ ਕੇ ਦੌੜ ਪਿਆ। ਉਹ ਸ਼ਹਿਰ ਦੀਆਂ ਗਲੀਆਂ ਵਿੱਚ ਦੌੜਦਾ ਹੋਇਆ ਰੌਲਾ ਪਾ ਰਿਹਾ ਸੀ, "ਮੈਂ ਲੱਭ ਲਿਆ ਹੈ" "ਮੈਂ ਲੱਭ ਲਿਆ ਹੈ।" ਇਸ ਗੱਲ ਦਾ ਵੀ ਜ਼ਿਕਰ ਮਿਲਦਾ ਹੈ ਕਿ ਉਸ ਸਮੇਂ ਆਰਕੀਮੀਡਜ਼ ਇੰਨਾ ਖੁਸ਼ ਹੋ ਗਿਆ ਸੀ ਕਿ ਉਹ ਆਪਣੇ ਤਨ 'ਤੇ ਕੱਪੜੇ ਪਾਉਣੇ ਵੀ ਭੁੱਲ ਗਿਆ ਸੀ। ਇਸੇ ਤਰ੍ਹਾਂ ਦੌੜਦਾ ਹੋਇਆ ਉਹ ਰਾਜੇ ਦੇ ਦਰਬਾਰ ਵਿੱਚ ਜਾ ਪਹੁੰਚਿਆ।



ਰਾਜੇ ਦੇ ਸਾਹਮਣੇ ਪਹੁੰਚ ਕੇ ਆਰਕੀਮੀਡਜ਼ ਨੇ ਕਿਹਾ ਕਿ ਸੋਨੇ ਦਾ ਮੁਕਟ ਮੰਗਵਾਓ, ਮੈਂ ਉਸ ਦੀ ਸ਼ੁੱਧਤਾ ਪਰਖ ਕੇ ਦੱਸ ਸਕਦਾ ਹਾਂ। ਆਰਕੀਮੀਡਜ਼ ਨੇ ਪਾਣੀ ਨਾਲ ਨੱਕੋ ਨੱਕ ਭਰਿਆ ਹੋਇਆ ਇੱਕ ਟੱਬ ਮੰਗਵਾਇਆ। ਉਸ ਨੇ ਸੋਨੇ ਦੇ ਮੁਕਟ ਨੂੰ ਇਸ ਟੱਬ ਵਿੱਚ ਡੁਬੋ ਦਿੱਤਾ। ਨਤੀਜੇ ਵਜੋਂ ਪਾਣੀ ਦਾ ਪੱਧਰ ਉੱਪਰ ਉਠ ਆਇਆ ਸੀ। ਉਸ ਨੇ ਰਾਜ ਦਰਬਾਰ ਦੇ ਸਾਰੇ ਲੋਕਾਂ ਦਾ ਧਿਆਨ ਪਾਣੀ ਦੇ ਟੱਬ ਵੱਲ ਦਿਵਾਇਆ। ਮੁਕਟ ਦੁਆਰਾ ਪਾਸੇ ਵੱਲ ਧੱਕਿਆ ਹੋਇਆ ਪਾਣੀ ਟੱਬ ਵਿੱਚੋਂ ਬਾਹਰ ਨਿਕਲ ਗਿਆ। ਇਸ ਬਾਹਰ ਨਿਕਲੇ ਪਾਣੀ ਨੂੰ ਇੱਕ ਬਰਤਣ ਵਿੱਚ ਇਕੱਠਾ ਕਰ ਲਿਆ ਗਿਆ। ਫਿਰ ਆਰਕੀਮੀਡਜ਼ ਨੇ ਪਾਣੀ ਦੇ ਭਰੇ ਟੱਬ ਵਿੱਚ ਮੁਕਟ ਦੇ ਬਰਾਬਰ ਦੇ ਵਜ਼ਨ ਦਾ ਸੋਨਾ ਡੁਬੋ ਦਿੱਤਾ। ਸ਼ੁੱਧ ਸੋਨੇ ਦੁਆਰਾ ਪਾਸੇ ਵੱਲ ਧੱਕਿਆ ਪਾਣੀ ਟੱਬ ਤੋਂ ਬਾਹਰ ਨਿਕਲ ਆਇਆ। ਉਸਨੇ ਇਸ ਪਾਣੀ ਨੂੰ ਇੱਕ ਹੋਰ ਬਰਤਨ ਵਿੱਚ ਇਕੱਠਾ ਕਰ ਲਿਆ। ਫਿਰ ਉਸਨੇ ਦੋਵੇਂ ਵਾਰ ਇਕੱਠੇ ਹੋਏ ਪਾਣੀ ਨੂੰ ਅਲੱਗ-ਅਲੱਗ ਮਾਪਿਆ। ਦੋਵਾਂ ਵਾਰ ਮਾਪ ਵਿੱਚ ਫਰਕ ਸੀ। ਇਸ ਉਪਰੰਤ ਆਰਕੀਮੀਡਜ਼ ਨੇ ਰਾਜੇ ਨੂੰ ਦੱਸਿਆ ਕਿ ਉਸ ਸੋਨੇ ਦੇ ਮੁਕਟ ਵਿੱਚ ਮਿਲਾਵਟ ਹੈ। ਇਸ ਤਰ੍ਹਾਂ ਆਰਕੀਮੀਡਜ਼ ਨੇ ਮੁਕਟ ਨੂੰ ਤੋੜੇ ਬਿਨਾਂ ਇਸਦੀ ਸ਼ੁੱਧਤਾ ਨੂੰ ਮਾਪ ਕੇ ਆਪਣੀ ਕਾਬਲੀਅਤ ਦਾ ਸਬੂਤ ਦਿੱਤਾ।

ਆਰਕੀਮੀਡਜ਼ ਦੀ ਉਪਰੋਕਤ ਖੋਜ ਨਾਲ ਸੋਨੇ ਅਤੇ ਹੋਰਨਾਂ ਧਾਤਾਂ ਵਿੱਚਲੀ ਮਿਲਾਵਟ ਬਾਰੇ ਜਾਣਨਾ ਆਸਾਨ ਹੋ ਗਿਆ। ਕਿਸੇ ਵੀ ਵਸਤੂ ਦੀ ਘਣਤਾ ਦਾ ਪਤਾ ਲਗਾ ਸਕਣਾ ਵੀ ਸੰਭਵ ਹੋ ਗਿਆ। ਆਰਕੀਮੀਡਜ਼ ਨੇ ਦੱਸਿਆ ਕਿ ਕਿਸੇ ਵਸਤੂ ਦੀ ਘਣਤਾ ਉਸ ਦੁਆਰਾ ਪਾਣੀ ਦੇ ਪੱਧਰ ਨੂੰ ਉੱਚਾ ਕਰਨ ਦੇ ਬਰਾਬਰ ਹੁੰਦੀ ਹੈ। ਉਸ ਨੇ ਦਿਖਇਆ ਕਿ ਜੇਕਰ ਅਸੀਂ ਇੱਕ ਬਰਤਣ ਵਿੱਚ ਨੱਕੋ-ਨੱਕ ਪਾਣੀ ਭਰ ਲਈਏ। ਜਿਸ ਵਸਤੂ ਦੀ ਘਣਤਾ ਪਤਾ ਕਰਨੀ ਹੋਵੇ ਉਸ ਨੂੰ ਇਸ ਪਾਣੀ ਵਿੱਚ ਡੁਬੋ ਦਿਉ। ਜਿਤਨਾ ਪਾਣੀ ਬਰਤਣ ਵਿੱਚੋਂ ਬਾਹਰ ਨਿਕਲੇਗਾ ਉਸਨੂੰ ਹੋਰ ਬਰਤਣ ਵਿੱਚ ਇਕੱਠਾ ਕਰ ਲਉ। ਬਾਹਰ ਨਿਕਲੇ ਇਸ ਪਾਣੀ ਦੀ ਘਣਤਾ ਨੂੰ ਮਾਪਣ ਉਪਰੰਤ ਡੁਬੋਈ ਵਸਤੂ ਦੀ ਘਣਤਾ ਦਾ ਪਤਾ ਲਗਾਇਆ ਜਾ ਸਕਦਾ ਹੈ। ਇਸੇ ਸਿਧਾਂਤ ਉਪਰ ਚਲਦੇ ਹੋਏ ਵਿਗਿਆਨੀਆਂ ਨੇ ਭਿੰਨ-ਭਿੰਨ ਪਦਾਰਥਾਂ ਦੀ ਤੁਲਨਾਤਮਕ ਘਣਤਾ ਮਾਪਣ ਦਾ ਤਰੀਕਾ ਲੱਭਿਆ। ਇਸੇ ਖੋਜ ਦੇ ਸਦਕਾ ਹੀ ਅੱਜ ਸਾਨੂੰ ਭਿੰਨ-ਭਿੰਨ ਪਦਾਰਥਾਂ ਦੀ ਵਿਸ਼ਿਸ਼ਟ ਆਕਰਸ਼ਣ ਸ਼ਕਤੀ ਬਾਰੇ ਗਿਆਨ ਹੋ ਸਕਿਆ ਹੈ।

ਆਰਕੀਮੀਡਜ਼ ਨੇ ਦਰਸਾਇਆ ਸੀ ਕਿ ਸੋਨੇ ਦੀ ਵਿਸ਼ਿਸ਼ਟ ਆਕਰਸ਼ਣ ਸ਼ਕਤੀ (ਸਪੈਸਿਫਿਕ ਗਰੈਵਿਟੀ) ਲਗਭਗ

20 ਹੈ। ਇਸ ਦਾ ਮਤਲਬ ਹੈ ਕਿ ਇੱਕ ਘਣ ਸੈਂਟੀਮੀਟਰ ਆਕਾਰ ਦੇ ਸੋਨੇ ਦੇ ਗਹਿਣੇ ਦਾ ਭਾਰ 20 ਗ੍ਰਾਮ ਹੋਵੇਗਾ। ਉਸ ਨੇ ਆਪਣਾ ਤੈਰਦੀਆਂ ਵਸਤੂਆਂ ਦਾ ਸਿਧਾਂਤ ਦਿੰਦੇ ਹੋਏ ਇਸ ਗੱਲ ਬਾਰੇ ਵੀ ਦੱਸਿਆ ਕਿ ਕਈ ਵਸਤੂਆਂ ਪਾਣੀ ਵਿੱਚ ਤੈਰਦੀਆਂ ਰਹਿੰਦੀਆਂ ਹਨ ਅਤੇ ਕਈ ਡੁੱਬ ਜਾਂਦੀਆਂ ਹਨ। ਕੀ ਕਾਰਨ ਹੈ ਕਿ ਲੋਹਾ ਪਾਣੀ ਵਿੱਚ ਡੁੱਬ ਜਾਂਦਾ ਹੈ ਅਤੇ ਲੱਕੜੀ ਪਾਣੀ ਵਿੱਚ ਤੈਰਦੀ ਰਹਿੰਦੀ ਹੈ? ਇਹੋ ਜਿਹੇ ਸਵਾਲਾਂ ਦਾ ਜਵਾਬ ਵੀ ਉਸਨੇ ਦਿੱਤਾ। ਉਸਨੇ ਸਟੈਟਿਕਸ ਦਾ ਸਿਧਾਂਤ ਦਿੰਦੇ ਹੋਏ ਇਹ ਵੀ ਦਰਸਾਇਆ ਕਿ ਵਸਤੂਆਂ ਸਥਿਰ ਕਿਉਂ ਪਈਆਂ ਰਹਿੰਦੀਆਂ ਹਨ। ਆਰਕੀਮੀਡਜ਼ ਦੀ ਇੱਕ ਹੋਰ ਮਹੱਤਵਪੂਰਨ ਕਾਢ ਸੀ, "ਆਰਕੀਮੀਡਜ਼ ਦਾ ਪੇਚ" ਜਿਸ ਨੂੰ ਅੱਜ ਤੱਕ ਵਰਤਿਆ ਜਾਂਦਾ ਹੈ। ਇਸ ਪੇਚ ਦੀ ਮਦਦ ਨਾਲ ਨੀਵੇਂ ਖੇਤਰਾਂ ਵਿੱਚੋਂ ਪਾਣੀ ਨੂੰ ਚੁੱਕ ਕੇ ਉੱਚੇ ਖੇਤਰਾਂ ਵਿੱਚ ਪਹੁੰਚਾਇਆ ਜਾ ਸਕਦਾ ਹੈ। ਇੱਕ ਗੋਲਾਕਾਰ ਸਿਲੰਡਰ ਅੰਦਰ ਆਰਕੀਮੀਡਜ਼ ਪੇਚ ਲਗਾ ਕੇ ਜਦੋਂ ਇਸ ਨੂੰ ਘੁਮਾਇਆ ਜਾਂਦਾ ਹੈ ਤਾਂ ਇਸ ਪੇਚ ਅੰਦਰ ਪਾਣੀ ਭਰ ਜਾਂਦਾ ਹੈ। ਜਦੋਂ ਹੈਂਡਲ ਨੂੰ ਗੇੜਿਆ ਜਾਂਦਾ ਹੈ ਤਾਂ ਪਾਣੀ ਉਪਰ ਵੱਲ ਨੂੰ ਚੜ੍ਹ ਜਾਂਦਾ ਹੈ। ਇਸ ਸਪਰਿੰਗ ਨੁਮਾ ਪੇਚ ਵਾਲੇ ਪੰਪ ਦੀ ਮਦਦ ਨਾਲ ਪਾਣੀ ਨੂੰ ਉਚਾਈ ਤੱਕ ਚੜ੍ਹਾਉਣਾ ਸੌਖਾ ਹੋ ਗਿਆ।

ਲੀਵਰ ਅਤੇ ਪੁਲੀ ਦੇ ਸਿਧਾਂਤ ਨੂੰ ਵਰਤ ਕੇ ਉਸਨੇ ਜੰਗ ਵਿੱਚ ਵਰਤਣ ਵਾਲੀਆਂ ਕਈ ਮਸ਼ੀਨਾਂ ਵੀ ਤਿਆਰ ਕੀਤੀਆਂ। ਜਦੋਂ ਰੋਮ ਦੀਆਂ ਫੌਜਾਂ ਨੇ ਸਾਈਰੇਕੁਸ ਉਪਰ ਹਮਲਾ ਕੀਤਾ ਤਾਂ ਆਰਕੀਮੀਡਜ਼ ਨੇ ਆਪਣੇ ਦੇਸ਼ ਦੀਆਂ ਫ਼ੌਜਾਂ ਦੀ ਮਦਦ ਕੀਤੀ। ਦੇਸ਼ ਭਗਤੀ ਦਾ ਜਜ਼ਬਾ ਦਿਖਾਉਂਦੇ ਹੋਏ ਉਸ ਨੇ ਦਿਨ ਰਾਤ ਆਪਣੇ ਰਾਜੇ ਦੀਆਂ ਫ਼ੌਜਾਂ ਨੂੰ ਕਈ ਤਰ੍ਹਾਂ ਦੇ ਵਿਗਿਆਨਕ ਹਥਿਆਰ ਤਿਆਰ ਕਰਨੇ ਦੱਸੇ। ਲੀਵਰ ਦੇ ਸਿਧਾਂਤ ਨੂੰ ਵਰਤਦੇ ਹੋਏ ਉਸਨੇ ਕਈ ਵਿਕਸਿਤ ਕਿਸਮ ਦੀਆਂ ਗੁਲੇਲਾਂ ਅਤੇ ਹੋਰ ਵਿਸਫੋਟਕ ਯੰਤਰ ਈਜ਼ਾਦ ਕੀਤੇ। ਉਸ ਦੁਆਰਾ ਤਿਆਰ ਕੀਤੀਆਂ ਗੁਲੇਲਾਂ ਨੂੰ ਵਰਤ ਕੇ ਉਸ ਦੇ ਦੇਸ਼ ਦੇ ਫ਼ੌਜੀਆਂ ਨੇ ਦੁਸ਼ਮਣਾਂ ਨੂੰ ਕਾਫੀ ਦੇਰ ਤੱਕ ਰੋਕੀ ਰੱਖਿਆ। ਉਨ੍ਹਾਂ ਨੇ ਨਿਸ਼ਾਨੇ ਲਗਾ ਕੇ ਦੁਸ਼ਮਣ ਦੇ ਜਹਾਜ਼ਾਂ ਨੂੰ ਢੂੰਡ ਦਿੱਤਾ। ਆਰਕੀਮੀਡਜ਼ ਦੁਆਰਾ ਤਿਆਰ ਕੀਤੇ ਇਨ੍ਹਾਂ ਦੇਸੀ ਜਿਹੀ ਕਿਸਮ ਦੇ ਹਥਿਆਰਾਂ ਨੂੰ ਵਰਤ ਕੇ ਸਾਈਰੇਕੁਸ ਦੇ ਲੋਕਾਂ ਨੇ ਰੋਮਨ ਫ਼ੌਜੀਆਂ ਨੂੰ ਤਿੰਨ ਸਾਲ ਤੱਕ ਖਦੇੜ ਕੇ ਰੱਖਿਆ।

ਸਾਈਰੇਕੁਸ ਦੇ ਰਾਜੇ ਹਾਈਰੋਨ ਨੂੰ ਪਤਾ ਲੱਗਾ ਕਿ ਰੋਮਨ ਫ਼ੌਜਾਂ ਹੁਣ ਬੜ੍ਹੀ ਤਾਕਤ ਨਾਲ ਉਨ੍ਹਾਂ ਉੱਪਰ ਹਮਲਾ ਕਰਨ ਦੀ ਤਿਆਰੀ ਵਿੱਚ ਹਨ। ਉਸ ਨੇ ਉਸ ਵੇਲੇ ਆਰਕੀਮੀਡਜ਼ ਨੂੰ ਬੁਲਾ ਕੇ ਪੁੱਛਿਆ ਕਿ, 'ਕੀ ਉਸ ਕੋਲ ਕੋਈ ਹੋਰ ਸ਼ਕਤੀਸ਼ਾਲੀ ਕਿਸਮ ਦੇ ਹਥਿਆਰ ਬਣਾਉਣ ਦੀ ਤਰਕੀਬ ਹੈ?' ਆਰਕੀਮੀਡਜ਼ ਨੇ ਕਿਹਾ ਕਿ, 'ਹਾਂ, ਮੈਂ ਲੈਂਨਜ਼ਾਂ ਜਾਂ ਖਾਸ ਕਿਸਮ ਦੇ ਸ਼ੀਸ਼ਿਆਂ ਦੀ ਮਦਦ ਨਾਲ ਦੁਸ਼ਮਣ ਦੀਆਂ ਫੌਜਾਂ ਦੇ ਭਰੇ ਸਮੁੰਦਰੀ ਬੇੜਿਆਂ ਨੂੰ ਸਾੜ ਕੇ ਸੁਆਹ ਕਰ ਸਕਦਾ ਹਾਂ।' ਰਾਜੇ ਨੇ ਆਰਕੀਮੀਡਜ਼ ਦਾ ਉਤਰ ਸੁਣ ਕੇ ਸਿਰ ਫੜ ਲਿਆ ਅਤੇ ਸੋਚਣ ਲਗਾ ਕਿ ਭਲਾ ਲੈਂਨਜ਼ਾਂ



ਜਾਂ ਸ਼ੀਸ਼ੀਆਂ ਦੀ ਮਦਦ ਨਾਲ ਕਿਤੇ ਜੰਗ ਲੜੀ ਜਾ ਸਕਦੀ ਹੈ। ਰਾਜੇ ਦੇ ਮਨ ਵਿੱਚ ਖਿਆਲ ਆਇਆ ਕਿ ਆਰਕੀਮੀਡਜ਼ ਬੁੱਢਾ ਹੋ ਗਿਆ ਹੈ, ਇਸ ਲਈ ਇਸਦਾ ਦਿਮਾਗ ਅੱਛੀ ਤਰ੍ਹਾਂ ਕੰਮ ਨਹੀਂ ਕਰਦਾ। ਰਾਜਾ ਨਿਰਾਸ਼ ਹੋ ਗਿਆ ਪ੍ਰੰਤੂ ਚੁੱਪ ਰਿਹਾ ਕਿਉਂਕਿ ਉਹ ਆਰਕੀਮੀਡਜ਼ ਦਾ ਸਤਿਕਾਰ ਕਰਦਾ ਸੀ। ਕਿਹਾ ਜਾਂਦਾ ਹੈ ਕਿ ਆਰਕੀਮੀਡਜ਼ ਨੇ ਆਪਣਾ ਬਚਨ ਨਿਭਾਇਆ। ਉਸਨੇ ਬੜੀ ਮਿਹਨਤ ਕਰਕੇ ਉਚੀ ਮੀਨਾਰ ਸਥਾਪਿਤ ਕੀਤੀ। ਇਸ ਮੀਨਾਰ ਉਪਰ ਉਸਨੇ ਕਈ ਲੈਂਨਜ਼ ਫਿੱਟ ਕਰਵਾਏ। ਇਨ੍ਹਾਂ ਲੈਂਨਜ਼ਾਂ ਦੀ ਮਦਦ ਨਾਲ ਸੂਰਜ ਦੀ ਰੋਸ਼ਨੀ ਇਕਤ੍ਰਿਤ ਕਰਕੇ ਜਹਾਜ਼ਾਂ ਉਪਰ ਕੇਂਦਰਿਤ ਕਰਕੇ ਉਹ ਉਨ੍ਹਾਂ ਨੂੰ ਅੱਗ ਦੀਆਂ ਲਪੇਟਾਂ ਦੇ ਹਵਾਲੇ ਕਰ ਦਿੰਦਾ ਸੀ।

ਆਰਕੀਮੀਡਜ਼ ਨੇ ਸ਼ੀਸ਼ੇ ਦੇ ਦਰਪਣਾਂ ਨੂੰ ਵਰਤਦੇ ਹੋਏ ਕਈ ਪ੍ਰਯੋਗ ਕੀਤੇ ਅਤੇ ਪ੍ਰਕਾਸ਼ ਦੀਆਂ ਵਿਸ਼ੇਸ਼ਤਾਵਾਂ ਬਾਰੇ ਜਾਣਿਆ। ਉਸ ਦੁਆਰਾ ਡਿਜ਼ਾਈਨ ਕੀਤੇ ਗਏ ਦਰਪਣਾਂ ਨੂੰ ਵਰਤ ਕੇ ਮਿਸਰ ਵਿੱਚ ਕਈ ਉੱਚੇ ਲਾਈਟ ਹਾਊਸ ਤਿਆਰ ਕਰਵਾਏ ਗਏ। ਉੱਚੀਆਂ ਮੀਨਾਰਾਂ ਉਪਰ ਲੱਗੇ ਦਰਪਣਾਂ ਵਿੱਚੋਂ ਰੋਸ਼ਨੀ ਨੂੰ ਪ੍ਰਵਰਤਿਤ ਕੀਤਾ ਜਾਂਦਾ ਸੀ ਅਤੇ ਇਸੇ ਰੋਸ਼ਨੀ ਨੂੰ ਦੇਖ ਕੇ ਸਮੁੰਦਰੀ ਜ਼ਹਾਜ ਆਪਣਾ ਰਸਤਾ ਜਾਣ ਲੈਂਦੇ ਸਨ। ਜ਼ਿਕਰ ਮਿਲਦਾ ਹੈ ਕਿ ਰਾਤ ਨੂੰ ਪੰਜਾਹ-ਪੰਜਾਹ ਕਿਲੋਮੀਟਰ ਦੀ ਦੂਰੀ ਤੋਂ ਵੀ ਸਮੁੰਦਰੀ ਜ਼ਹਾਜ ਇਨ੍ਹਾਂ ਦਰਪਣਾਂ ਵਿੱਚੋਂ ਰੋਸ਼ਨੀ ਨੂੰ ਦੇਖ ਲੈਂਦੇ ਸਨ।

ਗਣਿਤ ਸ਼ਾਸ਼ਤਰ ਵਿੱਚ ਆਰਕੀਮੀਡਜ਼ ਵੱਲੋਂ ਕੀਤੀਆਂ ਪ੍ਰਾਪਤੀਆਂ ਕਾਬਲੇ ਤਾਰੀਫ਼ ਹਨ। ਉਦਾਹਰਨ ਵਜੋਂ ਗਣਿਤ ਫਾਰਮੂਲਿਆਂ ਵਿੱਚ ਵਰਤੇ ਜਾਣ ਵਾਲੇ ਅੰਕ 'ਪਾਈ' ਦੀ ਕੀਮਤ ਨੂੰ ਜਾਣਨ ਦਾ ਸਿਹਰਾ ਵੀ ਉਸ ਨੂੰ ਹੀ ਜਾਂਦਾ ਹੈ। ਉਸ ਨੇ ਇੱਕ ਚੱਕਰ ਦੇ ਖੇਤਰਫਲ ਅਤੇ ਘੇਰੇ ਨੂੰ ਮਾਪਣ ਲਈ ਇੱਕ ਜਿਊਮੈਟਰੀਕਲ ਫਾਰਮੂਲਾ ਤਿਆਰ ਕੀਤਾ। ਉਸ ਦੁਆਰਾ ਲਿਖੀਆਂ ਗਈਆਂ ਮਹੱਤਵਪੂਰਨ ਪੁਸਤਕਾਂ ਦੇ ਨਾਂ ਹਨ, ਦੀ ਸਫੀਅਰ ਐਂਡ ਸਾਈਲਿੰਡਰ, ਫਲੋਟਿੰਗ ਬਾਡੀਜ਼, ਆਨ ਬੈਲੈਨਸਜ ਐਂਡ ਲੀਵਰਜ਼" ਅਤੇ ਮਈਅਰਮੈਂਟ ਆਫ਼ ਦੀ ਸਰਕਲ।

ਕੁਝ ਕੁ ਜੰਗਾਂ ਤੋਂ ਬਾਅਦ, ਸਾਈਰੇਕੁਅਸ ਉਪਰ ਰੋਮ ਦੇ ਰਾਜੇ ਦਾ ਕਬਜ਼ਾ ਹੋ ਗਿਆ। ਸ਼ਹਿਰਾਂ ਕਸਬਿਆਂ ਵਿੱਚ ਰੋਮਨ ਫ਼ੌਜਾਂ ਦਗੜ-ਦਗੜ ਕਰਦੀਆਂ ਦਾਖਿਲ ਹੋ ਗਈਆਂ ਸਨ। ਇਹ ਈਸਾ ਤੋਂ 212 ਵਰ੍ਹੇ ਪਹਿਲਾਂ ਦੀ ਗੱਲ ਹੈ। ਇੱਕ ਦਿਨ ਆਰਕੀਮੀਡਜ਼ ਜ਼ਮੀਨ ਉਪਰ ਰੇਖਾ ਗਣਿਤ ਦੀਆਂ ਸ਼ਕਲਾਂ ਬਣਾ ਰਿਹਾ ਸੀ ਤਾਂ ਇੱਕ ਸਿਪਾਹੀ ਉਸਦੇ ਘਰ ਵਿੱਚ ਦਾਖਿਲ ਹੋ ਗਿਆ। ਆਰਕੀਮੀਡਜ਼ ਨੇ ਉਸ ਸਿਪਾਹੀ ਨੂੰ ਕਿਹਾ ਕਿ ਕਿਰਪਾ ਕਰਕੇ ਜ਼ਮੀਨ ਉੱਪਰ ਵਾਹੇ ਫਾਰਮੂਲੇ ਅਤੇ ਸ਼ਕਲਾਂ ਨਾ ਮਿਟ ਜਾਣ। ਇਸ ਲਈ ਧਿਆਨ ਨਾਲ ਤੁਰਨਾ। ਬੌਂਦਲੇ ਹੋਏ ਸਿਪਾਹੀ ਨੇ ਘਬਰਾਹਟ ਵਿੱਚ ਆ ਕੇ ਆਪਣੀ ਤਲਵਾਰ ਆਰਕੀਮੀਡਜ਼ ਉਪਰ ਚਲਾ ਦਿੱਤੀ ਜਿਸ ਨਾਲ 75 ਵਰ੍ਹਿਆਂ ਦਾ ਬੁੱਢਾ ਗਣਿਤ ਸ਼ਾਸ਼ਤਰੀ ਜ਼ਮੀਨ ਉਪਰ ਢੇਰ ਹੋ ਗਿਆ।

*****

ਰੱਬ ਦੀ ਹੋਂਦ ਬਾਰੇ

# ਸੱਚੇ ਅਤੇ ਕਲਪਿਤ ਵਜੂਦ ਦੇ ਪਰਖਣ ਦੀ ਕਸੌਟੀ



ਡਾ. ਹਰੀਸ਼ ਮਲਹੋਤਰਾ ਬ੍ਰਮਿੰਘਮ
ਮੋਬਾ : 07763013424

*ਆਸਤਿਕ - ਤੁਸੀਂ ਕਲਪਿਤ ਜਾਂ ਫਰਜ਼ੀ ਵਜੂਦ ਕਿਸ ਨੂੰ ਕਹਿੰਦੇ ਹੋ?*

ਨਾਸਤਿਕ - ਸੰਸਕ੍ਰਿਤ ਜਾਂ ਹਿੰਦੀ ਵਿੱਚ ਜਿਸ ਨੂੰ ਕਲਪਣਾ ਕਹਿੰਦੇ ਹਨ, ਉਹਨੂੰ ਉਰਦੂ ਵਿਚ ਫਰਜ਼ ਕਰਨਾ ਜਾਂ ਖਿਆਲ ਬੰਨਣਾ ਕਹਿੰਦੇ ਹਨ। ਪੰਜਾਬੀ ’ਚ ਅਸੀਂ ਇਹਨੂੰ ਮਨਘੜਤ ਜਾਂ ਖਿਆਲੀ ਪਲਾਓ ਕਹਿ ਸਕਦੇ ਹਾਂ। ਮਨੁੱਖ ਵਿਚ ਜੋ ਕਲਪਣਾ ਸ਼ਕਤੀ ਹੈ, ਉਸ ਰਾਹੀਂ ਉਹ ਸੈਂਕੜੇ ਐਹੋ ਜਿਹੀਆਂ ਗੱਲਾਂ ਦੀ ਕਲਪਣਾ ਕਰ ਸਕਦਾ ਹੈ ਅਤੇ ਕਰਦਾ ਹੈ ਜਿਹਨਾਂ ਦੀ ਅਸਲ ਵਿਚ ਕੋਈ ਹੋਂਦ ਨਹੀਂ ਹੁੰਦੀ। ਮੰਨ ਲਊ ਕਿ ਮੇਰਾ ਵਿਆਹ ਨਹੀਂ ਹੋਇਆ ਅਤੇ ਮੇਰੀ ਕੋਈ ਪਤਨੀ ਨਹੀਂ ਹੈ ਪਰ ਮੈਂ ਬੈਠਾ ਬੈਠਾ ਇਹ ਫਰਜ਼ ਕਰ ਸਕਦਾ ਹਾਂ ਕਿ ਮੇਰਾ ਵਿਆਹ ਹੋ ਗਿਆ ਹੈ, ਮੇਰੀ ਪਤਨੀ 18 ਸਾਲਾਂ ਦੀ ਹੈ। ਉਹਦਾ ਮੇਰੇ ਕੱਦ ਤੋਂ ਕੁੱਝ ਛੋਟਾ ਕੱਦ ਹੈ। ਉਹਦਾ ਰੰਗ ਗੋਰਾ ਹੈ। ਉਹਦੇ ਵਾਲ ਕਮਰ ਤੋਂ ਹੇਠਾਂ ਤਾਂਈ ਲਟਕਦੇ ਹਨ। ਉਹਦਾ ਚਿਹਰਾ ਬਹੁਤ ਸੁੰਦਰ ਹੈ। ਮੱਥਾ, ਅੱਖਾਂ, ਨੱਕ, ਕੰਨ ਅਤੇ ਬੁੱਲ੍ਹ ਆਪਣੀ ਆਪਣੀ ਥਾਂ ਬਹੁਤ ਦਿਲ ਖਿੱਚਵੇਂ ਹਨ। ਉਹ ਦੇਖਣ ਨੂੰ ਵੀ ਬਹੁਤ ਭੋਲੀ ਭਾਲੀ ਲੱਗਦੀ ਹੈ। ਸੁਭਾਅ ਦੀ ਬਹੁਤ ਨੇਕ ਹੈ। ਉਹ ਘਰ ਦਾ ਸਾਰਾ ਕੰਮ ਬਹੁਤ ਚੰਗੀ ਤਰ੍ਹਾਂ ਜਾਣਦੀ ਹੈ। ਮੇਰੇ ਲਈ ਉਹਦੇ ਮਨ ਵਿਚ ਅਥਾਂਹ ਪਿਆਰ ਹੈ। ਇਹੋ ਜਿਹੀਆਂ ਹੋਰ ਗੱਲਾਂ ਵੀ ਮੈਂ ਚਿਤਵ ਸਕਦਾ ਹਾਂ। ਇਹ ਸਭ ਖਿਆਲੀ ਪਲਾਓ, ਵਹਿਮ, ਫਰਜ਼ੀ, ਮਨਘੜਤ ਜਾਂ ਕਲਪਿਤ ਤਸਵੀਰ ਹੈ। ਇਹ ਤਸਵੀਰ ਮਨ ਨੂੰ ਧੂਹ ਪਾਉਣ ਵਾਲੀ ਵੀ ਹੋ ਸਕਦੀ ਹੈ। ਪਰ ਇਸ ਸਭ ਦੇ ਬਾਵਜੂਦ ਇਹਦੀ ਕੋਈ ਹਕੀਕਤ ਨਹੀਂ ਹੈ ਅਤੇ ਇਹ ਸੱਚ ਨਹੀਂ ਹੈ। ਇਸ ਪਤਨੀ ਦੀ ਕਲਪਿਤ ਤਸਵੀਰ ਤੇ ਵਿਸ਼ਵਾਸ਼ ਕਰਕੇ ਮੈਂ ਆਪਣੇ ਦਿਲ ਵਿਚ ਕੁੱਝ ਦੇਰ ਲਈ ਫਰਜ਼ੀ ਖੁਸ਼ੀ ਹਾਸਲ ਕਰ ਸਕਦਾ ਹਾਂ। ਪਰ ਭੁੱਖ ਵੇਲੇ ਮੈਂ ਇਸ ਫਰਜ਼ੀ ਪਤਨੀ ਦੇ ਹੱਥ ਨਾਲ ਪੱਕਿਆ ਹੋਇਆ ਖਾਣਾ ਨਹੀਂ ਖਾ ਸਕਦਾ। ਅਗਰ ਮੈਂ ਆਪਣੇ ਬਾਹਰ ਦੇ ਕੰਮਾਂ ਕਾਜਾਂ ਤੋਂ ਥੱਕ ਕੇ ਵਾਪਿਸ ਘਰ ਆਉਣ ਪਿੱਛੋਂ ਇਹ ਚਾਹਵਾਂ ਕਿ ਮੇਰੀ ਪਤਨੀ ਗਰਮੀ ਦੇ ਮੌਸਮ ਵਿਚ ਮੈਨੂੰ ਸ਼ਰਬਤ ਦਾ ਗਲਾਸ ਦੇਵੇ ਜਾਂ ਸ਼ਕੰਜਵੀ ਬਣਾ ਕੇ ਮੇਰੇ ਮੂਹਰੇ ਰੱਖ ਦੇਵੇ ਅਤੇ ਮੈਨੂੰ ਕੁੱਝ ਖਾਣ ਨੂੰ ਵੀ ਦੇਵੇ ਤਾਂ ਮੇਰੀਆਂ ਇਹ ਇੱਛਾਵਾਂ ਪੂਰੀਆਂ ਨਹੀਂ ਹੋ ਸਕਦੀਆਂ। ਮੇਰੀ ਸੁਸ਼ੀਲ ਅਤੇ ਸੁੰਦਰ ਫਰਜ਼ੀ ਪਤਨੀ ਨਾ ਤਾਂ ਮੈਨੂੰ ਪਿਆਸ ਬੁਝਾਉਣ ਲਈ ਸ਼ਰਬਤ, ਸ਼ਿਕੰਜਵੀ ਜਾਂ ਪਾਣੀ ਦਾ ਗਲਾਸ ਦੇਵੇਗੀ ਅਤੇ ਪੇਟ ਦੀ ਭੁੱਖ ਮਿਟਾਉਣ ਲਈ ਨਾ ਹੀ ਕੁੱਝ ਖਾਣ ਨੂੰ ਦੇਵੇਗੀ। ਮੈਂ ਇਸ ਕਲਪਿਤ ਪਤਨੀ ਨੂੰ ਰੱਖ ਕੇ ਵੀ ਭੁੱਖੇ ਦਾ ਭੁੱਖਾ ਅਤੇ ਪਿਆਸੇ ਦਾ ਪਿਆਸਾ ਹੀ ਰਹਾਂਗਾ। ਮੇਰਾ ਘਰ ਹੋਵੇਗਾ ਤਾਂ ਮੇਰੀ ਖਿਆਲੀ ਪਤਨੀ ਕਦੇ ਉਸ ਨੂੰ ਬਣਾ ਸੰਵਾਰ ਕੇ ਸਾਫ਼ ਨਹੀਂ ਰੱਖੇਗੀ। ਮੇਰੀਆਂ




ਚੀਜ਼ਾਂ, ਕੱਪੜੇ ਆਦਿ ਅਗਰ ਇੱਧਰ ਉੱਧਰ ਖਿੱਲਰੀਆਂ ਪਈਆਂ ਹੋਣਗੀਆਂ ਤਾਂ ਮੇਰੀ ਇਹ ਫਰਜ਼ੀ ਪਤਨੀ ਕਦੀ ਵੀ ਉਨ੍ਹਾਂ ਨੂੰ ਚੁੱਕ ਕੇ ਅਤੇ ਸੰਭਾਲ ਕੇ ਤਰਤੀਬ ਨਾਲ ਨਹੀਂ ਰੱਖੇਗੀ। ਮੈਂ ਇਹ ਇੱਛਾ ਕਰ ਸਕਦਾ ਹਾਂ ਕਿ ਮੇਰੇ ਬੱਚੇ ਹੋਣ ਅਤੇ ਮੈਂ ਉਨ੍ਹਾਂ ਨੂੰ ਆਪਣੀ ਗੋਦ ਵਿਚ ਲੈ ਕੇ ਖਿਡਾਵਾਂ, ਉਨ੍ਹਾਂ ਨੂੰ ਲਾਡ ਲਡਾਵਾਂ, ਪਿਆਰ ਕਰਾਂ, ਉਨ੍ਹਾਂ ਨੂੰ ਹਸਾਵਾਂ, ਆਪ ਹੱਸਾਂ ਪਰ ਮੇਰੀ ਇਹ ਪਤਨੀ ਮੇਰੇ ਲਈ ਕੋਈ ਬੱਚੇ ਨਹੀਂ ਪੈਦਾ ਕਰ ਸਕਦੀ। ਮਤਲਬ ਇਹ ਕਿ ਮੇਰੀਆਂ ਅਤੇ ਮੇਰੇ ਘਰ ਦੀਆਂ ਜ਼ਰੂਰਤਾਂ ਪੂਰੀਆਂ ਨਹੀਂ ਹੋਣਗੀਆਂ। ਮੇਰਾ ਫਰਜ਼ੀ ਪਰਿਵਾਰ, ਫਰਜ਼ੀ ਹੀ ਰਹੇਗਾ ਅਤੇ ਕਦੇ ਵੀ ਸੱਚਮੁੱਚ ਦਾ ਨਹੀਂ ਹੋਵੇਗਾ। ਮੈਂ ਐਸੇ ਕਲਪਿਤ ਪਰਿਵਾਰ ਤੋਂ ਜਿਸ ਤਰ੍ਹਾਂ ਦਾ ਪਹਿਲਾਂ ਸੀ ਯਾਨਿ ਬਿਨਾਂ ਪਤਨੀ ਅਤੇ ਬੱਚਿਆਂ ਤੋਂ, ਵੈਸਾ ਹੀ ਰਹਾਂਗਾ।

ਹੁਣ ਤੁਸੀਂ ਧਿਆਨ ਨਾਲ ਸੋਚੋ ਕਿ ਅਗਰ ਇਸ ਤਰ੍ਹਾਂ ਕਲਪਿਤ ਤਸਵੀਰਾਂ ਬਣਾ ਕੇ ਜੇਕਰ ਲੋਕਾਂ ਦੇ ਘਰ ਵਸ ਸਕਦੇ ਹੁੰਦੇ ਅਤੇ ਲੋਕ ਕਬੀਲਦਾਰ ਬਣ ਸਕਦੇ ਤਾਂ ਸਾਰਾ ਕੰਮ ਕਿੰਨਾ ਆਸਾਨ ਹੋ ਜਾਂਦਾ। ਚਾਰ ਪੰਜ ਮਿੰਟ ਦੀ ਕਲਪਣਾ ਕਰਨ ਨਾਲ ਸਾਰੀ ਘਰ ਗ੍ਰਹਿਸਥੀ ਦਾ ਮਕਸਦ ਪੂਰਾ ਹੋ ਜਾਂਦਾ। ਨਾ ਹਿੰਗ ਲਗਦੀ ਨਾ ਫਟਕੜੀ ਅਤੇ ਰੰਗ ਵੀ ਚੋਖਾ ਆ ਜਾਂਦਾ। ਮੇਰਾ ਖਿਆਲ ਹੈ ਤੁਸੀਂ ਸਮਝ ਗਏ ਹੋਵੋਗੇ ਕਿ ਕਿਸੇ ਚੀਜ਼ ਬਾਰੇ ਝੂਠ, ਮੂਠ, ਫਰਜ਼ੀ ਜਾਂ ਖਿਆਲੀ ਵਿਸ਼ਵਾਸ ਕਰਨ ਤੋਂ ਕੀ ਮਤਲਬ ਹੁੰਦਾ ਹੈ।

*ਆਸਤਿਕ - ਹਾਂ ਜੀ, ਇਹ ਤਾਂ ਮੈਂ ਸਮਝ ਗਿਆ ਪਰ ਜੇਕਰ ਤੁਸੀਂ ਕਦੀ ਕੋਈ*

*ਸੱਚਮੁੱਚ ਦੀ ਔਰਤ ਨਾ ਦੇਖੀ ਹੁੰਦੀ ਤਾਂ ਤੁਸੀਂ ਆਪਣੀ ਐਸੀ ਪਤਨੀ ਦੀ ਕਲਪਿਤ ਤਸਵੀਰ ਵੀ ਕਦੇ ਨਾ ਬੰਨ੍ਹ ਸਕਦੇ।*

ਨਾਸਤਿਕ - ਹਾਂ ਇਹ ਸੱਚ ਹੈ, ਬਿਲਕੁਲ ਸੱਚ ਹੈ। ਜਦ ਤੱਕ ਕਿਸੇ ਤਰ੍ਹਾਂ ਦਾ ਕੋਈ ਸੱਚਾ ਵਜੂਦ ਨਾ ਹੋਵੇ ਅਤੇ ਉਹਦਾ ਕਿਸੇ ਇਨਸਾਨ ਨੂੰ ਗਿਆਨ ਨਾ ਹੋਵੇ ਤਦ ਤੱਕ ਉਸਦੇ ਨਮੂਨੇ ਤੇ ਉਹ ਕੋਈ ਕਲਪਿਤ ਤਸਵੀਰ ਨਹੀਂ ਬਣਾ ਸਕਦਾ। ਤੁਸੀਂ ਜਿਸ ਨੂੰ ਈਸ਼ਵਰ, ਪ੍ਰਮੇਸ਼ਵਰ, ਵਾਹਿਗੁਰੂ, ਖ਼ੁਦਾ, ਅੱਲਾ ਜਾਂ ਗੌਡ ਕਹਿੰਦੇ ਹੋ ਅਤੇ ਹੋਰ ਹਜ਼ਾਰਾਂ ਲੋਕ ਜਿਸ ਨੂੰ ਗਣੇਸ਼, ਭੈਰੋਂ, ਦੁਰਗਾ, ਕਾਲੀ, ਸਰਸਵਤੀ, ਸੀਤਲਾ ਆਦਿ ਦੇਵਤੇ ਅਤੇ ਦੇਵੀਆਂ ਕਹਿੰਦੇ ਹਨ। ਉਹ ਸਭ ਮੇਰੀ ਕਲਪਿਤ ਪਤਨੀ ਦੀ ਤਰ੍ਹਾਂ ਫਰਜ਼ੀ ਰੱਬ, ਦੇਵਤੇ ਅਤੇ ਦੇਵੀਆਂ ਹਨ। ਉਨ੍ਹਾਂ ਸਾਰਿਆਂ ਦੀ ਇਨਸਾਨ ਨੇ ਸੱਚ-ਮੁੱਚ ਦੇ ਇਨਸਾਨ ਜਾਂ ਪਸ਼ੂ ਨੂੰ ਦੇਖ ਕੇ ਅਤੇ ਜਾਣ ਕੇ ਹੀ ਕਲਪਣਾ ਕੀਤੀ ਹੈ ਅਤੇ ਇਸੇ ਲਈ ਵੱਖ ਵੱਖ ਸਮੇਂ ਦੇ ਵੱਖ ਵੱਖ ਲੋਕਾਂ ਨੇ ਆਪਣੀਆਂ ਆਪਣੀਆਂ ਵੱਖਰੀਆਂ ਹਾਲਾਤਾਂ ਦੇ ਅਨੁਸਾਰ ਵੱਖਰੇ ਵੱਖਰੇ ਈਸ਼ਵਰਾਂ, ਦੇਵਤਿਆਂ ਅਤੇ ਦੇਵੀਆਂ ਦੀ ਕਲਪਣਾ ਕੀਤੀ ਹੈ। ਇਨ੍ਹਾਂ ਸਾਰਿਆਂ ਬਾਰੇ ਆਪਾਂ ਪਹਿਲਾਂ ਹੀ ਚਰਚਾ ਕਰ ਚੁੱਕੇ ਹਾਂ ਕਿ ਇਹ ਵੱਖਰੇ ਵੱਖਰੇ ਰੱਬਾਂ, ਈਸ਼ਵਰਾਂ ਦੀਆਂ ਕਿਵੇਂ ਕਲਪਨਾਵਾਂ ਹੋਈਆਂ।

*ਆਸਤਿਕ - ਇਹ ਬਿਆਨ ਤਾਂ ਤੁਹਾਡਾ ਜ਼ਰੂਰ ਠੀਕ ਲਗਦਾ ਹੈ ਪਰ ਤੁਸੀਂ ਇਹ ਦੱਸੋ ਕਿ ਕੋਈ ਵਜੂਦ ਸੱਚਾ ਹੈ ਜਾਂ ਫਰਜ਼ੀ ਅਤੇ ਝੂਠਾ ਹੈ, ਉਸ ਦੀ ਕੀ ਪਛਾਣ ਹੈ?*

ਨਾਸਤਿਕ - ਉਹਦੀ ਪਛਾਣ ਉਨ੍ਹਾਂ ਨਿਯਮਾਂ ਨੂੰ ਸਮਝਣ ਅਤੇ ਗ੍ਰਹਿਣ ਕਰਨ ਨਾਲ ਹੋ ਸਕਦੀ ਹੈ, ਜਿਹਨਾਂ ਦੇ ਬਿਨਾਂ ਤੇ ਇਸ ਕਾਲ ਵਿਚ ਵੱਖ ਵੱਖ ਤਰ੍ਹਾਂ ਦੇ ਵਿਗਿਆਨ ਦੀ ਖੋਜ ਹੋ ਰਹੀ ਹੈ। ਹੁਣ ਜੇ ਮੈਂ ਆਪਣੀ ਫਰਜ਼ੀ ਪਤਨੀ ਨੂੰ ਆਪਣੀ ਮੂਰਖਤਾ ਦੇ ਕਾਰਨ ਸੱਚਮੁੱਚ ਦੀ ਸਮਝ ਲਵਾਂ ਜਾਂ ਵਿਸ਼ਵਾਸ ਕਰ ਲਵਾਂ ਅਤੇ ਕੋਈ ਸੂਝਵਾਨ ਆਦਮੀ ਮੈਨੂੰ ਇਸ ਕਾਲਪਨਿਕ ਵਿਸ਼ਵਾਸ ਤੋਂ ਨਿਜਾਤ ਦੁਆਣੀ ਚਾਹਵੇ ਤਾਂ ਉਹ ਮੈਨੂੰ ਇਸ ਤਰ੍ਹਾਂ ਕਹੇਗਾ ਕਿ ਤੁਸੀਂ ਆਪਣੀ ਪਤਨੀ ਨੂੰ ਕਹੋ ਕਿ ਮੇਜ਼ ਤੇ ਜਿਹੜੀ ਘੜੀ ਰੱਖੀ ਹੈ, ਉਸ ਨੂੰ ਵੇਖ ਕੇ ਦੱਸੇ ਕਿ ਕੀ ਵਕਤ ਹੋਇਆ ਹੈ? ਹੁਣ ਜੇਕਰ ਤੁਹਾਡੀ ਪਤਨੀ ਕਲਪਿਤ ਹੈ ਤਾਂ ਉਹ ਨਾਂ ਤੁਹਾਡੀ ਇਸ ਗੱਲ ਨੂੰ ਸੁਣ ਸਕੇਗੀ ਅਤੇ ਨਾ ਹੀ ਵਕਤ ਦੱਸੇਗੀ ਤੁਸੀਂ ਉਸ ਨੂੰ ਆਖੋ ਕਿ ਫਲਾਣੀ ਚੀਜ਼ ਚੁੱਕ ਕੇ ਲੈ ਆਉ, ਪਰ ਤੁਹਾਡੀ ਕਲਪਿਤ ਪਤਨੀ ਤੁਹਾਨੂੰ ਉਹ ਚੀਜ਼ ਚੁੱਕ ਕੇ ਨਹੀਂ ਦੇਵੇਗੀ। ਅਗਰ ਤੁਸੀਂ ਕਹੋ ਕਿ ਮੇਰੇ ਲਈ ਦਸ ਵਜੇ ਤੱਕ ਰੋਟੀ ਬਣਾ ਰੱਖਣਾ ਤਾਂ ਤੁਸੀਂ ਦੇਖੋਗੇ ਕਿ ਉਸ ਨੇ ਕੋਈ ਰੋਟੀ ਨਹੀਂ ਬਣਾਈ ਅਤੇ ਤੁਸੀਂ ਇਸ ਆਸ ਵਿਚ ਭੁੱਖੇ ਦੇ ਭੁੱਖੇ ਰਹਿ ਜਾਓਗੇ ਕਿਉਂਕਿ ਖਿਆਲੀ ਪਤਨੀ ਕੋਈ ਖਾਣਾ ਨਹੀਂ ਪਕਾ ਸਕਦੀ। ਗਰਮੀ ਦੇ ਵੇਲੇ ਤੁਹਾਨੂੰ ਠੰਡੇ ਪਾਣੀ ਅਤੇ ਪੱਖੇ ਦੀ ਹਵਾ ਦੀ ਜ਼ਰੂਰਤ ਹੋਵੇ ਤਾਂ ਕਲਪਿਤ ਪਤਨੀ ਤੁਹਾਨੂੰ ਠੰਡਾ ਪਾਣੀ ਪਿਲਾ ਕੇ ਅਤੇ ਪੱਖੇ ਨਾਲ ਹਵਾ ਕਰਕੇ ਤੁਹਾਡੀ ਗਰਮੀ ਨੂੰ ਦੂਰ ਨਹੀਂ ਕਰ ਸਕਦੀ।

ਵਿਗਿਆਨ ਦੀ ਇਸ ਵਿਧੀ ਨੂੰ ਪ੍ਰੀਕਸ਼ਾ, ਪ੍ਰਯੋਗ, ਤਜ਼ਰਬਾ ਜਾਂ ਟੈਸਟ ਕਹਿੰਦੇ ਹਨ। ਜੇ ਤੁਸੀਂ ਇਸ ਤਜ਼ਰਬੇ ਦੀ ਕਸੌਟੀ ਤੋਂ ਕੰਮ ਲਵੋ ਅਤੇ ਆਪਣੇ ਕੁਦਰਤੀ ਵਰਤਾਰਿਆਂ ਦੀ ਸਮਝ ਤੋਂ ਮੂੰਹ ਨਾ ਮੋੜੋ ਤਾਂ ਫਿਰ ਝੂਠੇ ਵਜੂਦ ਨੂੰ ਝੂਠਾ ਅਤੇ ਸੱਚੇ ਵਜੂਦ ਨੂੰ ਸੱਚਾ ਪਛਾਨਣ ਵਿਚ ਕੋਈ ਮੁਸ਼ਕਿਲ ਨਹੀਂ ਆਵੇਗੀ।

ਕਿਸੇ ਇਨਸਾਨ ਵਿਚ ਬੁੱਧੀ ਦਾ ਜਦ ਤੱਕ ਕਾਫੀ ਵਿਕਾਸ ਨਾ ਹੋਵੇ ਅਤੇ ਉਸ ਨੂੰ ਕਿਸੇ ਮਿਥਿਆ ਵਿਸ਼ਵਾਸ ਨੂੰ ਛੱਡਣ ਦੀ ਸੱਚੀ ਲੋੜ ਮਾਲੂਮ ਨਾ ਹੋਵੇ ਤਦ ਤੱਕ ਉਹ ਉਹਨੂੰ ਨਹੀਂ ਛੱਡ ਸਕਦਾ ਅਤੇ ਨਾ ਹੀ ਉਹਨੂੰ ਛੱਡਣ ਦੀ ਲੋੜ ਮਹਿਸੂਸ ਹੁੰਦੀ ਹੈ। ਇਸ ਤੋਂ ਮੁਕਤੀ ਪਾਉਣ ਲਈ ਉਹਨੂੰ ਕਿਸੇ ਵਿਗਿਆਨਕ ਕਸੌਟੀ ਤੇ ਰੱਖ ਕੇ ਪਰਖਣਾ ਚਾਹੀਦਾ ਹੈ। ਇਹ ਹੀ ਕਾਰਨ ਹੈ ਕਿ ਗਣੇਸ਼, ਭੈਰੋਂ, ਕਾਲੀ, ਦੁਰਗਾ, ਸੀਤਲਾ, ਈਸ਼ਵਰ, ਅੱਲਾ, ਰੱਬ, ਖ਼ੁਦਾ, ਗੌਡ ਆਦਿ ਦਾ ਸਿੱਖਿਆ ਵਿਸ਼ਵਾਸ ਵੀ ਕਰੋੜਾਂ ਲੋਕਾਂ ਵਿਚ ਵੜਿਆ ਹੋਇਆ ਹੈ। ਅਗਰ ਤੁਹਾਨੂੰ ਝੂਠ ਦੀ ਬਜਾਏ ਸੱਚ ਦੀ ਜ਼ਰੂਰਤ ਮਹਿਸੂਸ ਹੁੰਦੀ ਹੋਵੇ ਤਾਂ ਤੁਸੀਂ ਵਿਗਿਆਨ ਦੀ ਇਸ ਤਜ਼ਰਬੇ ਵਾਲੀ ਕਸੌਟੀ ਤੇ ਆਪਣੇ ਵਿਸ਼ਵਾਸ ਨੂੰ ਪਰਖ ਕੇ ਦੇਖੋਗੇ ਅਤੇ ਫਿਰ ਤੁਹਾਨੂੰ ਉਨ੍ਹਾਂ ਦਾ ਖੋਟਾ ਅਤੇ ਖਾਰਾਪਣ ਆਪ ਹੀ ਮਲੂਮ ਹੋ ਜਾਵੇਗਾ।

*ਆਸਤਿਕ - ਸ੍ਰੀਮਾਨ ਜੀ, ਮੈਂ ਹੋਰ ਲੱਖਾਂ ਕਰੋੜਾਂ ਇਨਸਾਨਾਂ ਦੀ ਤਰ੍ਹਾਂ ਹਠੀ ਅਤੇ ਇਕਪਾਸੜ ਨਹੀਂ ਹਾਂ ਅਤੇ ਨਾ ਹੀ ਮੈਂ ਕੱਟੜ ਹਾਂ ਅਤੇ ਆਪਣੇ ਦਿਮਾਗ ਨੂੰ ਕੋਈ ਈਸ਼ਵਰ ਬਾਰੇ ਜਿਸ ਜਿਸ ਤਰ੍ਹਾਂ ਨਾਲ ਸੋਚਣ ਅਤੇ ਵਿਚਾਰਨ ਬਾਰੇ ਕਹੋਗੇ ਮੈਂ ਉਹਦੇ ਆਧਾਰ ਤੇ ਹੀ ਕੋਈ ਇਹਦੇ ਬਾਰੇ ਨਤੀਜਾ ਕੱਢਣ ਦੀ ਕੋਸ਼ਿਸ਼ ਕਰਾਂਗਾ।*


## तर्कभारती प्रकाशन, बरनाला की हिन्दी व अंग्रेजी में प्रकाशित पुस्तकें

| | | |
|---|---|---|
| 1. | और देव पुरुष हार गये | 25/- |
| 2. | देव और दानव | 40/- |
| 3. | भुतों का शिकार | 40/- |
| 4. | विज्ञान और पराविज्ञान | 40/- |
| 5. | रौशनी | 20/- |
| 6. | प्रमात्मा कब, कहां, और कैसे ? | 20/- |
| 7. | हिप्नोटिजम क्या, क्यों और कैसे ? | 15/- |
| 8. | कण-कण में विज्ञान | 15/- |
| 9. | ज्योतिष झुठ बोलता है ! | 30/- |
| 10. | तर्कशील जादुगर | 20/- |
| 11. | वैज्ञानिक जादुगर | 20/- |
| 12. | रजनीश बेनकाब | 30/- |
| 13. | मैं कौन हूं | 20/- |
| 14. | अतीत के साये में | 40/- |
| 15. | लेकिन ये सच है | 40/- |
| 16. | जीवन संग्राम | 30/- |
| 17. | समय का इतिहास | 20/- |
| 18. | दिमागी विकास कैसे करें | 20/- |
| 19. | **शहीद भगत सिंह की कुछ चुनिंदा रचनाऐं** | 50/- |
| 20. | **धर्म के नाम पर दरिन्दगी** | 30/- |
| 21. | **झुठ की पुजा** | 40/- |
| 22. | **तर्कशील संदेश** | 30/- |
| 23. | **तर्कशील वार्ता** | 40/- |
| 24. | **सिक्ख भाईयों से कुछ बातें** | 40/- |
| 25. | Fortune Telling Exposed | 70/- |

# ਬਹੁਤ ਕੰਮ ਦੀ ਚੀਜ਼ ਹੈ

# ਮੋਬਾਇਲ



ਮੋਬਾਇਲ ਫ਼ੋਨ ਸਾਡੀ ਜ਼ਿੰਦਗੀ ਦਾ ਮਹੱਤਵਪੂਰਣ ਹਿੱਸਾ ਹੈ। ਬਾਜ਼ਾਰ 'ਚ ਆਈਫੋਨ ਆਉਣ ਤੋਂ ਬਾਅਦ ਮੀਡੀਆ 'ਚ, ਵੈਬਸਾਈਟਾਂ 'ਤੇ ਅਤੇ ਬਲਾਗਸ 'ਤੇ ਇਸਦੀ ਖ਼ੂਬ ਚਰਚਾ ਹੋਈ। ਆਈਫ਼ੋਨ ਦੀ ਕੀਮਤ ਕਾਫੀ ਜ਼ਿਆਦਾ ਹੈ ਇਸ ਲਈ ਭਾਰਤ 'ਚ ਇਸਦੇ ਉਪਭੋਗਤਾ ਘੱਟ ਹਨ ਪਰ ਆਮ ਮੋਬਾਇਲ ਫ਼ੋਨ ਦੀ ਗੱਲ ਕਰੀਏ ਤਾਂ ਅਜਿਹਾ ਅਹਿਸਾਸ ਹੋਵੇਗਾ ਕਿ ਫ਼ੋਨ ਦੇ ਬਿਨਾਂ ਜ਼ਿੰਦਗੀ ਅਧੂਰੀ ਹੈ। ਅੱਜ ਦੇ ਦੌਰ 'ਚ ਮੋਬਾਇਲ ਦੇ ਬਿਨਾਂ ਜ਼ਿੰਦਗੀ ਦੀ ਕਲਪਨਾ ਕਰਨ 'ਤੇ ਸ਼ਾਇਦ ਅਸੀਂ ਸਹਿਜ ਮਹਿਸੂਸ ਕਰਨ ਲੱਗੀਏ। ਇਸ ਬਾਰੇ ਬਿਗ ਬੌਸ 'ਚ ਭਾਗ ਲੈਣ ਵਾਲੇ ਕਲਾਕਾਰਾਂ ਤੋਂ ਵਧੀਆ ਕੌਣ ਦੱਸ ਸਕਦਾ ਹੈ।

ਭਾਵੇਂ ਮੋਬਾਇਲ ਫ਼ੋਨ ਸਾਡੀ ਜ਼ਿੰਦਗੀ ਦਾ ਹਿੱਸਾ ਹਨ ਪਰ ਕਈ ਵਾਰ ਇਹ ਪਰੇਸ਼ਾਨੀ ਦਾ ਕਾਰਨ ਬਣ ਜਾਂਦੇ ਹਨ। ਜਿਵੇਂ ਤੁਸੀਂ ਕੰਮ 'ਚ ਰੁੱਝੇ ਹੋਵੋ ਅਤੇ ਤੁਹਾਡਾ ਫ਼ੋਨ ਵੱਜਣ ਲੱਗ ਜਾਵੇ। ਪਰ ਇਸ ਸਮੱਸਿਆ ਦਾ ਵੀ ਹੱਲ ਹੈ ਕਿ ਤੁਸੀਂ ਆਪਣੇ ਮੋਬਾਇਲ ਨੂੰ ਸਾਈਲੈਂਟ 'ਤੇ ਲਗਾ ਸਕਦੇ ਹੋ। ਇਸਦੇ ਇਲਾਵਾ ਕਈ ਕੰਪਨੀਆਂ ਵੀ ਅਜਿਹੀਆਂ ਸਹੂਲਤਾਂ ਉਪਲੱਬਧ ਕਰਵਾ ਰਹੀਆਂ ਹਨ ਕਿ ਜੇਕਰ ਤੁਹਾਡਾ ਫ਼ੋਨ ਬੰਦ ਹੋ ਜਾਵੇ ਤਾਂ ਵੀ ਕਾਲ ਆਉਣ ਦੇ ਬਾਰੇ ਪਤਾ ਚੱਲ ਸਕੇਗਾ। ਫ਼ੋਨ ਓਨ ਕਰਦੇ ਹੀ ਤੁਹਾਨੂੰ ਇਹ ਪਤਾ ਲੱਗ ਜਾਵੇਗਾ ਕਿ ਤੁਹਾਨੂੰ ਕਿੰਨੀਆਂ ਕਾਲਾਂ ਆਈਆਂ। ਇਹ ਸਾਰੀਆਂ ਕਾਲਾਂ ਮਿਸ ਕਾਲ ਦੇ ਰੂਪ ਵਿਚ ਦਰਜ ਹੋ ਜਾਣਗੀਆਂ। ਇਕ ਤਰੀਕਾ ਇਹ ਵੀ ਹੈ ਕਿ ਤੁਸੀਂ ਆਪਣੇ ਮੋਬਾਇਲ ਨੂੰ ਬੈਟਰੀ ਤੋਂ ਅਲੱਗ ਕਰ ਸਕਦੇ ਹੋ। ਅਜਿਹੀ ਸਥਿਤੀ 'ਚ ਤੁਹਾਡਾ ਫ਼ੋਨ 'ਪਹੁੰਚ ਤੋਂ ਬਾਹਰ' ਹੋ ਜਾਵੇਗਾ ਅਤੇ ਕੋਈ ਇਹ ਵੀ ਸ਼ਿਕਾਇਤ ਨਹੀਂ ਕਰ ਸਕੇਗਾ ਕਿ ਤੁਸੀਂ ਆਪਣਾ ਫ਼ੋਨ ਬੰਦ ਕਰ ਰੱਖਿਆ ਹੈ। ਮੌਜੂਦਾ ਸਮੇਂ 'ਚ ਭਾਰਤ 'ਚ 40 ਕਰੋੜ ਤੋਂ ਜ਼ਿਆਦਾ ਮੋਬਾਇਲ ਉਪਭੋਗਤਾ ਹਨ ਜਿਨ੍ਹਾਂ 'ਚ 30 ਫੀਸਦੀ ਗ੍ਰਾਮੀਣ ਇਲਾਕਿਆਂ 'ਚ ਹੈ। ਅਨੁਮਾਨ ਹੈ ਕਿ 2012 ਤੱਕ ਭਾਰਤੀ ਮੋਬਾਇਲ ਫ਼ੋਨ ਦਾ ਬਾਜ਼ਾਰ ਦੁੱਗਣਾ ਹੋ ਜਾਵੇਗਾ। ਦਰਅਸਲ, ਕੰਪਨੀਆਂ ਨਵੀਂ ਰਣਨੀਤੀ, ਨਵੇਂ ਤਰ੍ਹਾਂ ਦੇ ਫ਼ੋਨ, ਨਵੀਆਂ ਸੇਵਾਵਾਂ ਦੇ ਨਾਲ ਬਾਜ਼ਾਰ 'ਚ ਉਤਾਰ ਰਹੀਆਂ ਹਨ। ਭਾਰਤੀ ਬਾਜ਼ਾਰ 'ਚ ਕੰਪਨੀਆਂ ਚੀਨ ਦੇ ਸਸਤੇ ਮੋਬਾਇਲ ਫ਼ੋਨ ਨਾਲ ਮੁਕਾਬਲਾ ਕਰਨ ਦੇ ਲਈ ਸਸਤੇ ਫ਼ੋਨ ਬਾਜ਼ਾਰ 'ਚ ਉਤਾਰ ਰਹੀਆਂ ਹਨ। ਭਾਰਤ 'ਚ ਚੀਨੀ ਮੋਬਾਇਲ ਫ਼ੋਨ ਦੀ ਵਿਕਰੀ 'ਤੇ ਪਾਬੰਦੀ ਹੈ। ਇਸਦੇ ਬਾਵਜੂਦ ਇਹ ਫ਼ੋਨ ਖੁੱਲ੍ਹੇਆਮ ਵਿਕ ਰਹੇ ਹਨ। ਫ਼ੋਨ ਦੇ ਮਾਧਿਅਮ ਨਾਲ ਅਸੀਂ ਲੋਕਾਂ ਦੇ, ਆਪਣੇ ਪਰਿਵਾਰ ਦੇ, ਆਪਣੇ ਕੰਮ ਨਾਲ ਅਤੇ ਦੋਸਤਾਂ ਨਾਲ ਸੰਪਰਕ 'ਚ ਰਹਿੰਦੇ ਹਾਂ। ਉਨ੍ਹਾਂ ਨੂੰ ਮੈਸੇਜ ਭੇਜਦੇ ਹਾਂ। ਫ਼ੋਨ ਦੇ ਮਾਧਿਅਮ ਨਾਲ ਲੱਖਾਂ ਲੋਕ ਮੁਸੀਬਤ ਦੇ ਸਮੇਂ ਐਬੂਲੈਂਸ ਦੀ ਮਦਦ ਪ੍ਰਾਪਤ ਕਰ ਲੈਂਦੇ ਹਨ। ਮੋਬਾਇਲ ਦੇ ਹੋਰ ਕਈ ਉਪਯੋਗ ਹਨ। ਜੋਤਸ਼ੀ, ਖ਼ਬਰਾਂ, ਖੇਡ ਅਤੇ ਹੋਰ ਸ਼ੇਅਰੋ ਸ਼ਾਇਰੀ ਵਰਗੀ ਸਮੱਗਰੀ ਡਾਊਨਲੋਡ ਕੀਤੀ ਜਾ ਸਕਦੀ ਹੈ। ਮੋਬਾਇਲ 'ਚ ਕੈਮਰਾ ਹੋਵੇ ਤਾਂ ਕਿਤੇ ਵੀ ਅਤੇ ਕਦੋਂ ਵੀ ਕਿਸੇ ਦੀ ਤਸਵੀਰ ਲਈ ਜਾ ਸਕਦੀ ਹੈ। ਰਿਕਾਰਡਿੰਗ ਦੀ ਸਹੂਲਤ ਮੋਬਾਇਲ ਨੂੰ ਹੋਰ ਵੀ ਜ਼ਿਆਦਾ ਖਾਸ ਬਣਾਉਂਦੀ ਹੈ। ਹੁਣ ਆਈਫ਼ੋਨ 'ਚ ਇੰਟਰਨੈਟ ਦੀ ਵੀ ਸਹੂਲਤ ਹੈ। ਗ੍ਰਾਮੀਣ ਭਾਰਤ 'ਚ ਮੋਬਾਇਲ ਫ਼ੋਨ ਦਾ ਪ੍ਰਸਾਰ ਬਹੁਤ ਤੇਜ਼ੀ ਨਾਲ ਹੋ ਰਿਹਾ ਹੈ ਪਰ ਇੱਥੇ ਬਿਜਲੀ ਦੀ ਮੁਸੀਬਤ ਹੈ। ਇਸ ਲਈ ਇੱਥੇ ਬੈਟਰੀ ਨੂੰ ਚਾਰਜ ਕਰਨਾ ਇਕ ਵੱਡੀ ਚੁਣੌਤੀ ਹੈ। ਗ੍ਰਾਮੀਣ ਇਲਾਕਿਆਂ 'ਚ ਹਮੇਸ਼ਾ ਅਜਿਹੀਆਂ ਕਹਾਣੀਆਂ ਸੁਣਨ ਨੂੰ ਮਿਲਦੀਆਂ ਹਨ ਕਿ ਲੋਕ ਆਪਣੇ ਮੋਬਾਇਲ ਦੀ ਬੈਟਰੀ ਨੂੰ ਚਾਰਜ ਕਰਨ ਦੇ ਲਈ 20-20 ਕਿਲੋਮੀਟਰ ਦੂਰ ਤੱਕ ਜਾਂਦੇ ਹਨ ਪਰ ਇੱਥੇ ਇਸ ਸਮੱਸਿਆ ਦਾ ਹੱਲ ਕਰਨ ਲਈ ਵੀ ਇਕ ਤਰੀਕਾ ਹੈ। ਤੁਸੀਂ ਬੈਟਰੀ ਨਾਲ ਜੁੜੀ ਇਕ ਵਿਸ਼ੇਸ਼ ਮੋਟੀ ਤਾਰ ਦੇ ਮਾਧਿਅਮ ਨਾਲ ਮੋਬਾਇਲ ਨੂੰ ਚਾਰਜ ਕਰ ਲਿਆ ਜਾਂਦਾ ਹੈ। ਪਿਛਲੇ ਦਿਨੀਂ ਮੀਡੀਆ 'ਚ ਖ਼ਬਰ ਆਈ ਕਿ ਕਿਸਾਨਾਂ, ਖੁਦਰਾ ਵਪਾਰੀਆਂ ਅਤੇ ਵਿਤਰਣ ਕੇਂਦਰਾਂ ਨੂੰ ਮੋਬਾਇਲ ਦੇ ਮਾਧਿਅਮ ਨਾਲ ਜੋੜਿਆ ਜਾਵੇ ਤਾਂ ਕਿ ਕਿਸਾਨਾਂ ਨੂੰ ਉਨ੍ਹਾਂ ਦੀ ਉਪਜ ਦਾ ਸਹੀ ਮੁੱਲ ਮਿਲ ਸਕੇ। ਤਾਂਕਿ ਉਹ ਸਮੇਂ 'ਤੇ ਫਸਲਾਂ ਵੇਚ ਸਕਣ। ਮੋਬਾਇਲ ਫ਼ੋਨ ਨੂੰ ਟੀ. ਵੀ. ਰਿਮੋਟ ਦੀ ਤਰ੍ਹਾਂ ਪ੍ਰਯੋਗ ਕੀਤਾ ਜਾਂਦਾ ਹੈ। ਜੇਕਰ ਤੁਹਾਡੇ ਫ਼ੋਨ ਇਨਫਰਾਰੈਡ ਪਾਰਟ ਹੈ ਤਾਂ ਕੁਝ ਸਾਫ਼ਟਵੇਅਰ ਦੀ ਮੱਦਦ ਨਾਲ ਮੋਬਾਇਲ ਨੂੰ ਟੀ. ਵੀ. ਰਿਮੋਟ ਦੇ ਰੂਪ 'ਚ ਵਰਤ ਸਕਦੇ ਹੋ। ਅਜਿਹੇ ਸਾਫ਼ਟਵੇਅਰ ਭਾਰਤ 'ਚ ਅਸਾਨੀ ਨਾਲ ਉਪਲੱਬਧ ਹਨ। ਮੋਬਾਇਲ ਫ਼ੋਨ ਨੇ ਅਲਾਰਮ ਘੜੀ ਅਤੇ ਹੱਥ ਵਾਲੀਆਂ ਘੜੀਆਂ ਨੂੰ ਵਪਾਰ ਦੇ ਰੂਪ ਵਿਚ ਕਾਫ਼ੀ ਪ੍ਰਭਾਵਿਤ ਕੀਤਾ ਹੈ। ਮੋਬਾਇਲ ਨਾਲ ਨਾ ਸਿਰਫ਼ ਤੁਸੀਂ ਟਾਈਮ ਦੇਖ ਸਕਦੇ ਹੋ ਸਗੋਂ ਤੁਸੀਂ ਅਲਾਰਮ ਵੀ ਲਗਾ ਸਕਦੇ ਹੋ। ਆਪਣੇ ਜ਼ਰੂਰੀ ਕੰਮ ਦੇ ਲਈ ਜਾਂ ਕਿਸੇ ਨਾਲ ਮਿਲਣ ਦਾ ਸਮਾਂ ਵੀ ਸੈਟ ਕਰ ਸਕਦੇ ਹੋ। ਨਿਸਚਿਤ ਸਮੇਂ 'ਤੇ ਮੋਬਾਇਲ ਤੁਹਾਡੇ ਕੰਮ ਵੀ ਯਾਦ ਕਰਵਾ ਦਿੰਦਾ ਹੈ। ਛੋਟੇ ਬੱਚਿਆਂ ਲਈ ਇਹ ਖਿਡੌਣੇ ਦਾ ਕੰਮ ਵੀ ਕਰਦਾ ਹੈ। ਇਸਦੇ ਇਲਾਵਾ ਮੋਬਾਇਲ 'ਚ ਮੌਜੂਦ ਟਾਰਚ ਵੀ ਲੋਕਾਂ ਦੇ ਲਈ ਬਹੁਤ ਕੰਮ ਦੀ ਚੀਜ਼ ਹੈ। ਮੀਡੀਆ ਰਿਪੋਰਟਾਂ 'ਚ ਕਿਹਾ ਗਿਆ ਹੈ ਕਿ ਜਿਨ੍ਹਾਂ ਇਲਾਕਿਆਂ 'ਚ ਸਰਕਾਰ ਵੱਖ-ਵੱਖ ਯੋਜਨਾਵਾਂ ਦੇ ਅਧੀਨ ਧਨ ਉਪਲੱਬਧ ਕਰਵਾਉਂਦੀ ਹੈ ਉੱਥੇ ਮੋਬਾਇਲ ਫ਼ੋਨ ਦੀ ਵਿਕਰੀ ਵੀ ਵੱਧ ਜਾਂਦੀ ਹੈ। ਇੱਥੋਂ ਤੱਕ ਕਿ ਆਪਣੀ ਰਾਹਤ ਦੇ ਲਈ ਜਿਨ੍ਹਾਂ ਇਲਾਕਿਆਂ 'ਚ ਸਰਕਾਰ ਨੇ ਲੋਕਾਂ ਨੂੰ ਧਨ ਮੁਹੱਈਆ ਕਰਵਾਇਆ ਉਥੇ ਮੋਬਾਇਲ ਫ਼ੋਨ ਦੀ ਵਿਕਰੀ 'ਚ ਵੀ ਤੇਜ਼ੀ ਦੇਖਣ ਨੂੰ ਮਿਲੀ। ਜ਼ਾਹਿਰ ਹੈ ਕਿ ਮੋਬਾਇਲ ਤੁਹਾਡੇ ਲਈ ਬਹੁਤ ਹੀ ਜ਼ਰੂਰੀ ਚੀਜ਼ ਬਣ ਗਿਆ ਹੈ।

- g{ik pK;b

# ਵਿਗਿਆਨਕ ਖ਼ਬਰਾਂ

## ■ ਦੁਨੀਆਂ ਦੀ ਸਭ ਤੋਂ ਲੰਬੀ ਸੁਰੰਗ ਤਿਆਰ

ਸਵਿਟਜਰਲੈਂਡ ਦੇ ਇੰਜੀਨੀਅਰਾਂ ਨੇ ਦੁਨੀਆਂ ਦੀ ਸਭ ਤੋਂ ਲੰਬੀ ਸੁਰੰਗ ਤਿਆਰ ਕੀਤੀ। ਐਪਲਸ ਦੇ ਬਰਫ਼ੀਲੇ ਪਹਾੜਾਂ ਵਿਚਕਾਰ 57 ਕਿਲੋਮੀਟਰ ਲੰਬੀ ਸੁਰੰਗ ਨੂੰ ਲਾਈਵ ਟੈਲੀਕਾਸਟ ਦੇ ਨਾਲ ਦੁਨੀਆਂ ਦੇ ਸਾਹਮਣੇ ਪੇਸ਼ ਕੀਤਾ। ਸੁਰੰਗ ਤੋਂ ਜਰਮਨੀ ਟੂ ਇਟਲੀ ਦਾ ਸ਼ਾਰਟਕਟ ਬਣਿਆ।



ਆਖਰੀ ਸਮੇਂ ਇੰਜੀਨੀਅਰ ਦੇ ਸਾਹਮਣੇ ਇਕ ਚਟਾਨ ਆਈ। ਡੇਢ ਮੀਟਰ ਮੋਟੀ ਇਸ ਚਟਾਨ ਨੂੰ ਟਨਲ ਬੋਰਿੰਗ ਮਸ਼ੀਨ ਨਾਲ ਹਟਾਉਂਦੇ ਹੀ ਚਾਨਣ ਦਿਸਣ ਲੱਗਾ। ਇਸ ਤਰ੍ਹਾਂ ਤਾੜੀਆਂ ਦੀ ਅਵਾਜ਼ ਦੇ ਨਾਲ ਸੁਰੰਗ ਬਣਾਉਣ ਦਾ ਕੰਮ ਪੂਰਾ ਹੋਇਆ। ਇਸ ਇਤਿਹਾਸਕ ਪਲ ਦੇ ਗਵਾਹ ਯੂਰਪ ਦੇ ਜ਼ਿਆਦਾਤਰ ਦੇਸ਼ਾਂ ਦੇ ਟਰਾਂਸਪੋਰਟ ਮੰਤਰੀ ਵੀ ਬਣੇ।

ਪੂਰੇ ਪੱਛਮੀ ਯੂਰਪ 'ਚ ਸੁਰੰਗ ਨਿਰਮਾਣ ਦੇ ਆਖਰੀ ਸਮੇਂ ਦਾ ਲਾਈਵ ਟੈਲੀਕਾਸਟ ਵੀ ਕੀਤਾ ਗਿਆ। ਸੁਰੰਗ ਨੂੰ 'ਗਹਿਰਾਈ' ਟਨਲ ਦਾ ਨਾਮ ਦਿੱਤਾ ਗਿਆ ਹੈ। 35.4 ਮੀਲ ਯਾਨੀ 57 ਕਿਲੋਮੀਟਰ ਲੰਬੀ ਇਹ ਸੁਰੰਗ ਰੇਲ ਗੱਡੀਆਂ ਦੇ ਲਈ ਬਣਾਈ ਗਈ ਹੈ। ਸੁਰੰਗ ਯੂਰਪ ਦੇ ਸਭ ਤੋਂ ਉੱਚੇ ਐਪਲਸ ਪਹਾੜਾਂ ਦੇ ਅੰਦਰ ਹੀ ਬਣਾਈ ਗਈ ਹੈ। ਇਸਦੀ ਮਦਦ ਨਾਲ ਜਰਮਨੀ ਸਿੱਧਾ ਇਟਲੀ ਨਾਲ ਜੁੜ ਜਾਵੇਗਾ। ਪ੍ਰੋਜੈਕਟ ਨਾਲ ਜੁੜੇ ਅਧਿਕਾਰੀਆਂ ਦਾ ਕਹਿਣਾ ਹੈ ਕਿ 2017 ਤੋਂ ਸੁਰੰਗ 'ਚ ਰੇਲਗੱਡੀਆਂ 250 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਦੌੜਨ ਲੱਗਣਗੀਆਂ। ਹਰ ਰੋਜ਼ 300 ਗੱਡੀਆਂ ਸੁਰੰਗ 'ਚੋਂ ਗੁਜਰ ਜਾਣਗੀਆਂ।

14 ਸਾਲ ਤੋਂ ਚਲ ਰਹੀ ਇਸ ਵੱਡੀ ਯੋਜਨਾ 'ਚ ਹੁਣ ਤੱਕ 10 ਅਰਬ ਡਾਲਰ ਤੋਂ ਜ਼ਿਆਦਾ ਖਰਚ ਹੋ ਚੁੱਕੇ ਹਨ। ਸਵਿਟਜਰਲੈਂਡ ਦੇ ਪਰਿਵਹਨ ਮੰਤਰੀ ਦਾ ਕਹਿਣਾ ਹੈ, "ਦੁਨੀਆਂ ਦੀ ਕਿਸੇ ਵੀ ਦੂਸਰੀ ਸੁਰੰਗ ਦੀ ਤੁਲਨਾ 'ਚ ਗਹਿਰਾਈ ਹਮੇਸ਼ਾ ਜ਼ਿਆਦਾ ਆਕਰਸ਼ਕ ਰਹੇਗੀ।" ਗੋਟਹਾਰਡ ਪ੍ਰੋਜੈਕਟ ਨਾਲ 2,500 ਲੋਕ ਜੁੜੇ ਰਹੇ, ਨਿਰਮਾਣ ਦੇ ਦੌਰਾਨ ਹੋਈਆਂ ਦੁਰਘਟਨਾਵਾਂ 'ਚ ਅੱਠ ਲੋਕਾਂ ਦੀ ਮੌਤ ਹੋਈ ਪਰ ਆਖਰੀ ਦਿਨ ਰਾਹ 'ਚ ਜੁਦਾ ਹੋਈਆਂ ਜ਼ਿੰਦਗੀਆਂ ਨੂੰ ਯਾਦ ਕਰਨ, ਆਪਸ 'ਚ ਗਲੇ ਲਗਾਉਣ ਅਤੇ ਜੋਰਦਾਰ ਪਾਰਟੀ ਵਾਲਾ ਰਿਹਾ।

ਇਸ ਤੋਂ ਪਹਿਲਾਂ ਸਭ ਤੋਂ ਲੰਬੀ ਸੁਰੰਗ ਬਣਾਉਣ ਦਾ ਸਿਹਰਾ ਜਪਾਨ ਦੇ ਕੋਲ ਸੀ, ਜਪਾਨ 'ਚ ਸਮੁੰਦਰ ਦੇ ਵਿਚਕਾਰ 53.8 ਕਿਲੋਮੀਟਰ ਲੰਬੀ ਸੁਰੰਗ ਹੈ, ਇਹ ਹੋਨਸ਼ੂ ਅਤੇ ਹੋਕਾਇਦੋ ਦੀਪਾਂ ਨੂੰ ਜੋੜਦੀ ਹੈ। ਇਸ ਤੋਂ ਯੂਰੋ ਟਨਲ ਦਾ ਨੰਬਰ ਆਉਂਦਾ ਹੈ। 50 ਕਿਲੋਮੀਟਰ ਲੰਬੀ ਯੂਰੋ ਟਨਲ ਵੀ ਸਮੁੰਦਰ ਦੇ ਅੰਦਰ ਹੀ ਅੰਦਰ ਫਰਾਂਸ ਅਤੇ ਬ੍ਰਿਟੇਨ ਨੂੰ ਜੋੜਦੀ ਹੈ।

## ■ ਮੁਰਗੀ ਅੰਨੀ ਤਾਂ ਅੰਡੇ ਜ਼ਿਆਦਾ

ਸੋਧ ਬਹੁਤ ਕੰਮ ਦੀ ਚੀਜ਼ ਹੈ ਸਮਾਜਿਕ ਖੇਤਰ 'ਚ ਸੋਧ ਵੀ ਅਤੇ ਸਮਾਜਿਕ ਅਤੇ ਕੁਦਰਤੀ ਵਿਗਿਆਨਕ ਖੇਤਰ ਦੇ ਸੰਯੁਕਤ ਸੋਧ



ਤਾਂ ਉਤਪਾਦਨ ਦੇ ਖੇਤਰ 'ਚ ਵੀ ਮਹੱਤਵਪੂਰਨ ਹੁੰਦੇ ਹਨ। ਮਸਲਨ ਮੁਰਗੇ-ਮੁਰਗੀਆਂ ਦੇ ਸਮਾਜਿਕ ਵਿਵਹਾਰ ਦੇ ਬਾਰੇ ਸੋਧ।

ਬੰਗਲੋਰ ਦੇ ਨੈਸ਼ਨਲ ਇੰਸਟੀਚਿਊਟ ਆਫ਼ ਐਨੀਮਲ ਨਿਊਟ੍ਰੀਸ਼ਨ ਐਂਡ ਫਿਜਿਓਲੋਜੀ, ਐਨ. ਆਈ. ਏ. ਐਨ. ਪੀ. ਦੇ ਇਕ ਨਿਰੀਖਣ ਤੋਂ ਪਤਾ ਚੱਲਿਆ ਹੈ ਕਿ 'ਸਮੋਕੀ ਜੋਸ' ਨਾਮ ਦੀ ਇਕ ਮੁਰਗੀ ਔਸਤ ਮੁਰਗੀਆਂ ਦੀ ਤੁਲਨਾ 'ਚ ਘੱਟ ਉਮਰ ਤੋਂ ਜ਼ਿਆਦਾ ਅੰਡੇ ਦਿੰਦੀ ਹੈ। ਮੁਰਗੀਆਂ ਦੀ ਇਹ ਪ੍ਰਜਾਤੀ ਅੰਨੀ ਹੋ ਰਹੀ ਹੈ।

ਸਿਰਫ਼ ਇੰਨਾ ਹੀ ਨਹੀਂ, ਇਹ ਵੀ ਪਤਾ ਚੱਲਿਆ ਹੈ ਕਿ ਰੌਸ਼ਨੀ 'ਚ ਰਹਿਣ ਵਾਲੀਆਂ ਮੁਰਗੀਆਂ ਧੁੰਦਲੀ ਰੌਸ਼ਨੀ 'ਚ ਰਹਿਣ ਵਾਲੀਆਂ ਮੁਰਗੀਆਂ ਦੇ ਮੁਕਾਬਲੇ ਕੁਝ ਘੱਟ ਅੰਡੇ ਦਿੰਦੀਆਂ ਹਨ। ਸਫ਼ੈਦ ਰੌਸ਼ਨੀ ਦੇ ਬਦਲੇ ਜੇਕਰ ਲਾਲ ਰੌਸ਼ਨੀ ਲਈ ਜਾਵੇ, ਤਾਂ ਅੰਡਿਆਂ ਦਾ ਉਤਪਾਦਨ ਪੰਜ ਫੀਸਦੀ ਅਤੇ ਨੀਲੀ ਰੌਸ਼ਨੀ 'ਚ ਤਿੰਨ ਫੀਸਦੀ ਵਧ ਜਾਂਦਾ ਹੈ।

ਮੁਰਗੀਆਂ ਅੰਡਿਆਂ ਦਾ ਉਤਪਾਦਨ ਨਹੀਂ ਕਰਦੀਆਂ ਹਨ, ਇਹ ਉਸਦੇ ਪ੍ਰਜਣਨ ਆਚਰਨ ਦਾ ਨਤੀਜਾ ਹੈ। ਯਾਨੀ ਇਹ ਮੰਨ ਕੇ ਚੱਲਿਆ ਜਾ ਸਕਦਾ ਹੈ ਕਿ ਰੌਸ਼ਨੀ ਅਤੇ ਰੌਸ਼ਨੀ ਦੇ ਰੰਗ ਦਾ ਉਨ੍ਹਾਂ ਦੇ ਪ੍ਰਜਣਨ ਆਚਰਣ ਉੱਤੇ ਅਸਰ ਪੈਂਦਾ ਹੈ ਅਤੇ ਗੱਲ ਸਿਰਫ਼ ਮੁਰਗੀਆਂ ਦੀ ਨਹੀਂ ਹੈ। ਮੁਰਗਿਆਂ ਦੇ ਬਾਰੇ ਵੀ ਸੋਚਣਾ ਜ਼ਰੂਰੀ ਹੈ। ਇਹ ਸੋਧ ਸ਼ਾਇਦ ਸਾਨੂੰ ਉਸ ਹੱਦ ਤੱਕ ਲੈ ਜਾ ਸਕਦੀ ਹੈ ਕਿ ਉਬਰੀਆਂ ਹੋਈਆਂ ਮੁਰਗੀਆਂ ਜਾਂ *ਮੁਰਗਿਆਂ ਦੇ ਲਈ ਸਪੈਸ਼ਲ ਹਾਰਮੋਨ ਚਿਕਿਤਸਾ ਦਾ ਵੀ ਪ੍ਰਬੰਧ ਹੋਣ ਲੱਗੇ*

ਐਨ. ਆਈ. ਐਨ. ਪੀ. ਦੇ ਤਿੰਨ ਵਿਗਿਆਨਕਾਂ, ਆਈਜੇ ਰੇਡ੍ਰਗੀ, ਜੀ ਰਵੀਕਿਰਨ ਅਤੇ ਐਸ ਮੰਡਲ ਨੇ ਇਸ ਬਾਰੇ ਸੋਧ ਕੀਤੀ ਹੈ। ਉਨ੍ਹਾਂ ਦੇ ਅਧਿਐਨ ਤੋਂ ਪਤਾ ਚੱਲਿਆ ਹੈ ਕਿ ਪ੍ਰਕਾਸ਼ ਦੇ ਤਰੰਗ ਲੰਬਾਈ ਦਾ ਪ੍ਰਭਾਵ ਮੁਰਗੇ-ਮੁਰਗੀਆਂ ਦੀ ਪ੍ਰਜਣਨ ਕਿਰਿਆ 'ਤੇ ਵੀ

ਪੈਂਦਾ ਹੈ। ਇਸ 'ਚ ਹੈਰਾਨ ਹੋਣ ਵਾਲੀ ਕੋਈ ਗੱਲ ਨਹੀਂ ਕਿਉਂਕਿ ਇਨਸਾਨਾਂ ਦੇ ਮਾਮਲੇ 'ਚ ਵੀ ਜੋੜਾਂ ਦੇ ਤਰੰਗ ਲੰਬਾਈ ਮਿਲਣ ਜਾਂ ਨਾ ਮਿਲਣ ਦੀ ਗੱਲ ਕੀਤੀ ਜਾ ਸਕਦੀ ਹੈ।

ਸੰਨ 2008 ਦੇ ਅੰਤ 'ਚ ਜੁਲਾਈ 2010 ਤੱਕ ਇਸ ਸਿਲਸਿਲੇ ਦੇ ਅੰਕੜੇ ਜਮ੍ਹਾ ਕੀਤੇ ਗਏ। ਇਨ੍ਹਾਂ ਤੋਂ ਪਤਾ ਚੱਲਦਾ ਹੈ ਕਿ ਘਰੇਲੂ ਮੁਰਗੀਆਂ ਸਾਲ 'ਚ ਲਗਭਗ 300 ਅੰਡੇ ਦਿੰਦੀਆਂ ਹਨ। ਆਮ ਤੌਰ 'ਤੇ ਉਹ ਰੌਸ਼ਨੀ 'ਚ ਰਹਿੰਦੀਆਂ ਹਨ ਅਤੇ ਉਨ੍ਹਾਂ ਨੂੰ ਖੁੱਲ੍ਹ 'ਚ ਘੁੰਮਣ ਦਾ ਵੀ ਜ਼ਿਆਦਾ ਮੌਕਾ ਮਿਲਦਾ ਹੈ ਪਰ ਇਸ ਦੇ ਨਾਲ ਹੀ ਜੇਕਰ ਲਾਲ-ਨੀਲੀ ਰੌਸ਼ਨੀ ਹੋਵੇ ਤਾਂ ਅੰਡੇ ਦੇਣ ਦੀ ਇੱਛਾ ਉਨ੍ਹਾਂ ਦੀ ਹੋਰ ਵੱਧ ਜਾਂਦੀ ਹੈ।

ਇੰਸਟੀਚਿਊਟ 'ਚ ਇਹ ਅਧਿਐਨ ਹੁਣ ਜਾਰੀ ਰਹੇਗਾ ਅਤੇ ਇਕ ਸਾਲ ਬਾਅਦ ਇਸਦੇ ਨਤੀਜੇ ਕੇਂਦਰੀ ਖੇਤੀ ਵਿਭਾਗ ਨੂੰ ਭੇਜੇ ਜਾਣਗੇ। ਮੰਨਿਆ ਜਾ ਰਿਹਾ ਹੈ ਕਿ ਮੁਰਗੀ ਪਾਲਣ ਦੇ ਖੇਤਰ 'ਚ ਇਨ੍ਹਾਂ ਜਾਣਕਾਰੀਆਂ 'ਚ ਕ੍ਰਾਂਤੀਕਾਰੀ ਪਰਿਵਰਤਨ ਆਉਣਗੇ।

## ■ ਧੁੱਪ 'ਚ ਝੁਲਸ ਰਹੀਆਂ ਹਨ ਵੇਲ੍ਹ ਮੱਛਲੀਆਂ

ਵੇਲ੍ਹ ਮੱਛਲੀਆਂ ਦੇ ਇਕ ਗਰੁੱਪ 'ਚ ਸੋਧਕਰਤਾ ਨੂੰ ਧੁੱਪ 'ਚ ਝੁਲਸਣ ਦੇ ਲੱਛਣ ਮਿਲੇ ਹਨ। ਜੈਵ ਵਿਗਿਆਨਕਾਂ ਦਾ ਕਹਿਣਾ ਹੈ ਕਿ ਇਸ ਦੀ ਵਜ੍ਹਾ ਵਾਤਾਵਰਣ 'ਚ ਓਜੋਨ ਦੀ ਪਰਤ ਦਾ ਨਸ਼ਟ ਹੋਣਾ ਹੈ।

ਵੇਲ੍ਹ ਮੱਛਲੀਆਂ ਦੁਨੀਆਂ ਭਰ ਦੇ ਸਮੁੰਦਰਾਂ 'ਚ ਪਾਈਆਂ ਜਾਂਦੀਆਂ ਹਨ ਅਤੇ ਸਾਹ ਲੈਣ, ਦੂਸਰੀਆਂ ਮੱਛਲੀਆਂ ਨਾਲ ਮਿਲਣ-ਜੁਲਣ ਅਤੇ ਆਪਣਿਆਂ ਬੱਚਿਆਂ ਨੂੰ ਖਵਾਉਣ-ਪਿਆਉਣ ਲਈ ਉਹ ਸਮੁੰਦਰ ਦੀ ਸਤ੍ਹਾ 'ਤੇ ਆਉਂਦੀਆਂ ਹਨ। ਉਸ ਸਮੇਂ ਸੂਰਜ ਦੀਆਂ ਤੇਜ਼ ਕਿਰਨਾਂ ਮੱਛਲੀਆਂ ਦੇ ਸਰੀਰ 'ਤੇ ਆਪਣਾ ਪ੍ਰਭਾਵ ਪਾਉਂਦੀਆਂ ਹਨ।

ਜੀਵ ਵਿਗਿਆਨ ਕੇਂਦਰ, ਲੰਦਨ ਯੂਨੀਵਰਸਿਟੀ ਅਤੇ ਮੈਕਸੀਕੋ ਦੇ ਸਮੁੰਦਰ ਵਿਗਿਆਨ ਕੇਂਦਰ ਦੇ ਵਿਗਿਆਨਕਾਂ ਨੇ 2007, 2008 ਅਤੇ 2009 'ਚ ਜਨਵਰੀ ਤੋਂ ਜੂਨ ਤੱਕ ਮੈਕਸੀਕੋ ਦੀ ਕੈਲੀਫੋਰਨੀਆ ਖਾੜੀ 'ਚ 1500 ਨੀਲੇ ਵੇਲ੍ਹ, ਫਿਨ ਵੇਲ੍ਹ ਅਤੇ ਸਪਰਮ ਵੇਲ੍ਹ ਦਾ ਅਧਿਐਨ ਕੀਤਾ। ਉਨ੍ਹਾਂ ਨੇ ਉਨ੍ਹਾਂ ਦੀਆਂ ਫੋਟੋਆਂ ਲਈਆਂ ਅਤੇ ਚਮੜੀ ਦੇ ਨਮੂਨੇ ਲਏ, ਜਿਨ੍ਹਾਂ ਦੀ ਮਾਈਕਰੋਸਕੋਪ ਨਾਲ ਜਾਂਚ ਕੀਤੀ ਗਈ।

ਉਨ੍ਹਾਂ ਨੇ ਵੇਲ੍ਹ ਮੱਛਲੀਆਂ 'ਤੇ ਛਾਲਿਆਂ ਦੇ ਜ਼ਖ਼ਮ ਦੇਖੇ ਜੋ ਇਨਸਾਨ ਦੇ ਧੁੱਪ 'ਚ ਝੁਲਸਣ ਦੀ ਵਜ੍ਹਾ ਨਾਲ ਹੁੰਦੇ ਹਨ। ਸਮਾਂ ਲੰਘਣ ਨਾਲ ਉਨ੍ਹਾਂ ਦੀ ਹਾਲਤ ਵਿਗੜਦੀ ਗਈ ਜਿਵੇਂ ਕਿ ਸਰੀਰ 'ਤੇ ਜ਼ਿਆਦਾ ਮਾਤਰਾ 'ਚ ਪਰਾਵੈਂਗਣੀ ਕਿਰਨਾਂ ਡਿੱਗਣ ਨਾਲ ਹੁੰਦਾ ਹੈ।

ਇਸਦਾ ਸਭ ਤੋਂ ਬੁਰਾ ਅਸਰ ਉਨ੍ਹਾਂ ਵੇਲ੍ਹ ਮੱਛਲੀਆਂ 'ਤੇ ਸੀ ਜੋ ਆਪਣਾ ਜ਼ਿਆਦਾਤਰ ਸਮਾਂ ਸੂਰਜ ਦੀਆਂ ਕਿਰਨਾਂ ਦੇ ਨੀਚੇ ਗੁਜਾਰਦੀਆਂ ਸਨ। ਬੁਰੀ ਤਰ੍ਹਾਂ ਇਸ ਖ਼ਤਰੇ ਤੋਂ ਪ੍ਰਭਾਵਿਤ ਨੀਲੇ ਵੇਲ੍ਹ ਵੀ ਹਨ ਜਿਨ੍ਹਾਂ ਦੀ ਚਮੜੀ ਪਤਲੀ ਹੁੰਦੀ ਹੈ। ਮੈਕਸੀਕੋ ਦੀ ਖਾੜੀ 'ਚ ਪਰਾਵੈਂਗਣੀ ਕਿਰਨਾਂ ਦਾ ਸਤਰ ਸਾਲ ਭਰ 'ਚ ਉੱਚੇ ਤੋਂ ਲੈ ਕੇ ਹੋਰ ਉੱਚਾ ਹੋ ਜਾਂਦਾ ਹੈ।

ਲੰਦਨ ਦੀ ਜੂਲੋਜੀਕਲ ਸੋਸਾਇਟੀ ਦੀ ਲੇਵਾਸੌਰ ਦਾ ਕਹਿਣਾ ਹੈ, "ਨੀਲੇ ਵੇਲ੍ਹ 'ਚ ਦਿਸਣ ਵਾਲੇ ਚਮੜੀ ਦੇ ਨੁਕਸਾਨ ਕਾਫ਼ੀ ਚਿੰਤਾਜਨਕ ਹਨ ਪਰ ਇਸ ਸਮੇਂ ਇਹ ਸਾਫ਼ ਨਹੀਂ ਹੈ ਕਿ ਇਸ ਦੀ ਵਜ੍ਹਾ ਕੀ ਹੈ? ਹੁਣ ਤੱਕ ਓਜੋਨ ਪਰਤ ਦਾ ਨਸ਼ਟ ਹੋਣਾ ਜਾਂ ਬੱਦਲਾਂ



ਦੇ ਸਤਰ 'ਚ ਪਰਿਵਰਤਨ ਪਰਾਵੈਂਗਣੀ ਕਿਰਨਾਂ ਹੀ ਇਸ ਦੇ ਕਾਰਨ ਹਨ।"

## ■ ਅਗਲੇ ਸਾਲ ਖੁੱਲ੍ਹਣਗੇ ਬ੍ਰਹਿਮੰਡ ਦੇ ਬੰਦ ਦਰਵਾਜੇ

ਬ੍ਰਹਿਮੰਡ 'ਚ ਛੁਪੀ ਹੋਈ ਇਕ ਅਣਜਾਣੀ ਦੁਨੀਆਂ ਜਿਸ ਦਾ ਹੁਣ ਤੱਕ ਕਿਸੇ ਨੂੰ ਵੀ ਪਤਾ ਨਹੀਂ ਹੈ। ਇਹ ਹੁਣ ਤੱਕ ਸਾਇੰਸ ਫਿਕਸ਼ਨ ਲਿਖਣ ਵਾਲਿਆਂ ਦੀ ਕੰਮ ਦੀ ਚੀਜ਼ ਰਹੀ ਹੈ ਪਰ ਵਿਗਿਆਨਕਾਂ ਨੂੰ ਉਮੀਦ ਹੈ ਕਿ ਅਗਲੇ ਸਾਲ ਤੱਕ ਇਸ ਸਿਲਸਿਲੇ 'ਚ ਠੋਸ ਧਾਰਨਾਵਾਂ ਪੇਸ਼ ਕਰਨਗੇ।



ਫਰਾਂਸ ਅਤੇ ਸਵਿਟਜਰਲੈਂਡ ਦੀ ਸੀਮਾ 'ਤੇ ਜੂਰਾ ਪਹਾੜੀਆਂ ਦੀ ਘਾਟੀ 'ਚ ਇਸਦੇ ਕੇਂਦਰ 'ਚ ਸੈਂਕੜੇ ਵਿਗਿਆਨਕ ਕੰਮ ਕਰਦੇ ਹਨ। ਇੱਥੇ 10 ਅਰਬ ਡਾਲਰ ਦੀ ਲਾਗਤ ਨਾਲ ਪ੍ਰਯੋਗ ਸ਼ੁਰੂ ਕੀਤਾ ਗਿਆ ਸੀ। ਜਿਸਨੂੰ ਲਾਰਜ ਹੈਡ੍ਰਾਨ ਕੋਲਾਈਡਰ ਜਾਂ ਐਲ. ਐਚ. ਸੀ. ਕਿਹਾ ਜਾਂਦਾ ਹੈ। ਭੌਤਿਕ ਸ਼ਾਸਤਰੀਆਂ ਦੀ ਭਾਸ਼ਾ 'ਚ ਇਹ ਨਿਊ ਫਿਜਿਕਸ ਦਾ ਪ੍ਰਯੋਗ ਹੈ ਜਿਸਦੇ ਅਧਾਰ 'ਤੇ ਬ੍ਰਹਿਮੰਡ ਦੇ ਬਾਰੇ ਹੁਣ ਤੱਕ ਪ੍ਰਚਲਿਤ ਮਾਨਤਾਵਾਂ ਪੂਰੀ ਤਰ੍ਹਾਂ ਬਦਲਣੀਆਂ ਪੈਣਗੀਆਂ।

ਆਮ ਬੋਲਚਾਲ ਦੀ ਭਾਸ਼ਾ 'ਚ ਇਸ ਨੂੰ ਮਹਾਂਪ੍ਰਯੋਗ ਦਾ ਨਾਮ ਦਿੱਤਾ ਗਿਆ ਹੈ। ਸੈਨਰ ਦੇ ਵਿਗਿਆਨਕਾਂ ਦਾ ਕਹਿਣਾ ਹੈ ਕਿ ਸਮਾਨਾਂਤਰ ਦੁਨੀਆਂ ਪਦਾਰਥ ਦੇ ਅਯਾਤ ਰੂਪ ਇਹ ਸਾਰੇ ਸਾਇੰਸ ਫਿਕਸ਼ਨ ਦੇ ਵਿਸ਼ੇ ਨਹੀਂ ਰਹਿ ਜਾਣਗੇ ਬਲਕਿ ਫਿਜਿਕਸ ਦੇ ਠੋਸ ਸਿਧਾਂਤ ਬਣਨਗੇ, ਜਿਨ੍ਹਾਂ ਨੂੰ ਐਲ. ਐਚ. ਸੀ. ਅਤੇ ਇਸ ਤਰ੍ਹਾਂ ਦੇ ਹੋਰ ਪ੍ਰਯੋਗਾਂ ਦੇ ਜਰੀਏ ਪ੍ਰਮਾਣਿਤ ਕੀਤਾ ਜਾਵੇਗਾ।

ਬੁਲੇਟਿਨ ਦੇ ਇਕ ਲੇਖ 'ਚ ਦੱਸਿਆ ਗਿਆ ਹੈ ਕਿ ਐਲ. ਐਚ. ਸੀ. ਦੀ ਭੂਮੀਗਤ ਪ੍ਰਯੋਗਸ਼ਾਲਾ 'ਚ ਲਗਾਤਾਰ ਵਧਾਈ ਜਾ ਰਹੀ ਊਰਜਾ ਦੇ ਨਾਲ ਕਣਾਂ ਦੇ ਵਿਚਾਲੇ ਟਕਰਾਅ ਦੀ ਸਥਿਤੀ

ਪੈਦਾ ਕੀਤੀ ਜਾ ਰਹੀ ਹੈ। ਜਿਵੇਂ ਕਿ ਬ੍ਰਹਿਮੰਡ 'ਚ ਹੁੰਦਾ ਹੈ। ਇਨ੍ਹਾਂ ਦੇ ਨਤੀਜੇ ਕੰਪਿਊਟਰ ਦੇ ਜਰੀਏ ਪਰਖੇ ਜਾਣਗੇ।

ਕੇਂਦਰ ਦੇ ਮਹਾਂਨਿਰਦੇਸ਼ਕ ਰੋਲਫ ਹਾਅਰ ਨੇ ਪਿਛਲੇ ਹਫ਼ਤੇ ਦੱਸਿਆ ਕਿ ਜ਼ਮੀਨ ਦੇ ਨੀਚੇ 27 ਕਿਲੋਮੀਟਰ ਲੰਬੀ ਸੁਰੰਗ 'ਚ ਅਕਤੂਬਰ ਦੇ ਮੱਧ 'ਚ ਪ੍ਰੋਟਾਨ ਦੇ ਕਣ 50 ਲੱਖ ਪ੍ਰਤੀ ਸੈਕਿੰਡ ਦੀ ਦਰ ਨਾਲ ਆਪਸ 'ਚ ਟਕਰਾਏ ਜਾ ਰਹੇ ਹਨ।

ਸਦੀਆਂ ਦੇ ਨਿਰੀਖਣ ਅਤੇ ਪ੍ਰਯੋਗ ਤੋਂ ਬਾਅਦ ਵੀ ਹੁਣ ਤੱਕ ਬ੍ਰਹਿਮੰਡ ਦੇ ਲਗਭਗ 4 ਪ੍ਰਤੀਸ਼ਤ ਦੇ ਬਾਰੇ 'ਚ ਹੀ ਕੁਝ ਜਾਣਕਾਰੀ ਮਿਲ ਸਕੀ ਹੈ। ਉਸਦੇ ਬਾਹਰ ਜੋ ਕੁਝ ਹੈ। ਉਸਨੂੰ ਕਾਲਾ ਪਦਾਰਥ ਜਾਂ ਕਾਲੀ ਊਰਜਾ ਕਿਹਾ ਜਾਂਦਾ ਹੈ ਕਿਉਂਕਿ ਇਹ ਪੂਰੀ ਤਰ੍ਹਾਂ ਅਗਿਆਤ ਹੈ।

ਸੈਨਰ ਦੇ ਵਿਗਿਆਨਕਾਂ ਨੂੰ ਉਮੀਦ ਹੈ ਕਿ ਇਨ੍ਹਾਂ ਮਹਾਂਪ੍ਰਯੋਗਾਂ ਦੇ ਨਤੀਜੇ ਦੇ ਰੂਪ 'ਚ ਉਨ੍ਹਾਂ ਨੂੰ ਅਯਾਮਾਂ ਦੇ ਸੰਕੇਤ ਮਿਲਣਗੇ, ਜੋ ਲੰਬਾਈ, ਚੌੜਾਈ, ਗਹਿਰਾਈ ਅਤੇ ਸਮੇਂ ਤੋਂ ਪਰ੍ਹੇ ਹੋਣਗੇ, ਕਿਉਂਕਿ ਊਰਜਾ ਦੇ ਕਣਾਂ ਨੂੰ ਇਨ੍ਹਾਂ ਚਾਰ ਆਯਾਮਾਂ ਤੋਂ ਪਰ੍ਹੇ ਤੱਕ ਗਾਇਬ ਹੁੰਦੇ ਦੱਸਿਆ ਜਾਵੇਗਾ ਅਤੇ ਇਹ ਫਿਰ ਤੋਂ ਚਾਰ ਆਯਾਮਾਂ ਦੀ ਪਰਿਸਥਿਤੀ 'ਚ ਵਾਪਸ ਆਉਣਗੇ।

## ■ ਮਲ-ਜਲ ਨਾਲ ਘਰਾਂ ਨੂੰ ਗਰਮ ਕਰਨ ਦੀ ਪਹਿਲ

ਇੰਗਲੈਂਡ ਦੇ ਆਕਸਫਰਡਸ਼ਾਅਰ ਇਲਾਕੇ ਦਾ ਡਿਡਕਾਟ ਨਗਰ ਮਲ-ਜਲ ਨਾਲ ਗੈਸ ਪੈਦਾ ਕਰਨ ਵਾਲਾ ਪਹਿਲਾ ਨਗਰ ਬਣ ਗਿਆ ਹੈ।




ਇਹ ਗੈਸ ਰਾਸ਼ਟਰੀ ਗਰਿਡ ਦੇ ਮਾਧਿਅਮ ਨਾਲ ਘਰਾਂ 'ਚ ਜਾਂਦੀ ਹੈ। ਜਿਸ ਨਾਲ ਘਰਾਂ ਨੂੰ ਗਰਮ ਕੀਤਾ ਜਾਂਦਾ ਹੈ ਅਤੇ ਖਾਣਾ ਵੀ ਪਕਾਇਆ ਜਾਂਦਾ ਹੈ।

ਬ੍ਰਿਟਿਸ਼ ਗੈਸ, ਟੇਮਸ ਵਾਟਰ ਅਤੇ ਸਕਾਟਿਆ ਗੈਸ ਨੈਟਵਰਕਾਂ ਨੂੰ ਉਮੀਦ ਹੈ ਕਿ ਸਮੁੱਚੇ ਦੇਸ਼ 'ਚ ਇਹ ਪ੍ਰਕਿਰਿਆ ਲਾਗੂ ਹੋ ਸਕਦੀ ਹੈ।

ਯੂਰਪੀ ਸੰਘ ਦੇ ਨਿਰਦੇਸ਼ਕਾਂ ਦੇ ਅਨੁਸਾਰ ਬ੍ਰਿਟੇਨ ਨੂੰ ਸੰਨ 2020 ਤੱਕ ਇਹ ਨਿਰਣਾ ਕਰਨਾ ਹੈ ਕਿ ਉਨ੍ਹਾਂ ਦੀ ਲੋੜ ਲਈ ਊਰਜਾ ਹੋਰ ਸਰੋਤਾਂ ਤੋਂ ਪੈਦਾ ਹੋ ਰਹੀ ਹੈ।

ਸ੍ਰੀ ਆਰਿਲ ਦਾ ਕਹਿਣਾ ਹੈ ਕਿ ਉਪਭੋਗਤਾ ਨੂੰ ਇਸ ਗੈਸ 'ਚ ਕੋਈ ਫ਼ਰਕ ਨਜ਼ਰ ਨਹੀਂ ਆਵੇਗਾ ਕਿਉਂਕਿ ਇਸ 'ਚ ਕਿਸੇ ਤਰ੍ਹਾਂ ਦੀ ਗੰਧ ਨਹੀਂ ਹੁੰਦੀ ਅਤੇ ਗੈਸ ਸਪਲਾਈ ਕਰਨ ਦਾ ਢਾਂਚਾ ਇਸ ਦੇਸ਼ 'ਚ ਪਹਿਲਾਂ ਤੋਂ ਮੌਜੂਦ ਹੈ।

ਮਾਰਟਨ ਆਰਿਲ ਦਾ ਕਹਿਣਾ ਹੈ ਕਿ ਬ੍ਰਿਟੇਨ ਦੇ ਗੈਸ ਗਰਿਡ ਨੂੰ ਦੁਨੀਆਂ 'ਚ ਸਭ ਤੋਂ ਵਧੀਆ ਮੰਨਿਆ ਜਾਂਦਾ ਹੈ। ਇਸ ਲਈ ਇਸ ਨਵੀਂ ਟੈਕਨੋਲੋਜੀ ਨੂੰ ਪ੍ਰਯੋਗ ਦੇ ਲਈ ਉਪਯੁਕਤ ਮੰਨਿਆ ਜਾਂਦਾ ਹੈ।

ਊਰਜਾ ਅਤੇ ਵਾਤਾਵਰਣ ਪਰਿਵਰਤਨ ਮੰਤਰੀ ਕ੍ਰਿਸ ਹਾਨੂ ਨੇ ਇਕ ਬਿਆਨ 'ਚ ਇਸ ਪਰਿਯੋਜਨਾ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ, "ਉਰਜਾ ਕੰਪਨੀਆਂ ਦੇ ਲਈ, ਕਚਰੇ ਤੋਂ ਊਰਜਾ ਤਿਆਰ ਕਰਨ ਦੀ

## ■ ਵੋਕਮੈਨ ਦੇ ਯੁਗ ਦੀ ਸਮਾਪਤੀ




ਇਲੈਕਟ੍ਰੋਨਿਕ ਉਪਕਰਨ ਬਣਾਉਣ ਵਾਲੀ ਕੰਪਨੀ ਸੋਨੀ ਨੇ ਕਿਹਾ ਹੈ ਕਿ ਉਹ ਵੋਕਮੈਨ ਵੇਚਣਾ ਬੰਦ ਕਰ ਰਹੀ ਹੈ।

ਵੋਕਮੈਨ ਸਾਲ 1979 'ਚ ਪਹਿਲੀ ਵਾਰ ਬਾਜ਼ਾਰ 'ਚ ਆਇਆ ਸੀ, ਸੋਨੀ ਇਕ ਅਜਿਹਾ ਕੈਸਟ ਪਲੇਅਰ ਆਪਣੇ ਨਾਲ ਲੈ ਕੇ ਆਈ ਜਿਸ ਨੂੰ ਲੋਕ ਆਪਣੇ ਨਾਲ ਕਿਤੇ ਲੈ ਜਾ ਸਕਦੇ ਸਨ।

ਸੰਗੀਤ ਪ੍ਰੇਮੀਆਂ ਦੇ ਲਈ ਇਹ ਇਕ ਕ੍ਰਾਂਤੀਕਾਰੀ ਉਪਕਰਨ ਸੀ ਅਤੇ ਨੌਜਵਾਨ ਪੀੜ੍ਹੀ ਦੇ ਵਿਚ ਵੀ ਇਹ ਉਪਕਰਨ ਬਹੁਤ ਪਸੰਦ ਕੀਤਾ ਗਿਆ। ਲੋਕ ਆਪਣੀ ਪਸੰਦ ਦੇ ਸੰਗੀਤ ਦਾ ਕੈਸਟ ਲਗਾਕੇ ਕਿਤੇ ਵੀ ਉਸਦਾ ਅਨੰਦ ਲੈ ਸਕਦੇ ਹਨ। ਸੰਗੀਤ ਸੁਣਨ ਦੇ ਲਈ ਉਨ੍ਹਾਂ ਦਾ ਘਰ ਵਿਚ ਹੋਣਾ ਜ਼ਰੂਰੀ ਨਹੀਂ ਸੀ।

ਪਰ ਤਕਨੀਕ ਨੇ ਉੱਨਤੀ ਕੀਤੀ ਅਤੇ ਜਦੋਂ ਬਾਜ਼ਾਰ 'ਚ ਸੀ. ਡੀ. ਆਈ ਤਾਂ ਲੋਕਾਂ ਨੂੰ ਕੈਸਟ ਹੱਥ 'ਚ ਲੈ ਕੇ ਚੱਲਣਾ ਔਖਾ ਲੱਗਣ ਲੱਗਾ।

ਜੀਵਨਸ਼ੈਲੀ - ਸੋਨੀ ਨੇ ਕੈਸਟ ਦੀ ਜਗ੍ਹਾ ਸੀ. ਡੀ. ਪਲੇਅਰ ਬਣਾਉਣਾ ਸ਼ੁਰੂ ਕਰ ਦਿੱਤਾ। ਪਰ ਹੁਣ ਜੀਵਨਸ਼ੈਲੀ ਬਦਲ ਚੁੱਕੀ ਹੈ ਅਤੇ ਸ਼ਾਇਦ ਹੀ ਕੋਈ ਵੋਕਮੈਨ ਅਤੇ ਕੈਸਟ ਲੈ ਕੇ ਚੱਲਣਾ ਪਸੰਦ ਕਰੇ।

ਆਈਪੈਡ ਅਤੇ ਐਮਪੀ3 ਪਲੇਅਰ ਦੇ ਯੁਗ 'ਚ ਵੀ ਸੋਨੀ ਕੰਪਨੀ ਵੋਕਮੈਨ ਵੇਚ ਰਹੀ ਹੈ ਇਹ ਜਾਣ ਕੇ ਲੋਕਾਂ ਨੂੰ ਹੈਰਾਨੀ ਹੋਵੇਗੀ।

ਹੁਣ ਤੱਕ 220,000000 ਵੋਕਮੈਨ ਵੇਚ ਚੁੱਕੀ ਹੈ ਪਰ ਜਪਾਨ 'ਚ ਇਨ੍ਹਾਂ ਦਾ ਨਿਰਮਾਣ ਬੰਦ ਹੋ ਗਿਆ ਹੈ। ਸੋਨੀ ਕੰਪਨੀ ਦਾ ਕਹਿਣਾ ਹੈ ਕਿ ਉਨ੍ਹਾਂ ਦੇਸ਼ਾਂ ਦੇ ਲਈ ਸੀ. ਡੀ. ਅਤੇ ਐਮਪੀ3 ਪਲੇਅਰ ਵਾਲੇ ਵੋਕਮੈਨ ਬਣਾਉਂਦੀ ਅਤੇ ਵੇਚਦੀ ਰਹੇਗੀ ਜਿੱਥੇ ਉਨ੍ਹਾਂ ਦੀ ਮੰਗ ਹੈ।

## ■ ਚਾਂਦੀ ਨਾਲ ਚਮਕਦਾ ਹੈ ਚੰਦਰਮਾ



ਵਾਸ਼ਿੰਗਟਨ - ਚਾਂਦੀ ਦੀ ਤਰ੍ਹਾਂ ਚਮਕਦੇ ਚੰਦ ਨੂੰ ਦੇਖ ਕੇ ਕਈ ਲੋਕਾਂ ਦੇ ਸ਼ਾਇਰ ਬਣ ਜਾਣ ਦੇ ਕਿੱਸੇ ਤਾਂ ਤੁਸੀਂ ਸੁਣੇ ਹੀ ਹੋਣਗੇ ਪਰ ਹੁਣ ਵਿਗਿਆਨਕਾਂ ਨੇ ਇਸ ਗੱਲ 'ਤੇ ਮੋਹਰ ਲਗਾ ਦਿੱਤੀ ਹੈ ਕਿ ਚੰਦ 'ਚ ਅਸਲ 'ਚ ਹੀ ਚਾਂਦੀ ਹੈ। ਚੰਦਰਮਾ 'ਤੇ ਪਾਣੀ ਹੋਣ ਦੀ ਪੁਸ਼ਟੀ ਤਾਂ ਵਿਗਿਆਨਕ ਪਿਛਲੇ ਸਾਲ ਹੀ ਕਰ ਚੁੱਕੇ ਹਨ। ਅੰਕੜਿਆਂ ਦੇ ਵਿਸ਼ਲੇਸ਼ਣ ਤੋਂ ਪਤਾ ਚੱਲਦਾ ਹੈ ਕਿ ਧਰਤੀ ਦੇ ਇਸ ਉਪਗ੍ਰਹਿ ਦੀ ਸਤ੍ਹਾ ਦੇ ਅੰਦਰ ਸਿਲਵਰ ਅਤੇ ਕਾਰਬਨ ਹਾਈ ਆਕਸਾਈਡ ਵਰਗੇ ਕਈ ਤੱਤਾਂ ਦਾ ਮਿਸ਼ਰਣ ਵੀ ਮੌਜੂਦ ਹੈ।

ਪਿਛਲੇ ਸਾਲ ਲੂਨਰ ਕ੍ਰੇਟਰ ਓਬਜਰਵੇਸ਼ਨ ਐਂਡ ਸੇਂਸਿੰਗ ਸੈਟਲਾਈਟ ਨੇ ਚੰਦ ਦੀ ਸਤ੍ਹਾ ਨਾਲ ਟਕਰਾਉਣ 'ਤੇ 10 ਕਿਲੋਮੀਟਰ ਉਚਾਈ ਤੱਕ ਉੱਡੀ ਧੂੜ ਤੋਂ ਇਹ ਅਧਿਐਨ ਕੀਤਾ ਹੈ ਕਿ ਉਸ 'ਚ ਹਲਕੇ ਹਾਈਡ੍ਰੋਕਾਰਬਨ ਸਲਫਰ ਦੀ ਮੌਜੂਦਗੀ ਵਾਲੇ ਤੱਤ ਅਤੇ ਕਾਰਬਨ ਡਾਈਆਕਸਾਈਡ ਵੀ ਮੌਜੂਦ ਸੀ। ਵਿਗਿਆਨਕਾਂ ਨੇ ਇਹ ਵੀ ਅਨੁਮਾਨ ਲਗਾਇਆ ਹੈ ਕਿ ਚੰਦਰਮਾ ਦੇ 5.6 ਫੀਸਦੀ ਹਿੱਸੇ 'ਚ ਪਾਣੀ ਮੌਜੂਦ ਹੈ।

ਇਸ ਧੂੜ ਦਾ ਅਧਿਐਨ ਕਰਨ ਦੇ ਲਈ ਦੁਨੀਆਂ ਭਰ 'ਚ ਵੱਡੇ ਟੈਲੀਸਕੋਪ ਦੀਆਂ ਨਜ਼ਰਾਂ ਚੰਦਰਮਾ ਦੇ ਦੱਖਣੀ ਭਾਗ 'ਚ ਸਥਿਤ ਕੈਬਿਅਸ ਕ੍ਰੇਟਰ 'ਤੇ ਲਗਾ ਦਿੱਤੀ ਸੀ। ਨਾਸਾ ਨੇ ਇਸ 100 ਕਿਲੋਮੀਟਰ ਚੌੜੇ ਅਤੇ 4 ਕਿਲੋਮੀਟਰ ਗਹਿਰੇ ਕ੍ਰੇਟਰ 'ਤੇ ਉਸ ਸਮੇਂ ਸੈਟਲਾਈਟ ਦੀ ਟੱਕਰ ਕਰਵਾਈ, ਜਦੋਂ ਉਸਦਾ ਨਤੀਜਾ ਦੇਖਣ ਦੇ ਲਈ ਲਾਈਟ ਦੀ ਕੰਡੀਸ਼ਨ ਸਭ ਤੋਂ ਵਧੀਆ ਸੀ। 585 ਕਿਲੋ ਵਜਨੀ ਸੈਟਲਾਈਟ ਦੀ ਟੱਕਰ ਨਾਲ ਕ੍ਰੇਟਰ 'ਚ ਦੋ ਮੀਟਰ ਗਹਿਰਾ ਗੱਡਾ ਬਣ ਗਿਆ ਸੀ।

ਨਾਸਾ ਦੇ ਵਾਸ਼ਿੰਗਟਨ ਸਥਿਤ ਹੈਡਕੁਆਟਰ 'ਚ ਚੀਫ਼ ਲੂਨਰ ਸਾਇੰਟਿਸਟ ਮਾਈਕਲ ਵਰਗ ਨੇ ਦੱਸਿਆ ਕਿ ਇਸ ਟੱਕਰ ਦੇ ਨਤੀਜਿਆਂ ਦੀ ਸਟੱਡੀ ਤੋਂ ਪਤਾ ਚੱਲਦਾ ਹੈ ਕਿ ਚੰਦਰਮਾ 'ਤੇ ਪਾਣੀ ਦਾ ਆਪਣਾ ਇਕ ਅਲੱਗ ਚੱਕਰ ਹੈ। ਵਿਗਿਆਨਕਾਂ ਨੇ ਪੁਸ਼ਟੀ ਕੀਤੀ ਹੈ ਕਿ ਉਹ ਜ਼ਿਆਦਾਤਰ ਪਾਣੀ ਬਰਫ਼ ਦੇ ਕ੍ਰਿਸਟਲਸ ਦੇ ਰੂਪ 'ਚ ਮੌਜੂਦ ਹੈ। ਇਹ ਪਾਣੀ ਜ਼ਿਆਦਾਤਰ ਹਨੇਰੇ ਇਲਾਕਿਆਂ 'ਚ ਹੈ।

ਟੈਕਨੋਲੋਜੀ ਦੇ ਲਈ ਅਤੇ ਬ੍ਰਿਟੇਨ 'ਚ ਹੋਰ ਊਰਜਾ ਵਧਾਉਣ ਦੀ ਦਿਸ਼ਾ 'ਚ ਹੋਈ ਪ੍ਰਗਤੀ ਦੇ ਲਈ ਇਹ ਇਕ ਇਤਿਹਾਸਕ ਦਿਨ ਹੈ।

ਊਰਜਾ ਅਤੇ ਵਾਤਾਵਰਣ ਪਰਿਵਰਤਨ ਵਿਭਾਗ ਦੇ ਇਕ ਵਿਅਕਤੀ ਦਾ ਕਹਿਣਾ ਹੈ ਕਿ ਸਰਕਾਰ ਆਪਣੇ ਊਰਜਾ ਲਕਸ਼ ਨੂੰ ਪ੍ਰਾਪਤ ਕਰਨ ਦੇ ਲਈ ਵਚਨਬੱਧ ਹੈ ਪਰ ਉਨ੍ਹਾਂ ਨੂੰ ਇਸ ਤੋਂ ਹੋਣ ਵਾਲੇ ਖਰਚ ਨੂੰ ਵੀ ਧਿਆਨ 'ਚ ਰੱਖਣਾ ਹੈ। ਬ੍ਰਿਟੇਨ ਦੇ ਭਾਰੀ ਬਜਟ ਦੇ ਕਾਰਨ ਸਰਵਜਨਕ ਖੇਤਰ 'ਚ ਭਾਰੀ ਕਟੌਤੀਆਂ ਦੀ ਯੋਜਨਾ 'ਤੇ ਕੰਮ ਹੋ ਰਿਹਾ ਹੈ।

## ■ ਹੁਣ ਧਰਤੀ 'ਤੇ ਪੈਦਾ ਹੋਵੇਗੀ ਸੂਰਜ ਦੀ ਊਰਜਾ

ਸੂਰਜ ਦੇ ਪ੍ਰਕਾਸ਼ ਅਤੇ ਗਰਮੀ ਪੈਦਾ ਹੋਣ ਦੀ ਪ੍ਰਕਿਰਿਆ ਨੂੰ ਧਰਤੀ 'ਤੇ ਦੁਹਰਾਉਣ ਦੀ ਤਿਆਰੀ ਚੱਲ ਰਹੀ ਹੈ। ਇਸਦੇ ਲਈ ਫਰਾਂਸ ਦੇ ਇਕ ਫਯੂਜਨ ਐਨਰਜੀ ਰਿਐਕਟਰ ਬਣਾਉਣ ਦਾ ਕੰਮ ਸ਼ੁਰੂ ਹੋ ਚੁੱਕਾ ਹੈ। ਇਸ ਨੂੰ ਦੁਨੀਆਂ ਦਾ ਹੁਣ ਤੱਕ ਦਾ ਸਭ ਤੋਂ ਸਾਂਝਾ ਅੰਤਰ ਰਾਸ਼ਟਰੀ ਪ੍ਰੋਗਰਾਮ ਮੰਨਿਆ ਜਾ ਰਿਹਾ ਹੈ। ਇਸ 'ਚ ਯੋਗਦਾਨ ਕਰਨ ਦੇ ਲਈ ਇਟਰ ਇੰਡੀਆ ਏਜੰਸੀ ਦੀ ਸਥਾਪਨਾ ਕੀਤੀ ਗਈ ਹੈ। ਫਯੂਜਨ ਐਨਰਜੀ ਰਿਸਰਚ ਦੇ ਸਹਿਯੋਗ ਦੇ ਲਈ ਭਾਰਤ ਅਤੇ ਯੂਰਪੀ ਸੰਘ ਦੀ ਸਿਖ਼ਰ ਬੈਠਕ 'ਚ ਸਮਝੌਤਾ ਹੋਇਆ ਸੀ।

ਇੰਟਰ ਇੰਡੀਆ ਦੁਆਰਾ ਫਯੂਜਨ ਐਨਰਜੀ ਰਿਐਕਟਰ ਦੇ ਕਈ ਜ਼ਰੂਰੀ ਉਪਕਰਨਾਂ ਦਾ ਭਾਰਤ 'ਚ ਵਿਕਾਸ ਅਤੇ ਨਿਰਮਾਣ ਕੀਤਾ ਜਾਵੇਗਾ। ਇਨ੍ਹਾਂ ਨੂੰ ਕਡਾਰਾਸ਼ 'ਚ ਲਗਾਉਣ ਦੀ ਜ਼ਿੰਮੇਵਾਰੀ ਵੀ ਇੰਟਰ ਇੰਡੀਆ ਦੀ ਹੋਵੇਗੀ। ਇਸ ਪ੍ਰੋਜੈਕਟ ਦੇ ਤਹਿਤ ਵੈਕਿਯੂਮ ਵੇਸਲ, ਹਾਈ ਵੋਲਟੇਜ ਪਾਵਰ ਸਪਲਾਈ, ਕੂਲਿੰਗ ਵਾਟਰ ਸਿਸਟਮ ਅਤੇ ਕੁਝ ਹੋਰ ਪ੍ਰਨਾਲੀਆਂ ਦੀ ਸਪਲਾਈ ਕੀਤੀ ਜਾਵੇਗੀ। ਗੁਜਰਾਤ ਦੇ ਗਾਂਧੀਨਗਰ ਸਥਿਤ ਪਲਾਜਮਾ ਸੋਧ ਸੰਸਥਾਨ ਦੀ ਅਗਵਾਈ 'ਚ ਭਾਰਤ ਦਾ ਇੰਟਰ 'ਚ ਯੋਗਦਾਨ ਹੋਵੇਗਾ। ਗਾਂਧੀਨਗਰ 'ਚ ਸਟੱਡੀ ਸਟੇਟ ਟੋਕਾਮਾਕ-1 ਦੀ ਸਥਾਪਨਾ ਕੀਤੀ ਜਾ ਰਹੀ ਹੈ। ਗਾਂਧੀਨਗਰ 'ਚ ਇਸ ਪ੍ਰਯੋਗ ਨੂੰ ਕਡਾਰਾਸ਼ 'ਚ ਹੋਣ ਵਾਲੀ ਰਿਸਰਚ ਦਾ ਪੂਰਵ ਅਭਿਆਸ ਮੰਨਿਆ ਜਾ ਰਿਹਾ ਹੈ।

ਯੂਰਪੀ ਸੰਘ, ਜਪਾਨ, ਚੀਨ, ਦੱਖਣੀ ਕੋਰੀਆ, ਰੂਸ ਅਤੇ ਅਮਰੀਕਾ ਦੇ ਨਾਲ ਹੁਣ ਭਾਰਤ ਵੀ ਅੰਤਰ ਰਾਸ਼ਟਰੀ ਰਿਸਰਚ ਪ੍ਰੋਜੈਕਟ 'ਚ ਸ਼ਾਮਿਲ ਹੋ ਗਿਆ ਹੈ। ਇਸ ਪ੍ਰੋਜੈਕਟ 'ਤੇ 16 ਅਰਬ ਡਾਲਰ ਦਾ ਖਰਚ ਆਉਣ ਦਾ ਅਨੁਮਾਨ ਹੈ। ਇਸਦਾ ਦਸ ਫੀਸਦੀ ਭਾਰਤ ਨੂੰ ਦੇਣਾ ਹੋਵੇਗਾ। ਪ੍ਰੋਜੈਕਟ ਪੂਰਾ ਹੋਣ 'ਚ ਦੋ ਤੋਂ ਤਿੰਨ ਸਾਲ ਤੱਕ ਲੱਗ ਸਕਦੇ ਹਨ। ਇਸ ਪ੍ਰੋਜੈਕਟ 'ਚ ਯੂਰਪੀ ਸੰਘ ਦੀ ਭਾਗੀਦਾਰੀ 34%, ਜਪਾਨ 13%, ਅਮਰੀਕਾ 13% ਅਤੇ ਚੀਨ, ਦੱਖਣੀ ਕੋਰੀਆ, ਰੂਸ ਅਤੇ ਭਾਰਤ ਦੀ ਹਿੱਸੇਦਾਰੀ 10-10 ਫੀਸਦੀ ਹੋਵੇਗੀ।

## ■ ਏਲੀਅਨਜ ਨਾਲ ਸਭ ਤੋਂ ਪਹਿਲੀ ਮੁਲਾਕਾਤ ਇਨ੍ਹਾਂ ਦੀ ਹੋਵੇਗੀ

ਧਰਤੀ 'ਤੇ ਏਲੀਅਨਸ ਦੀ ਤਿਆਰੀ ਹੋਣ ਲੱਗੀ ਹੈ। ਯੂਨਾਈਟੇਡ ਨੇਸ਼ਂਸ ਇਕ ਖਗੋਲੀ ਅੰਬੈਸਡਰ ਦੀ ਨਿਯੁਕਤੀ ਕਰਨ ਜਾ ਰਿਹਾ ਹੈ। ਹੁਣ ਜੇਕਰ ਏਲੀਅੰਸ ਧਰਤੀ 'ਤੇ ਆਉਂਦੇ ਹਨ, ਤਾਂ ਕਿਸੇ ਪ੍ਰੇਸ਼ਾਨੀ ਦੀ ਗੁਜਾਇੰਸ਼ ਨਹੀਂ ਰਹੇਗੀ। ਇਹ ਅੰਬੈਸਡਰ ਉਨ੍ਹਾਂ ਨੂੰ ਸਭ ਤੋਂ ਪਹਿਲਾਂ ਮਿਲੇਗਾ।

ਮੀਡੀਆ ਰਿਪੋਰਟ ਦੇ ਮੁਤਾਬਿਕ ਇਹ ਕੰਮ ਮਜਲਾਨ ਆਥਮੈਨ ਨੂੰ ਸੌਂਪਿਆ ਜਾਣ ਵਾਲਾ ਹੈ। ਮਲੇਸ਼ੀਆ ਦੀ 58 ਸਾਲ ਦੀ ਮਜਲਾਨ ਐਸਟਰੋ ਫਿਜਿਸ਼ਿਸਟ ਹੈ। ਫਿਲਹਾਲ ਉਹ ਯੂ. ਐਨ. ਦੇ ਆਊਟਰ

ਸਪੇਸ ਮਾਮਲਿਆਂ ’ਚ ਆਫਿਸ ‘ਓਨੋਸਾ’ ਦੀ ਹੈੱਡ ਹੈ। ਉਮੀਦ ਹੈ ਕਿ ਅਗਲੇ ਹਫ਼ਤੇ ਉਨ੍ਹਾਂ ਦੇ ਨਾਮ ਦਾ ਐਲਾਨ ਹੋ ਜਾਵੇਗਾ। ਫਿਰ ਉਹ ਦੱਸੇਗੀ ਕਿ ਇਸ ਪੋਸਟ ’ਤੇ ਉਸਦਾ ਕੰਮ ਕੀ ਹੋਵੇਗਾ। ਉਹ ਏਲੀਅਨਸ ਦੇ ਆਉਣ ਦੀ ਸਥਿਤੀ ’ਚ ਇਨਸਾਨਾਂ ਦੀ ਜਵਾਬੀ ਕਾਰਵਾਈ ਪਲਾਨ ਤਿਆਰ ਕਰੇਗੀ। ਯੂ. ਐਨ. ਕਮਿਟੀ ’ਚ ਯੂ. ਕੇ. ਦੇ ਪ੍ਰਤੀਨਿਧੀ ਮੰਡਲ ਦੇ ਪ੍ਰਮੁੱਖ ਪ੍ਰੋ. ਰਿਚਰਜ ਕਾਥਰ ਦਾ ਮੰਨਣਾ ਹੈ ਕਿ ਮਜਲਾਨ ਅਗੁਵਾਈ ਦੇ ਲਿਹਾਜ ਨਾਲ ਸਭ ਤੋਂ ਵਧੀਆ ਸ਼ਖਸ ਹੈ। ਇਸ ਸਮੇਂ ਦੁਨੀਆਂ ਭਰ ’ਚ ਵਿਗਿਆਨਕ ਏਲੀਅਨਜ ਦੀ ਤਲਾਸ਼ ’ਚ ਲੱਗੇ ਹਨ। ਅਜਿਹੇ ਗ੍ਰਹਿਆਂ ਦੀ ਗਿਣਤੀ ਵਧਦੀ ਜਾ ਰਹੀ ਹੈ। ਜਿਨ੍ਹਾਂ ’ਚ ਕਿਸੇ ਤਰ੍ਹਾਂ ਦੀ ਜ਼ਿੰਦਗੀ ਮੌਜੂਦ ਹੋ ਸਕਦੀ ਹੈ। ਅਪ੍ਰੈਲ ’ਚ ਸਰ ਸਟੀਫਨ ਹਾਕਿੰਗ ਨੇ ਦੱਸਿਆ ਕਿ ਏਲੀਅਨਸ ਨਾਲ ਜੇਕਰ ਕਿਸੇ ਦੀ ਮੁਲਾਕਾਤ ਹੋਵੇਗੀ ਤਾਂ ਉਹ ਇੰਨੀ ਸੁਖਦ ਨਹੀਂ ਹੋਵੇਗੀ। ਜਿੰਨੀ ਉਮੀਦ ਕੀਤੀ ਜਾਂਦੀ ਹੈ। ਮਜਲਾਨ ਦਾ ਕਹਿਣਾ ਹੈ ਕਿ, “ਨਵੇਂ ਗ੍ਰਹਿਆਂ ਦੀ ਖੋਜ ਹੋ ਰਹੀ ਹੈ। ਸੋ ਇਸ ਨਾਲ ਮੁਲਾਕਾਤ ਦੀ ਸੰਭਾਵਨਾ ਵਧਦੀ ਜਾ ਰਹੀ ਹੈ। ਕਿਸੇ ਵੀ ਸਮੇਂ ਏਲੀਅਨਸ ਦੇ ਸਿਗਨਲ ਮਿਲ ਸਕਦੇ ਹਨ। ਅਜਿਹੇ ’ਚ ਇਨਸਾਨਾਂ ਨੂੰ ਆਪਣੀ ਤਿਆਰੀ ਕਰ ਲੈਣੀ ਚਾਹੀਦੀ ਹੈ।”




## ■ ਰੋਬੋਟ ਜੋ ਭਾਵਨਾਵਾਂ ਨੂੰ ਸਮਝਕੇ ਅੰਗਰੇਜ਼ੀ ਬੋਲਦਾ ਹੈ

ਦੇਹਰਾਦੂਨ - ਇਹ ਰੋਬੋਟ ਦਿਸਣ ’ਚ ਭਾਵੇਂ ਹੀ ਰਜਨੀਕਾਂਤ ਵਰਗਾ ਨਾ ਹੋਵੇ ਪਰ ਕਿਸੇ ਸਾਇੰਸ ਫਿਕਸ਼ਨ ਤੋਂ ਨਿਕਲਿਆ ਜ਼ਰੂਰ ਲੱਗਦਾ ਹੈ। ਇਹ ਭਾਵਨਾਵਾਂ ਨੂੰ ਵੀ ਸਮਝ ਸਕਦਾ ਹੈ ਅਤੇ ਇੰਟਰਨੈਟ ਦੇ ਜਰੀਏ ਸਵਾਲਾਂ ਦੇ ਜਵਾਬ ਵੀ ਦੇ ਸਕਦਾ ਹੈ।




ਦੂਨ ਸਕੂਲ ਦੇ ਇਕ 17 ਸਾਲਾ ਵਿਦਿਆਰਥੀ ਦਾ ਇਹ ਰੋਬੋਟ ‘ਆਈਟਾਕ’ ਅੰਗਰੇਜ਼ੀ ਬੋਲਦਾ ਹੈ। ਇਨਸਾਨਾਂ ਦੀ ਤਰ੍ਹਾਂ ਬੁੱਲ੍ਹ ਹਿਲਾਉਂਦਾ ਹੈ ਅਤੇ ਖੁਸ਼ੀ ਜਾਂ ਗੁੱਸੇ ਵਰਗੀਆਂ ਭਾਵਨਾਵਾਂ ਨੂੰ ਸਮਝ ਲੈਂਦਾ ਹੈ। ਆਪਣੇ ਖਾਸ ਪ੍ਰੋਗਰਾਮ ‘ਸਾਫਟਵੇਅਰ ਡਿਵੈਲਪਮੈਂਟ ਕਿਟ’ ਦੇ ਜਰੀਏ ਇਹ ਕਮਾਲ ਕਰਨ ਵਾਲਾ ਇਹ ਤਿ-ਆਯਾਮੀ ਰੋਬੋਟ ਕਈ ਇਨਾਮ ਵੀ ਜਿੱਤ ਚੁੱਕਿਆ ਹੈ।

ਦੂਨ ਸਕੂਲ ’ਚ ਬਾਰਵੀਂ ਕਲਾਸ ਦੇ ਵਿਦਿਆਰਥੀ ਅਜਰੂਨ ਦੇ ਅਨੁਸਾਰ ਆਈਟਾਕ ਨੂੰ ਇਸ ਤਰ੍ਹਾਂ ਬਣਾਇਆ ਗਿਆ ਹੈ ਕਿ ਇਹ ਮਨੁੱਖੀ ਸਰੀਰ ਦੇ ਅਨੁਸਾਰ ਬਲਿਊਪ੍ਰਿੰਟ ਦੀ ਨਕਲ ਕਰਦਾ ਹੈ। ਇਨਸਾਨਾਂ ਦੀ ਤਰ੍ਹਾਂ ਹੀ ਚੀਜ਼ਾਂ ਨੂੰ ਸਮਝ ਕੇ ਇਹ ਇਨਸਾਨਾਂ ਦੀ ਤਰ੍ਹਾਂ ਵਿਵਹਾਰ ਕਰ ਸਕਦਾ ਹੈ। ਉਹ ਆਪਣੇ ਪਿਛਲੇ ਅਨੁਭਵਾਂ ਦੇ ਅਧਾਰ ’ਤੇ ਫੈਸਲੇ ਵੀ ਲੈਂਦਾ ਹੈ। ਵਿਕਸਤ ਹੋਣ ਤੇ ਇਸਨੂੰ ਕਾਉਂਸਲਿੰਗ ਅਤੇ ਹੋਰ ਚੀਜ਼ਾਂ ਦੇ ਲਈ ਉਪਯੋਗ ਵੀ ਕੀਤਾ ਜਾ ਸਕਦਾ ਹੈ।

2.5 ਫੀਟ ਲੰਬਾ ਆਈਟਾਕ ਸਵਾਲਾਂ ਦੇ ਜਵਾਬ ਦੱਸਣ ਲਈ ਇੰਟਰਨੈਟ ਦੀ ਮਦਦ ਲੈਂਦਾ ਹੈ ਅਤੇ ਫਿਰ ਉਨ੍ਹਾਂ ਨੂੰ ਆਪਣੀ ਮੈਮਰੀ ’ਚ ਸਟੋਰ ਕਰਦਾ ਹੈ। ਦੋ ਵੈਬ ਕੈਮਰਾ ਇਸ ਦੀਆਂ ਅੱਖਾਂ ਦਾ ਕੰਮ ਕਰਦਾ ਹੈ ਜਦਕਿ ਪੈਰਾਂ ਦੇ ਲਈ ਇਕ ਟ੍ਰੈਕ ਸਿਸਟਮ ਅਤੇ ਬੋਲਣ ਦੇ ਲਈ ਇਕ ਸਪੀਕਰ ਲੱਗਿਆ ਹੋਇਆ ਹੈ।

## ■ ਨਵਾਂ ਇਲੈਕਟ੍ਰੋਨਿਕ ਦੋ ਪਹੀਆ



ਯੋਕੋਹਾਮਾ - ਨਿਸਾਨ ਕੰਪਨੀ ਨੇ ਇਕ ਨਵਾਂ ਇਲੈਕਟ੍ਰੋਨਿਕ ਦੋ ਪਹੀਆ ਦਾ ਵਿਚਾਰ ਪੇਸ਼ ਕੀਤਾ ਹੈ। ਮੰਨਿਆ ਜਾ ਰਿਹਾ ਹੈ ਕਿ ਇਹ ਜਪਾਨੀ ਕੰਪਨੀ ਪ੍ਰਦੂਸ਼ਣ ਰਹਿਤ ਕਾਰਾਂ ਦੇ ਮਾਮਲੇ ’ਚ ਲੀਡਰ ਬਣਨਾ ਚਾਹੁੰਦੀ ਹੈ।

ਨਿਸਾਨ ਨੇ ਇਸ ਇਲੈਕਟ੍ਰੋਨਿਕ ਦੋ ਪਹੀਆ ਨੂੰ ‘ਨਿਸਾਨ ਨਿਊ ਮੋਬਿਲਿਟੀ ਕੰਸੈਪਟ’ ਦਾ ਨਾਮ ਦਿੱਤਾ ਹੈ। ਇਸਦੀ ਰੇਂਜ 100 ਕਿ. ਮੀ. ਦੀ ਹੋਵੇਗੀ ਅਤੇ ਇਹ 75 ਕਿ.ਮੀ. ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਚੱਲੇਗਾ।

ਇਸ ਵਾਹਨ ਦਾ ਬੈਟਰੀ ਸਿਸਟਮ ਨਿਸਾਨ ਦੀ ਸਹਿਯੋਗੀ ਕੰਪਨੀ ਰੇਨਾਲਟ ਨੇ ਤਿਆਰ ਕੀਤਾ ਹੈ। ਜਦਕਿ ਡਿਜ਼ਾਇਨ ਖੁਦ ਨਿਸਾਨ ਨੇ ਤਿਆਰ ਕੀਤਾ ਹੈ।

## ■ 80 ਲੱਖ ਸਾਲ ਪਹਿਲਾਂ ਹੋਇਆ ਸੀ ਮਨੁੱਖ ਦਾ ਵਿਕਾਸ

ਵਾਸ਼ਿੰਗਟਨ - ਹੁਣ ਤੱਕ ਮੰਨਿਆ ਜਾ ਰਿਹਾ ਹੈ ਕਿ ਮਨੁੱਖ ਦਾ ਵਿਕਾਸ ਕਰੀਬ 50 ਲੱਖ ਸਾਲ ਪਹਿਲਾਂ ਹੋਇਆ ਪਰ ਨਵੇਂ ਅਧਿਐਨ ਦੇ ਅਧਾਰ 'ਤੇ ਵਿਗਿਆਨਕਾਂ ਨੇ ਦਾਅਵਾ ਕੀਤਾ ਹੈ ਕਿ ਚਿਪੈਂਜੀ ਤੋਂ ਮਨੁੱਖ ਦਾ ਵਿਕਾਸ ਕਰੀਬ 80 ਲੱਖ ਸਾਲ ਪਹਿਲਾਂ ਹੋਇਆ।

ਇਹ ਦਾਅਵਾ 'ਸਿਸਟੇਮੈਟਿਕ ਬਾਇਓਲੋਜੀ' ਜਨਰਲ 'ਚ ਛਪੀ ਇਕ ਖ਼ਬਰ 'ਚ ਫੀਲਡ ਸੰਗ੍ਰਹਿ ਦੇ ਰੋਬੋਟ ਮਾਰਟਨ ਦੇ ਹਵਾਲੇ ਨਾਲ ਕੀਤਾ ਗਿਆ ਹੈ। ਆਪਣੇ ਸਭ ਤੋਂ ਜ਼ਿਆਦਾ ਕਰੀਬੀ ਪ੍ਰਾਈਮੇਟ ਚਿੰਪੈਂਜੀ ਨਾਲ ਮਨੁੱਖ ਦਾ ਵਿਕਾਸ ਹੋਣ ਸਬੰਧੀ ਨਵੇਂ ਅਨੁਮਾਨ ਵਿਗਿਆਨਕਾਂ ਨੂੰ ਮਨੁੱਖੀ ਵਿਕਾਸ ਦੇ ਇਤਿਹਾਸ ਦੇ ਬਾਰੇ 'ਚ ਸਮਝਣ 'ਚ ਜ਼ਿਆਦਾ ਮੱਦਦ ਮਿਲ ਸਕਦੀ ਹੈ। ਇਸਦੇ ਲਈ ਉਨ੍ਹਾਂ ਨੇ ਮਾਨਵ ਵਿਗਿਆਨੀਆਂ, ਆਣਵਿਕ ਜੀਵ ਵਿਗਿਆਨੀਆਂ ਦੇ ਨਾਲ ਮਿਲ ਕੇ ਵਿਭਿੰਨ ਪ੍ਰਜਾਤੀਆਂ ਦੇ ਹਾਸਿਲ ਰਿਕਾਰਡ 'ਚ ਦੱਸੇ ਗਏ ਅਨੁਵੰਸ਼ਿਕੀ ਅੰਕੜਿਆਂ ਅਤੇ ਉਨ੍ਹਾਂ ਦੇ ਵਿਕਾਸ ਦਾ ਅਧਿਐਨ ਕੀਤਾ ਤਾਂਕਿ ਵਿਆਪਕ ਤਸਵੀਰ ਸਾਹਮਣੇ ਆ ਸਕੇ।

ਉਨ੍ਹਾਂ ਨੇ ਦੱਸਿਆ ਕਿ ਵਿਭਿੰਨ ਮਿਲਦੇ-ਜੁਲਦੇ ਪ੍ਰਾਣੀਆਂ ਦੇ ਡੀ. ਐਨ. ਏ. ਦਾ ਵਿਸ਼ਲੇਸ਼ਣ ਕਰਕੇ ਉਨ੍ਹਾਂ ਦੀ ਤੁਲਨਾ ਕੀਤੀ ਗਈ ਤਾਂ ਕਿ ਪਤਾ ਚੱਲ ਸਕੇ ਕਿ ਬਦਲਦੇ ਸਮੇਂ ਦੇ ਨਾਲ ਉਨ੍ਹਾਂ ਦੇ ਜੀਨਾਂ 'ਚ ਕਿਸ ਤਰ੍ਹਾਂ ਦਾ ਵਿਕਾਸ ਹੁੰਦਾ ਗਿਆ।

## ■ ਆ ਗਈ ਸਭ ਤੋਂ ਤੇਜ਼, ਸਭ ਤੋਂ ਮਹਿੰਗੀ ਕਾਰ

ਨਵੀਂ ਦਿੱਲੀ - ਦੇਸ਼ 'ਚ ਸਭ ਤੋਂ ਮਹਿੰਗੀ ਕਾਰ ਬਾਜ਼ਾਰ 'ਚ ਆ ਗਈ ਹੈ। ਫੋਕਸਵੈਗਨ ਗਰੁੱਪ ਦੀ ਕੰਪਨੀ ਬੁਗਾਤੀ ਨੇ ਸੁਪਰ ਪ੍ਰੀਮਿਅਮ ਕਾਰ ਵੇਰੋਨ 16.4 ਗ੍ਰੈਂਡ ਸਪੋਟ ਲਾਂਚ ਕਰ ਦਿੱਤੀ ਹੈ। ਇਸਦੀ ਕੀਮਤ 16 ਕਰੋੜ ਰੁਪਏ ਤੋਂ ਸ਼ੁਰੂ ਹੁੰਦੀ ਹੈ।

ਹੁਣ ਤੱਕ ਰਾਅਲ ਰਾਅਸ ਫੈਂਟਸ ਅਤੇ ਮੇਬੈਕ ਦੇਸ਼ ਦੀ ਸਭ ਤੋਂ ਮਹਿੰਗੀ ਕਾਰ ਰਹੀ ਹੈ, ਜਿਸਦੀ ਕੀਮਤ ਕਰੀਬ 5 ਕਰੋੜ ਹੈ। ਬੁਗਾਤੀ ਨੂੰ ਦੁਨੀਆਂ 'ਚ ਇਸ ਸਾਲ 60 ਤੋਂ 80 ਕਾਰਾਂ ਵਿਕਣ ਦੀ ਉਮੀਦ ਹੈ, ਤਿੰਨ-ਚਾਰ ਭਾਰਤੀਆਂ ਨੇ ਜਾਣਕਾਰੀ ਲਈ ਹੈ।

ਬੁਗਾਤੀ ਗ੍ਰੈਂਡ ਸਪੋਰਟ ਭਾਰਤ 'ਚ ਸਭ ਤੋਂ ਤੇਜ਼ ਕਾਰ ਦੱਸੀ ਗਈ ਹੈ। ਹਾਈ ਸਪੀਡ ਹੈ 407 ਕਿ. ਮੀ. ਪ੍ਰਤੀ ਘੰਟਾ। ਇਸ ਸਪੀਡ 'ਤੇ ਚੱਲਣ ਦੇ ਲਈ ਖਾਸ ਚਾਬੀ ਚਾਹੀਦੀ ਹੈ। ਇਸ ਤੋਂ ਜ਼ਿਆਦਾ ਤੇਜ਼ ਵੇਰੋਨ ਸੁਪਰ ਸਪੋਰਟਸ ਹੈ, ਜਿਸਦੀ ਸਪੀਡ 431 ਕਿਲੋਮੀਟਰ ਪ੍ਰਤੀ ਘੰਟਾ ਹੈ।

ਇੰਡੀਆ 'ਚ ਲਗਜਰੀ ਕਾਰਾਂ ਦੀ ਸੇਲ 'ਚ ਸਲਾਨਾ 57 ਪ੍ਰਤੀਸ਼ਤ ਦਾ ਉਛਾਲ ਦੇਖਿਆ ਗਿਆ ਹੈ, ਜਿਸਨੂੰ ਦੁਨੀਆਂ ਦੀਆਂ ਸਾਰੀਆਂ ਕੰਪਨੀਆਂ ਨੇ ਆਪਣੇ ਵਧੀਆ ਬ੍ਰੈਂਡ ਇੱਥੇ ਲਾਉਣ ਲਈ ਮਜ਼ਬੂਰ ਕੀਤਾ ਹੈ। ਫੇਰਾਰੀ ਦੀ ਯੋਜਨਾ ਹੈ ਕਿ ਉਸਦੀ ਕੈਲੀਫੋਰਨੀਆ ਸੁਪਰਕਾਰ ਅਗਲੇ ਸਾਲ ਭਾਰਤ 'ਚ ਪੇਸ਼ ਕੀਤੀ ਜਾਵੇ। ਮਾਹਰ ਇਸ ਨੂੰ ਇੰਡੀਆ ਦੇ ਬਾਜ਼ਾਰ ਦੀ ਵਧਦੀ ਤਾਕਤ ਦਾ ਸਬੂਤ ਮੰਨ ਰਹੇ ਹਨ। ਵੈਸੇ ਵੀ ਅੰਦਾਜ਼ਾ ਹੈ ਕਿ 2015 ਤੱਕ ਭਾਰਤ ਦੁਨੀਆਂ ਦਾ ਪੰਜਵਾਂ ਸਭ ਤੋਂ ਵੱਡਾ ਕਾਰ ਬਾਜ਼ਾਰ ਬਣ ਜਾਵੇਗਾ।



ਇਕ ਅਨੁਮਾਨ ਦੇ ਅਨੁਸਾਰ ਭਾਰਤ 'ਚ ਲਗਜਰੀ ਪ੍ਰੋਜੈਕਟਾਂ ਦਾ ਬਾਜ਼ਾਰ 2015 ਤੱਕ 14.7 ਅਰਬ ਡਾਲਰ ਹੋ ਜਾਵੇਗਾ। ਲਗਜਰੀ ਕਾਰਾਂ ਦੀ ਵਿਕਰੀ ਨਾ ਸਿਰਫ਼ ਮਹਾਂਨਗਰਾਂ 'ਚ ਵਧ ਰਹੀ ਹੈ। ਸਗੋਂ ਛੋਟੇ ਸ਼ਹਿਰਾਂ 'ਚ ਵੀ। ਇਹ ਭਾਰਤ 'ਚ ਦੌਲਤ ਦਾ ਬਦਲਦਾ ਸੀਨ ਹੈ, ਜਿਸਦੇ ਕਾਰਨ ਔਰੰਗਾਬਾਦ 'ਚ ਪਿਛਲੇ ਦਿਨਾਂ 'ਚ ਇੱਕ ਹੀ ਦਿਨ 'ਚ 150 ਮਰਸੀਡੀਜ਼ ਦੀ ਡਿਲਵਰੀ ਹੋਈ ਸੀ। ਭਾਰਤ 'ਚ ਬੁਗਾਤੀ ਅਤੇ ਬੇਂਟਲੇ ਦੇ ਡੀਲਰ ਸਤਯ ਬਗਲਾ ਦਾ ਕਹਿਣਾ ਹੈ ਕਿ ਲੋਕਾਂ ਦੇ ਕੋਲ ਖਰਚ ਕਰਨ ਦੇ ਲਈ ਪੈਸਾ ਤਾਂ ਹੈ ਹੀ, ਵੈਸੇ ਵੀ ਉਹ ਖ਼ੂਬਸੂਰਤ ਚੀਜ਼ਾਂ ਦੇ ਪ੍ਰਤੀ ਪਹਿਲਾਂ ਤੋਂ ਹੀ ਵਧੇਰੇ ਜਾਗਰੂਕ ਹਨ।

## ■ ਸੱਤ ਕਰੋੜ ਡਾਲਰ 'ਚ ਵਿਕਿਆ ਫੁੱਲਦਾਨ



ਚੀਨ 'ਚ ਬਣਿਆ ਇਕ ਫੁੱਲਦਾਨ ਲੰਦਨ 'ਚ ਹੋਈ ਇਕ ਨਿਲਾਮੀ ਦੇ ਦੌਰਾਨ ਸੱਤ ਕਰੋੜ ਡਾਲਰ ਦਾ ਵਿਕਿਆ ਹੈ। ਇਸ ਫੁੱਲਦਾਨ ਦੀ ਖਾਸੀਅਤ ਇਹ ਹੈ ਕਿ ਇਹ 18ਵੀਂ ਸਦੀ 'ਚ ਚੀਨ 'ਚ ਬਣਾਇਆ ਗਿਆ ਸੀ।

ਲੰਦਨ ਦੇ ਇਕ ਕਸਬੇ 'ਚ ਰਹਿਣ ਵਾਲੇ ਭੈਣ-ਭਰਾ ਦੀ ਇਕ ਜੋੜੀ ਨੂੰ ਇਹ ਫੁੱਲਦਾਨ, ਘਰ ਵਿਚ ਸਫ਼ਾਈ ਕਰਦੇ ਹੋਏ ਮਿਲਿਆ। ਸੱਤ ਕਰੋੜ ਡਾਲਰ ਦੀ ਕੀਮਤ ਲੈ ਕੇ ਦੋਵੇਂ ਭੈਣ-ਭਰਾ ਬਹੁਤ ਖੁਸ਼ ਹੋਏ। ਉੱਤਰ-ਪੱਛਮੀ ਲੰਦਨ 'ਚ ਕਲਾ ਵਸਤੂਆਂ ਦੀ ਨੀਲਾਮੀ ਨਾਲ ਜੁੜੀ ਕੰਪਨੀ 'ਬ੍ਰੇਨਬਿਜਿਸ' ਨੇ ਦੱਸਿਆ ਕਿ ਇਹ ਫੁੱਲਦਾਨ ਪੀਲੇ ਅਤੇ ਨੀਲੇ ਰੰਗ ਦਾ ਹੈ ਅਤੇ ਇਸਦੇ ਅੱਗੇ ਮੱਛਲੀ ਦੀ ਸ਼ਕਲ ਬਣੀ ਹੋਈ ਹੈ।

ਮੰਨਿਆ ਜਾਂਦਾ ਹੈ ਕਿ ਇਹ ਕਿਸੇ ਵੀ ਚੀਨੀ ਕਲਾਕਾਰ ਨੂੰ ਮਿਲੀ ਸਭ ਤੋਂ ਵੱਡੀ ਕੀਮਤ ਹੈ। ਇਹ ਫੁੱਲਦਾਨ 18ਵੀਂ ਸਦੀ 'ਚ ਚੀਨ ਦੇ ਕਾਲ ਦਾ ਹੈ ਅਤੇ ਅਜੀਬ ਕਲਾਕਾਰੀ ਹੈ। ਮੰਨਿਆ ਜਾਂਦਾ ਹੈ ਕਿ ਫੁੱਲਦਾਨ ਨੂੰ ਖਰੀਦਣ ਵਾਲਾ ਵਿਅਕਤੀ ਚੀਨ ਦਾ ਰਹਿਣ ਵਾਲਾ ਹੈ। ਉਨ੍ਹਾਂ ਨੇ ਦੱਸਿਆ ਕਿ, ਇਸ ਫੁੱਲਦਾਨ ਦੇ ਮਾਲਕਾਂ ਨੂੰ ਇਸ ਗੱਲ ਦਾ ਅੰਦਾਜ਼ਾ ਵੀ ਨਹੀਂ ਸੀ ਕਿ ਉਨ੍ਹਾਂ ਦੇ ਕੋਲ ਇੰਨੀ ਅਮੁੱਲ ਚੀਜ਼ ਹੈ। ਉਨ੍ਹਾਂ ਨੂੰ ਉਮੀਦ ਤਾਂ ਸੀ ਪਰ ਨੀਲਾਮੀ ਪੂਰੀ ਹੋਣ 'ਤੇ ਹੀ ਉਨ੍ਹਾਂ ਨੂੰ ਆਪਣੀ ਕਿਸਮਤ 'ਤੇ ਵਿਸ਼ਵਾਸ ਹੋਇਆ। ਮੰਨਿਆ ਜਾ ਰਿਹਾ ਹੈ ਕਿ ਇਹ ਫੁੱਲਦਾਨ 1860 'ਚ ਚੀਨ ਤੋਂ ਬਾਹਰ ਗਿਆ ਅਤੇ 70 ਸਾਲ ਤੱਕ ਇਕ ਹੀ ਪਰਿਵਾਰ ਦੇ ਕੋਲ ਰਿਹਾ।

## ■ ਅਮਰੀਕਾ ਨੂੰ ਚੀਨੀ ਲਲਕਾਰ

ਦੁਨੀਆਂ 'ਚ ਸਾਇੰਸ ਦੀ ਦੁਨੀਆਂ ਦਾ ਬਾਦਸ਼ਾਹ ਅਮਰੀਕਾ ਹੀ ਹੈ, ਉਥੇ ਸਭ ਤੋਂ ਵਧੀਆ ਪ੍ਰਯੋਗਸ਼ਾਲਾਵਾਂ ਹਨ ਅਤੇ ਸੋਧ ਦੇ ਲਈ ਅਣਗਿਣਤ ਪੈਸਾ ਹੈ, ਹੁਣ ਤੱਕ ਕੋਈ ਉਸਦਾ ਮੁਕਾਬਲਾ ਨਹੀਂ ਕਰ ਸਕਿਆ ਹੈ, ਪਰ ਚੀਨ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ।

ਥਾਮਸਨ ਅਤੇ ਰਾਅਟਸ ਦੀ ਇਕ ਰਿਪੋਰਟ ਕਹਿੰਦੀ ਹੈ ਕਿ ਏਸ਼ੀਆ ਅਤੇ ਯੂਰਪ ਜਲਦੀ ਹੀ ਸਾਇੰਸ ਦੇ ਮਾਮਲੇ 'ਚ ਅਮਰੀਕਾ ਨੂੰ ਇਕ ਮਜ਼ਬੂਤ ਟੱਕਰ ਦੇਣਗੇ। ਚੀਨ ਨੇ ਤਾਂ ਇੰਨੀ ਤਰੱਕੀ ਕੀਤੀ ਹੈ ਕਿ ਉਹ ਅਮਰੀਕਾ ਤੋਂ ਬਾਅਦ ਦੂਸਰੇ ਨੰਬਰ 'ਤੇ ਪਹੁੰਚ ਗਿਆ ਹੈ, ਇਸ ਰਿਪੋਰਟ ਦੇ ਅਨੁਸਾਰ ਅਮਰੀਕਾ ਦਾ ਜ਼ਿਆਦਾ ਜ਼ੋਰ ਜੀਵ ਵਿਗਿਆਨ ਅਤੇ ਮੈਡੀਕਲ ਸਾਇੰਸ 'ਤੇ ਹੈ ਇਸ ਲਈ ਭੌਤਿਕ ਵਿਗਿਆਨ ਅਤੇ ਇੰਜੀਨੀਅਰਿੰਗ ਦੇ ਖੇਤਰ 'ਚ ਦੂਜੇ ਦੇਸ਼ਾਂ ਦੇ ਲਈ ਕਾਫ਼ੀ ਸੰਭਾਵਨਾਵਾਂ ਹਨ। ਰਿਪੋਰਟ ਦੇ ਅਨੁਸਾਰ, "30 ਸਾਲ ਪਹਿਲਾਂ ਸਾਇੰਸ ਦੀ ਦੁਨੀਆਂ 'ਤੇ ਅਤੇ ਖੋਜ ਦੇ ਮਾਮਲੇ 'ਚ ਅਮਰੀਕਾ ਦਾ ਦਬਦਬਾ ਹੁੰਦਾ ਸੀ ਹੁਣ ਅਜਿਹਾ ਨਹੀਂ ਰਿਹਾ ਹੈ, ਹੁਣ ਯੂਰਪੀ ਸੰਘ ਦੇ 27 ਦੇਸ਼ ਅਤੇ ਏਸ਼ੀਆ ਪੈਸਿਫਿਕ ਦੇ ਦੇਸ਼ ਉਸਦੇ ਬਰਾਬਰ ਆ ਖੜੇ ਹੋਏ ਹਨ।" ਸਮਾਚਾਰ ਏਜੰਸੀ ਰਾਅਟਰਸ ਦੀ ਮਾਲਕ ਕੰਪਨੀ ਥਾਮਸਨ ਰਾਅਟਸ ਸਾਇੰਸ ਦੀ ਦੁਨੀਆਂ 'ਚ ਲਗਾਤਰ ਸੋਧ ਕਰਦੀ ਹੈ, ਉਹ ਆਪਣੇ ਪ੍ਰੋਗਰਾਮ ਵੈਬ ਆਫ਼ ਸਾਇੰਸ ਦੇ ਜਰੀਏ ਦੁਨੀਆਂ ਦੇ ਸਾਰੇ ਪ੍ਰਭਾਵਸ਼ਾਲੀ ਖੋਜ ਪੇਪਰਾਂ 'ਤੇ ਨਜ਼ਰ ਰੱਖਦੀ ਹੈ। ਵਿਗਿਆਨਕ ਅਤੇ ਇੰਜੀਨੀਅਰ ਆਪਣੇ ਕੰਮ ਤੋਂ ਇਨ੍ਹਾਂ ਖੋਜ ਜਨਰਲਾਂ ਦੇ ਜਰੀਏ ਸਰਵਜਨਿਕ ਹੁੰਦੇ ਹਨ ਅਤੇ ਅਲੋਚਕਾਂ ਦੇ ਸਾਹਮਣੇ ਰੱਖਦੇ ਹਨ।

ਰਾਅਟਸ ਦੀ ਰਿਪੋਰਟ ਦੇ ਅਨੁਸਾਰ, "ਹੁਣ ਵੀ ਅਮਰੀਕਾ 'ਚ ਵਿਗਿਆਨਕ ਸੋਧ ਦੀ ਸਥਿਤੀ ਕਾਫ਼ੀ ਵਧੀਆ ਹੈ, ਇਸਦੀ ਵਜ੍ਹਾ ਪੈਸਾ ਹੈ ਜੋ ਜੀ. ਡੀ. ਪੀ. ਦਾ ਲਗਭਗ 2.8 ਫੀਸਦੀ ਹੈ।" ਥਾਮਸਨ ਦੇ ਜੋਨਾਥਨ ਐਡਮਸ ਅਤੇ ਡੇਵਿਡ ਪੈਂਡਲਬਰੀ ਨੇ ਆਪਣੀ ਰਿਪੋਰਟ 'ਚ ਕਿਹਾ ਹੈ। "1981 'ਚ ਅਮਰੀਕੀ ਵਿਗਿਆਨਕਾਂ ਨੇ ਦੁਨੀਆਂ ਦੇ ਪ੍ਰਭਾਵਸ਼ਾਲੀ ਜਨਰਲਾਂ 'ਚ 40 ਫੀਸਦੀ ਖੋਜ ਪੇਪਰ ਛਪਵਾਏ। 2009 ਤੱਕ ਆਉਂਦੇ -ਆਉਂਦੇ ਇਹ ਪ੍ਰਤੀਸ਼ਤ ਘੱਟ ਕੇ 29 ਰਹਿ ਗਿਆ। ਇਸ ਦੌਰਾਨ ਯੂਰਪੀ ਦੇਸ਼ਾਂ ਦਾ ਹਿੱਸਾ 33 ਫੀਸਦੀ ਤੋਂ ਵਧ ਕੇ 36 ਫੀਸਦੀ ਹੋ ਗਿਆ। ਸਭ ਤੋਂ ਵੱਡਾ ਕਮਾਲ ਏਸ਼ੀਆ ਪ੍ਰਸ਼ਾਂਤ ਖੇਤਰ ਦੇ ਦੇਸ਼ਾਂ ਨੇ ਕੀਤਾ। ਇਨ੍ਹਾਂ ਦੇਸ਼ਾਂ ਦਾ ਹਿੱਸਾ 13 ਫੀਸਦੀ ਤੋਂ ਵਧ ਕੇ 31 ਫੀਸਦੀ ਤੱਕ ਪਹੁੰਚ ਗਿਆ।"

ਇਸ ਰਿਪੋਰਟ ਦੇ ਅਨੁਸਾਰ ਦੁਨੀਆਂ 'ਚ ਹੁਣ ਖੋਜ ਪੇਪਰਾਂ ਦੇ ਮਾਮਲੇ 'ਚ ਚੀਨ ਦੂਸਰੇ ਨੰਬਰ 'ਤੇ ਆ ਗਿਆ ਹੈ। ਉਸਦਾ ਹਿੱਸਾ 11 ਫੀਸਦੀ ਹੈ। ਪਹਿਲੇ ਨੰਬਰ 'ਤੇ ਹੁਣ ਵੀ ਅਮਰੀਕਾ ਕਾਇਮ ਹੈ।

## ■ ਤੂਫ਼ਾਨ ਦੀ ਭਵਿੱਖਬਾਣੀ ਕਈ ਸਾਲ ਪਹਿਲਾਂ

ਵਾਸ਼ਿੰਗਟਨ - ਤੂਫ਼ਾਨ ਦੀ ਭਵਿੱਖਬਾਣੀ ਹੁਣ ਕੁਝ ਦਿਨ ਪਹਿਲਾਂ ਨਹੀਂ, ਸਗੋਂ ਕਈ ਸਾਲ ਪਹਿਲਾਂ ਕੀਤੀ ਜਾ ਸਕੇਗੀ। ਅਮਰੀਕਾ 'ਚ ਐਟਲਾਂਟਿਕ ਦੇ ਤਟ 'ਤੇ ਹਰ ਸਾਲ ਵਿਨਾਸ਼ਕਾਰੀ ਤੂਫ਼ਾਨ ਆਉਂਦੇ ਹਨ। ਇਨ੍ਹਾਂ 'ਚ ਲੱਖਾਂ ਡਾਲਰਾਂ ਦੀ ਸੰਪਤੀ ਨੂੰ ਨੁਕਸਾਨ ਪਹੁੰਚਾਉਂਦਾ ਹੈ। ਇੰਗਲੈਂਡ ਦੇ ਐਕਜੇਟਰ ਮੌਸਮ ਵਿਭਾਗ ਦੇ ਵਿਗਿਆਨਕ ਡਗ ਸਮਿਥ ਨੇ ਅਜਿਹਾ ਮਾਡਲ ਵਿਕਸਤ ਕੀਤਾ ਹੈ। ਜਿਸਦੀ ਬਦੌਲਤ ਇਹ ਦੱਸਿਆ ਜਾ ਸਕੇਗਾ ਕਿ ਕਿਸ ਸਾਲ ਕਿੰਨੇ ਤੂਫ਼ਾਨ ਆਉਣਗੇ ਅਤੇ ਉਨ੍ਹਾਂ ਦੀ ਤੀਬਰਤਾ ਕੀ ਹੋਵੇਗੀ। ਸਮਿਥ ਦੇ ਮਾਡਲ ਤੋਂ ਇਹ ਪਤਾ ਚੱਲਦਾ ਹੈ ਕਿ ਪਿਛਲੇ ਸਾਲਾਂ 'ਚ ਤੂਫ਼ਾਨ ਦੀਆਂ ਗਤੀਵਿਧੀਆਂ ਵਧੀਆਂ ਹਨ, ਪਰ ਇਸ ਦੇ ਕਾਰਨਾਂ ਨੂੰ ਲੈ ਕੇ ਮਾਡਲ ਚੁੱਪ ਹੈ।



## ■ ਹੇਡਰਾਨ ਕੋਲਾਈਡਰ ਦਾ ਮਿਨੀ ਮਹਾਂਵਿਸਫੋਟ

ਯੂਰਪੀ ਪਰਮਾਣੂ ਸੋਧ ਸੰਗਠਨ ਨੇ ਸਰਨ ਨੇ ਪ੍ਰੋਟਾਨ ਦੀ ਥਾਂ 'ਤੇ ਸ਼ੀਸ਼ੇ ਦੇ ਆਇਨਾਂ ਨੂੰ ਆਪਸ 'ਚ ਟਕਰਾਉਣ ਦਾ ਸਫ਼ਲਤਾਪੂਰਵਕ ਇਕ ਛੋਟਾ ਵਿਸਫੋਟ ਕੀਤਾ ਹੈ। ਫਰਾਂਸ ਅਤੇ ਸਵਿਟਜਰਲੈਂਡ ਦੀ ਸੀਮਾ 'ਤੇ ਸਥਿਤ ਲਾਰਜ ਹੇਡਰਾਨ ਕੋਲਾਈਡਰ ਜਾਂ ਐਲ. ਐਚ. ਸੀ. 'ਚ ਕੰਮ ਕਰਨ ਵਾਲੇ ਵਿਗਿਆਨਕਾਂ ਨੂੰ ਇਹ ਸਫਲਤਾ ਨਵੰਬਰ 'ਚ ਹਾਸਲ ਹੋਈ। ਇਸ ਪ੍ਰਯੋਗ 'ਚ ਸੂਰਜ ਦੇ ਕੇਂਦਰ 'ਚ ਵੀ ਦਸ ਲੱਖ ਗੁਣਾ ਜ਼ਿਆਦਾ ਤਾਪਮਾਨ ਪੈਦਾ ਹੋ ਗਿਆ। ਇਹ ਮਹਾਂਮਸ਼ੀਨ ਜ਼ਮੀਨ ਦੇ 175 ਮੀਟਰ ਨੀਚੇ ਅਤੇ 27 ਕਿਲੋਮੀਟਰ ਲੰਬੀ ਇਕ ਗੋਲ ਸੁਰੰਗ 'ਚ ਸਥਿਤ ਹੈ। ਹੁਣ ਤੱਕ ਇਸ 'ਚ ਪ੍ਰੋਟਾਨਾਂ ਨੂੰ ਟਕਰਾਇਆ ਜਾ ਰਿਹਾ ਸੀ ਜਿਸ 'ਚ ਇਸਦੇ ਰਾਜ ਦਾ ਪਤਾ ਲਗਾਇਆ ਜਾ ਸਕਦਾ ਹੈ। ਪ੍ਰੋਟਾਨਾਂ ਦੇ ਟਕਰਾਉਣ ਨਾਲ ਹਿਗਸ ਬੋਸੋਨ ਨਾਮਕ ਕਣ ਅਤੇ ਨਵੇਂ ਭੌਤਿਕ ਨਿਯਮਾਂ ਦਾ ਪਤਾ ਲਗਾਉਣ 'ਚ ਮਦਦ ਮਿਲਦੀ ਹੈ।

ਪਰ ਅਗਲੇ ਚਾਰ ਹਫ਼ਤੇ ਐਲ. ਐਚ. ਸੀ. ਦੇ ਵਿਗਿਆਨਕ ਸ਼ੀਸ਼ੇ ਦੇ ਆਇਨਾਂ ਦੇ ਟਕਰਾਅ ਤੋਂ ਮਿਲੇ ਅੰਕੜਿਆਂ ਦਾ ਵਿਸ਼ਲੇਸ਼ਣ ਕਰਨ 'ਚ ਵੀ ਧਿਆਨ ਕੇਂਦਰਿਤ ਕਰਦੇ ਹਨ। ਇਹ ਪ੍ਰਕਿਰਿਆ ਇਕ ਸੁੱਰਖਿਅਤ ਅਤੇ ਨਿਯੰਤਰਿਤ ਵਾਤਾਵਰਣ 'ਚ ਹੋਈ ਜਿਸ 'ਚ ਬੇਹਦ ਗਰਮ ਅਤੇ ਸੰਘਣੇ ਅਣੂਆਂ ਦੇ ਗੋਲੇ ਪੈਦਾ ਹੋਏ ਜਿਨ੍ਹਾਂ ਦਾ ਤਾਪਮਾਨ ਦਸ ਕਰੋੜ ਅਰਬ ਡਿਗਰੀ ਤੋਂ ਵੀ ਉਪਰ ਸੀ ਜੋ ਸੂਰਜ ਦੇ ਕੇਂਦਰ ਦੇ ਤਾਪਮਾਨ ਤੋਂ ਦਸ ਗੁਣਾ ਜ਼ਿਆਦਾ ਸੀ।

ਡਾ. ਐਵਨਸ ਨੇ ਕਿਹਾ, "ਇਸ ਤਾਪਮਾਨ 'ਤੇ ਪ੍ਰੋਟਾਨ ਅਤੇ ਨਿਊਟ੍ਰਾਨ ਵੀ ਪਿਘਲ ਜਾਂਦੇ ਹਨ ਜਿਸ ਤੋਂ ਅਣੂਆਂ ਦਾ ਕੇਂਦਰ ਬਦਦਾ ਹੈ ਜੋ ਅਣੂਆਂ ਦੇ ਕੇਂਦਰ ਨੂੰ ਇਕ ਦੂਜੇ ਨਾਲ ਜੋੜ ਕੇ ਰੱਖਦਾ ਹੈ ਅਤੇ ਇਸ ਬ੍ਰਹਿਮੰਡ 'ਚ ਮੌਜੂਦ 98 ਪ੍ਰਤੀਸ਼ਤ ਦ੍ਰਵਮਾਨ ਦੇ ਲਈ ਜ਼ਿੰਮੇਵਾਰ ਹੈ।



# ਜਦੋਂ ਪੂਜਾ-ਪਾਠ ਵੀ ਜਿੰਨ ਨੂੰ ਭਜਾ ਨਾ ਸਕਿਆ



ਰਾਜਾ ਰਾਮ ਹੰਡਿਆਇਆ

ਸਵਿੱਤਰੀ ਇੱਕ ਬਹੁਤ ਹੀ ਧਾਰਮਕ ਵਿਚਾਰਾਂ ਵਾਲੀ ਔਰਤ ਸੀ। ਘਰ ਵਿਚ ਕਿਸੇ ਪ੍ਰਕਾਰ ਦੀ ਤੰਗੀ ਨਹੀਂ ਸੀ। ਜੋ ਸੁੱਖ ਸਾਧਨ ਘਰ ਵਿਚ ਹੋਣੇ ਚਾਹੀਦੇ ਹਨ, ਉਹ ਸਾਰੇ ਉਸ ਕੋਲ ਸਨ। ਪਤੀ ਇੱਕ ਸਰਕਾਰੀ ਅਫ਼ਸਰ ਸੀ। ਸਵਿੱਤਰੀ ਦੇ ਦੋ ਬੱਚੇ ਸਨ - ਇੱਕ ਮੁੰਡਾ ਤੇ ਇੱਕ ਕੁੜੀ। ਦੋਵੇਂ ਬੱਚੇ ਜਵਾਨ ਸਨ ਅਤੇ ਕਾਲਜ ਵਿਚ ਪੜ੍ਹਦੇ ਸਨ। ਇਸ ਤਰ੍ਹਾਂ ਪਰਿਵਾਰ ਛੋਟਾ ਅਤੇ ਸੁਖੀ ਸੀ।

ਸਵਿਤਰੀ ਜਿਹੜੇ ਘਰੇਲੂ ਵਾਤਾਵਰਣ ਵਿਚ ਪਲ਼ੀ ਅਤੇ ਜਵਾਨ ਹੋਈ ਸੀ, ਉਨ੍ਹਾਂ ਵਿਚ ਪੁਰਾਣੇ ਹਿੰਦੂ ਸੰਸਕਾਰਾਂ ਦਾ ਗਹਿਰਾ ਪ੍ਰਭਾਵ ਸੀ। ਇਹੀ ਕਾਰਨ ਸੀ ਕਿ ਸ਼ਾਦੀ ਤੋਂ ਬਾਅਦ ਵੀ ਉਸਦਾ ਝੁਕਾਅ ਧਾਰਮਕ ਕੰਮਾਂ ਵੱਲ ਹੀ ਰਹਿੰਦਾ ਸੀ। ਪਤੀ ਅਤੇ ਬੱਚੇ ਆਪਣੇ ਆਪਣੇ ਕੰਮਾਂ ਲਈ ਬਾਹਰ ਚਲੇ ਜਾਂਦੇ ਤਾਂ ਸਵਿੱਤਰੀ ਆਪਣੇ ਘਰੇਲੂ ਕੰਮਾਂ ਨੂੰ ਨਿਪਟਾ ਕੇ, ਆਮ ਔਰਤਾਂ ਵਾਂਗ ਕਿਸੇ ਗੁਆਂਢੀ ਦੇ ਘਰ ਨਿੰਦਾ ਚੁਗਲੀ ਕਰਨ ਨਹੀਂ ਸੀ ਜਾਂਦੀ। ਉਹ ਬੇਹੱਦ ਸੰਵੇਦਨਸ਼ੀਲ ਔਰਤ ਸੀ। ਉਸਦਾ ਬਹੁਤਾ ਸਮਾਂ ਜਾਂ ਤਾਂ ਮੰਦਰ ਵਿਚ ਪੂਜਾ ਪਾਠ ਕਰਨ ਵਿਚ ਬਤੀਤ ਹੁੰਦਾ ਸੀ ਜਾਂ ਫਿਰ ਉਹ ਘਰ ਵਿਚ ਹੀ ਗੀਤਾ ਦਾ ਪਾਠ ਕਰਦੀ ਰਹਿੰਦੀ ਸੀ।

ਇਸ ਤਰ੍ਹਾਂ ਗ੍ਰਿਹਸਥ ਜੀਵਨ ਵਿਚ ਰਹਿ ਕੇ ਉਹ ਵੀ ਇੱਕ ਸੰਨਿਆਸਣ ਵਰਗਾ ਜੀਵਨ ਬਤੀਤ ਕਰਦੀ ਸੀ। ਜਦੋਂ ਦੇ ਬੱਚੇ ਵੱਡੇ ਹੋ ਗਏ ਸਨ, ਉਦੋਂ ਤੋਂ ਹੀ ਉਹ ਪਤੀ ਤੋਂ ਆਮ ਤੌਰ ਤੇ ਦੂਰ-ਦੂਰ ਰਹਿੰਦੀ ਸੀ। ਪਤੀ ਦੇ ਚਾਹੁਣ ਤੇ ਵੀ ਉਹ ਗ੍ਰਿਹਸਥ ਜੀਵਨ ਤੋਂ ਪਿੱਛਾ ਛੁਡਾਉਣਾ ਚਾਹੁੰਦੀ ਸੀ। ਇਸ ਲਈ, ਰਾਤ ਨੂੰ ਪਤੀ ਤੋਂ ਅੱਡ, ਬੱਚਿਆਂ ਕੋਲ ਸੌਂਦੀ ਸੀ। ਪਤੀ ਦੀ ਨਰਾਜ਼ਗੀ ਦੂਰ ਕਰਨ ਲਈ ਆਮ ਤੌਰ ਤੇ ਇਹੀ ਕਹਿੰਦੀ ਕਿ ਬੱਚੇ ਹੁਣ ਵੱਡੇ ਹੋ ਗਏ ਹਨ, ਇਸ ਲਈ ਪਤੀ ਕੋਲ ਸੌਣਾ ਉਹਨੂੰ ਸ਼ੋਭਾ ਨਹੀਂ ਦਿੰਦਾ। ਉਹ ਇਸ ਉਮਰ ਵਿਚ ਪਤੀ ਨਾਲ ਸਰੀਰਕ ਸੰਬੰਧ ਰੱਖਣਾ ਚੰਗਾ ਨਹੀਂ ਸੀ ਸਮਝਦੀ ਕਿਉਂਕਿ ਉਸਦੀ ਨਜ਼ਰ ਵਿਚ ਅਜਿਹਾ ਕਰਨਾ ਪਾਪ ਸੀ। ਉਹ ਪਤੀ ਨੂੰ ਵੀ ਸਬਰ ਰੱਖਣ ਅਤੇ ਪੂਜਾ ਪਾਠ ਵਿਚ ਲੱਗੇ ਰਹਿਣ ਦੀ ਸਿੱਖਿਆ ਦਿੰਦੀ ਰਹਿੰਦੀ ਸੀ। ਚਾਹੇ ਪਤੀ ਉਸਦੇ ਇਸ ਵਿਹਾਰ ਕਾਰਨ ਕਈ ਵਾਰ ਤੰਗ ਆ ਜਾਂਦਾ ਪਰ ਫਿਰ ਵੀ ਉਸਦੀ ਹਰ ਗੱਲ ਖੁਸ਼ੀ ਨਾਲ ਮੰਨ ਲੈਂਦਾ ਸੀ ਕਿਉਂਕਿ ਸਵਿੱਤਰੀ ਇਕ ਬੇਹੱਦ ਸਰੀਫ਼ ਔਰਤ ਸੀ।

ਅਚਾਨਕ ਸਵਿੱਤਰੀ ਨੂੰ ਰਾਤ ਨੂੰ ਸੌਂਦੇ ਸਮੇਂ ਇਕ ਪਰਛਾਈ ਦਿਖਣ ਲੱਗੀ ਅਤੇ ਇਹ ਪਰਛਾਈ ਉਸਦੇ ਸਰੀਰ ਨਾਲ ਇਕ ਬੋਝ ਜਿਹਾ ਬਣਕੇ ਲਿਪਟਣ ਲੱਗੀ। ਉਸ ਨਾਲ ਬਲਾਤਕਾਰ ਕਰਨ ਲੱਗੀ। ਇਸਤੋਂ ਵੀ ਵੱਧ, ਇਹ ਪਰਛਾਈ ਹੁਣ ਰੂਪ ਬਦਲਕੇ ਆਉਣ ਲੱਗੀ। ਕਦੇ ਪਤੀ ਦੇ ਰੂਪ ਵਿਚ, ਕਦੇ ਭਾਈ, ਦਿਓਰ, ਜੇਠ ਜਾਂ ਕਿਸੇ ਹੋਰ ਦੇ ਰੂਪ ਵਿਚ। ਸਵਿੱਤਰੀ ਦੀਆਂ ਨਜ਼ਰਾਂ ਵਿਚ ਇਹ ਕੋਈ ਬੁਰੀ ਆਤਮਾ ਸੀ। ਇਸ ਤਰ੍ਹਾਂ ਉਸਦੇ ਸਰੀਰ ਨਾਲ ਇਕ ਸ਼ਕਤੀਸ਼ਾਲੀ ਜਿੰਨ ਦੁਆਰਾ ਹਰ ਰੋਜ਼ ਸੰਭੋਗ ਹੋਣ ਲੱਗਾ।

ਜਿੰਨ੍ਹਾ ਉਹ ਆਪਣਾ ਧਿਆਨ ਵਧੇਰੇ ਪੂਜਾ ਪਾਠ ਵਿਚ ਲਾਉਂਦੀ, ਉਨਾ ਹੀ ਉਲਟਾ ਵਿਹਾਰ ਰਾਤ ਨੂੰ ਜਿੰਨ ਦੁਆਰਾ ਉਸ ਨਾਲ ਕੀਤਾ ਜਾਂਦਾ। ਹੁਣ ਉਹ ਆਪਣਾ ਬਹੁਤਾ ਸਮਾਂ ਗੀਤਾ ਦਾ ਪਾਠ ਕਰਨ ਵਿਚ ਬਤੀਤ ਕਰਦੀ। ਸਵੇਰੇ ਸਾਮ ਮੰਦਰ ਜਾਂਦੀ। ਪਰ ਉਹ ਹੈਰਾਨ ਸੀ ਕਿ ਉਸਦੇ ਸਰੀਰ ਨਾਲ ਅਜਿਹਾ ਕਿਉਂ ਹੋ ਰਿਹਾ ਹੈ। ਉਹ ਪਰੇਸ਼ਾਨ ਰਹਿਣ ਲੱਗੀ। ਜਿੰਨ੍ਹਾਂ ਵਧੇਰੇ ਧਿਆਨ ਭਗਤੀ ਵਿਚ ਲਾਉਂਦੀ, ਉਨਾ ਹੀ ਜਿੰਨ ਵਧੇਰੇ ਤੰਗ ਕਰਦਾ। ਉਹ ਇਹ ਸਭ ਸਮਝਣ ਤੋਂ ਅਸਮਰਥ ਸੀ ਕਿਉਂਕਿ ਦਿਨ ਦੇ ਸਮੇਂ ਕਦੇ ਵੀ ਉਸਦੇ ਮਨ ਕਾਮਿਕ ਵਿਚਾਰ ਨਹੀਂ ਆਉਂਦੇ ਸਨ। ਰਾਤ ਨੂੰ ਵੀ ਉਹ ਹਮੇਸ਼ਾ ਗੀਤਾ ਦਾ ਪਾਠ ਕਰਕੇ ਸੌਂਦੀ ਸੀ ਪਰ ਫਿਰ ਵੀ ਗੀਤਾ ਦੇ ਪਾਠ ਦਾ ਇਸ ਜਿੰਨ ਉਤੇ ਕੋਈ ਅਸਰ ਨਹੀਂ ਹੁੰਦਾ ਸੀ।

ਅਤਿ ਸੰਵੇਦਨਸ਼ੀਲ ਸੁਭਾਅ ਦੇ ਕਾਰਨ ਉਹ ਇਸ ਗੱਲ ਨੂੰ ਕਿਸੇ ਨਾਲ ਸਾਂਝੀ ਵੀ ਨਹੀਂ ਸੀ ਕਰਦੀ। ਪਰ ਅੰਦਰੋਂ ਅੰਦਰੀ ਇਹ ਬੇਚੈਨੀ ਉਸਨੂੰ ਖਾਈ ਜਾ ਰਹੀ ਸੀ। ਸਮੱਸਿਆ ਦੇ ਹੱਲ ਲਈ ਉਹ ਕਿਸੇ ਕੋਲ ਜਾਣਾ ਵੀ ਠੀਕ ਨਹੀਂ ਸਮਝਦੀ ਸੀ ਕਿਉਂਕਿ ਉਸਦੀ ਵੀ ਇਕ ਅਤਿ-ਧਾਰਮਿਕ ਵਿਚਾਰਾਂ ਵਾਲੀ ਔਰਤ ਵਾਲੀ ਬਣ ਚੁੱਕੀ ਸੀ। ਭਲਾ ਇਕ ਭਗਤਣੀ ਔਰਤ ਨਾਲ ਜਿੰਨਾਂ ਦੁਆਰਾ ਬਲਾਤਕਾਰ ਦੀ ਕਹਾਣੀ ਉਹ ਕਿਵੇਂ ਕਿਸੇ ਕੋਲ ਬਿਆਨ ਕਰ ਸਕਦੀ ਸੀ। ਪਰ ਉਸਨੂੰ ਹਰ ਵੇਲੇ ਇਹ ਚਿੰਤਾ ਰਹਿੰਦੀ ਸੀ ਕਿ ਇਸ ਸਮੱਸਿਆ ਦਾ ਹੱਲ ਕਿਵੇਂ ਲੱਭਿਆ ਜਾਵੇ। ਪੂਰਾ ਦਿਨ ਭਗਤੀ ਵਿਚ ਲੀਨ ਹੋਣ ਕਾਰਨ ਵੀ ਅਕਸਰ ਅਜਿਹਾ ਕਿਉਂ ਹੁੰਦਾ ਸੀ? ਸਭ ਤੋਂ ਮਹੱਤਵਪੂਰਨ ਗੱਲ ਤਾਂ ਇਹ ਸੀ ਕਿ ਸੁਚੇਤ ਹਾਲਤ ਵਿਚ ਉਸਦੇ ਮਨ ਵਿਚ ਸਰੀਰਕ ਸੰਬੰਧਾਂ ਦਾ ਖਿਆਲ ਤੱਕ ਨਹੀਂ ਆਉਂਦਾ ਸੀ। ਉਸਦੀ ਉਮਰ ਇਸ ਸਮੇਂ ਲੱਗਭਗ ਪੰਤਾਲੀ ਸਾਲ ਦੀ ਸੀ। ਇਸ ਲਈ ਉਹ ਇਸ ਪਰੇਸ਼ਾਨੀ ਨਾਲ ਜ਼ਿਆਦਾ ਚਿੰਤਤ ਰਹਿੰਦੀ ਸੀ।

ਹੁਣ ਉਸਨੇ ਇਹ ਸਮੱਸਿਆ ਆਪਣੀ ਇਕ ਵਿਸ਼ਵਾਸਯੋਗ ਸਹੇਲੀ ਕੋਲ ਰੱਖੀ। ਉਸਦੀ ਸਹੇਲੀ ਨੇ ਉਸਨੂੰ ਮੇਰੇ ਕੋਲ ਭੇਜ ਦਿੱਤਾ। ਸੱਚਾਈ ਇਹ ਸੀ ਉਹ ਆਪਣੀ ਸਮਾਜ ਵਿਚ ਬਣੀ ਧਾਰਮਿਕ ਔਰਤ ਦੀ ਛਵੀ ਬਣਾਈ ਰੱਖਣ ਲਈ ਬਹੁਤ ਹੀ ਗੁਪਤ ਤੌਰ 'ਤੇ ਇਲਾਜ ਕਰਵਾਉਣਾ ਚਾਹੁੰਦੀ ਸੀ। ਉਸੇ ਕਸਬੇ ਵਿਚ ਰਹਿਣ ਕਾਰਨ ਉਹ ਮੇਰੇ ਕੋਲ ਆਉਣ ਤੋਂ ਵੀ ਝਿਜਕਦੀ ਸੀ ਤਾਂ ਕਿ

ਕਿਸੇ ਨੂੰ ਇਸ ਗੱਲ ਦਾ ਸ਼ੱਕ ਨਾ ਪਵੇ ਕਿ ਇਕ ਬਹੁਤ ਹੀ ਧਾਰਮਿਕ ਵਿਚਾਰਾਂ ਵਾਲੀ ਇਸਤਰੀ ਇਕ ਨਾਸਤਕ ਵਿਅਕਤੀ ਕੋਲ ਆਖਿਰ ਕਿਉਂ ਜਾਂਦੀ ਹੈ। ਇਸ ਲਈ ਉਹ ਘੱਟ ਤੋਂ ਘੱਟ ਸਮੇਂ ਵਿਚ ਅਤੇ ਗੁਪਤ ਤੌਰ ’ਤੇ ਇਲਾਜ ਕਰਵਾਉਣਾ ਚਾਹੁੰਦੀ ਸੀ।

ਮੈਂ ਉਸਨੂੰ ਇਕ ਅਜਿਹੇ ਦਿਨ ਆਉਣ ਦਾ ਸਮਾਂ ਦਿੱਤਾ, ਜਿਸ ਦਿਨ ਕਿਸੇ ਹੋਰ ਦੇ ਆਉਣ ਦੀ ਸੰਭਾਵਨਾ ਘੱਟ ਸੀ। ਮੈਂ ਉਸਦੀ ਕੇਸ ਹਿਸਟਰੀ ਨੂੰ ਵਿਸਥਾਰ ਨਾਲ ਜਾਣਿਆ ਅਤੇ ਕੇਸ ਹੱਲ ਕਰਨ ਦਾ ਪੱਕਾ ਮਨ ਬਣਾ ਲਿਆ। ਇਹ ਕੇਸ ਮੇਰੇ ਲਈ ਬਹੁਤ ਮਹੱਤਵਪੂਰਨ ਸੀ ਕਿਉਂਕਿ ਇਸ ਵਿਚ ਇਕ ਭਗਤੀ ਭਾਵ ਵਾਲੀ ਅਤੇ ਰੋਜ਼ ਪਾਠ ਕਰਨ ਵਾਲੀ ਔਰਤ ਆਪਣੀ ਸਮੱਸਿਆ ਦਾ ਹੱਲ ਲੱਭਣ ਵਿਚ ਅਸਮਰਥ ਹੋ ਕੇ ਹੀ ਮੇਰੇ ਕੋਲ ਆਈ ਸੀ। ਆਮ ਤੌਰ ਉਤੇ ਧਾਰਮਿਕ ਵਿਚਾਰਾਂ ਵਾਲੇ ਲੋਕਾਂ ਦੀ ਸੋਚ ਇਹ ਹੁੰਦੀ ਹੈ ਕਿ ਸਾਡੀਆਂ ਸਾਰੀਆਂ ਸਰੀਰਕ ਤੇ ਮਾਨਸਿਕ ਸਮੱਸਿਆਵਾਂ ਦਾ ਹੱਲ ਪੂਜਾ-ਪ੍ਰਾਰਥਨਾ ਜਾਂ ਭਗਤੀ ਨਾਲ ਹੀ ਹੋ ਸਕਦਾ ਹੈ, ਜਦੋਂ ਕਿ ਇਹ ਕੇਵਲ ਉਨ੍ਹਾਂ ਦਾ ਭਰਮ ਹੈ। ਇਸ ਪ੍ਰਕਾਰ ਦੀਆਂ ਸਭ ਸਮੱਸਿਆਵਾਂ ਦਾ ਹੱਲ ਮਨੋਵਿਗਿਆਨਕ ਢੰਗਾਂ ਨਾਲ ਹੀ ਖੋਜਿਆ ਜਾ ਸਕਦਾ ਹੈ।

ਉਸਨੂੰ ਪਤਾ ਲੱਗ ਚੁੱਕਿਆ ਸੀ ਕਿ ਸਾਡੀ ਸੰਸਥਾ ਇਸ ਤਰ੍ਹਾਂ ਦੀਆਂ ਸਭ ਸਮੱਸਿਆਵਾਂ ਦਾ ਹੱਲ ਕਰਦੀ ਹੈ ਪਰ ਲੋਕ-ਲਾਜ ਲਈ ਉਸਨੂੰ ਪਰਦੇ ਵਿਚ ਇਲਾਜ ਕਰਾਉਣਾ ਜ਼ਰੂਰੀ ਸੀ। ਮੈਂ ਉਸਨੂੰ ਹਿਪਨੋਟਾਈਜ਼ ਕੀਤਾ ਅਤੇ ਯੋਗ ਸੁਝਾਅ ਦਿੱਤੇ। ਉਸਨੂੰ ਬੀਮਾਰੀ ਦੇ ਕਾਰਨ ਬਾਰੇ ਵਿਸਥਾਰ ਵਿਚ ਦੱਸਿਆ ਗਿਆ ਅਤੇ ਹੱਲ ਵੀ ਦੱਸਿਆ। ਉਸਨੂੰ ਕਿਤਾਬ ਹਿੰਦੀ ਵਿਚ ‘ਦੇਵ ਪੁਰਸ਼ ਹਾਰ ਗਏ’ ਵੀ ਪੜ੍ਹਨ ਲਈ ਦਿੱਤੀ ਗਈ। ਵਿਸ਼ੇਸ਼ ਤੌਰ ਤੇ ਇਸਦਾ ਆਖਰੀ ਪਾਠ ‘ਲਤਾ ਤੇ ਉਹਦਾ ਰਹੱਸਮਈ ਪ੍ਰੇਮੀ’ ਪੜ੍ਹਨ ਲਈ ਕਿਹਾ। ਇਸ ਤੋਂ ਬਾਅਦ ਪੂਰੀ ਕਿਤਾਬ ਪੜ੍ਹਨ ਦੀ ਸਲਾਹ ਦਿੱਤੀ ਗਈ ਤਾਂ ਕਿ ਉਸਨੂੰ ਅਨੇਕ ਪ੍ਰਕਾਰ ਦੇ ਮਾਨਸਿਕ ਰੋਗਾਂ ਦੀ ਜਾਣਕਾਰੀ ਮਿਲੇ ਅਤੇ ਉਨ੍ਹਾਂ ਦੇ ਮਨੋਵਿਗਿਆਨਕ ਹੱਲ ਬਾਰੇ ਪਤਾ ਲੱਗੇ। ਉਹ ਅੱਠਵੀਂ ਪਾਸ ਸੀ ਅਤੇ ਹਿੰਦੀ ਬਹੁਤ ਚੰਗੀ ਤਰ੍ਹਾਂ ਪੜ੍ਹ ਲੈਂਦੀ ਸੀ। ਉਂਜ ਵੀ ਸੰਵੇਦਨਸ਼ੀਲ ਹੋਣ ਦੇ ਨਾਤੇ ਉਸਨੇ ਮੇਰੀ ਹਰ ਗੱਲ ਨੂੰ ਬੜੇ ਧਿਆਨ ਨਾਲ ਸੁਣਿਆ ਅਤੇ ਸਮਝਿਆ। ਪੂਰੀ ਕਿਤਾਬ ਪੜ੍ਹਨ ਤੋਂ ਬਾਅਦ ਉਸਨੂੰ ਇੱਕ ਵਾਰ ਫਿਰ ਆਉਣ ਲਈ ਕਿਹਾ। ਪਰ ਉਹ ਜ਼ਿਆਦਾ ਵਾਰ ਨਹੀਂ ਆਉਣਾ ਚਾਹੁੰਦੀ ਸੀ। ਇਸ ਲਈ ਮੈਂ ਉਸਨੂੰ ਕੇਵਲ ਇਕ ਵਾਰ ਫਿਰ ਆਉਣ ਅਤੇ ਸਮੱਸਿਆ ਦਾ ਗੰਭੀਰਤਾ ਨਾਲ ਹੱਲ ਲੱਭਣ ਦੀ ਗੱਲ ਕਹੀ। ਇਸ ਤਰ੍ਹਾਂ ਇਕ ਵਾਰ ਫਿਰ ਉਸਨੂੰ ਹਿਪਨੋਟਾਈਜ਼ ਕਰਕੇ ਯੋਗ ਸੁਝਾਅ ਦਿੱਤੇ ਗਏ ਅਤੇ ਪੂਰੀ ਤਰ੍ਹਾਂ ਠੀਕ ਰਹਿਣਦੀ ਤਸੱਲੀ ਦਿੱਤੀ ਗਈ।

ਇਸ ਤਰ੍ਹਾਂ ਤਰਕਸ਼ੀਲ ਸੁਸਾਇਟੀ ਕੋਲ ਅਜਿਹੇ ਹਜ਼ਾਰਾਂ ਕੇਸ ਆਉਂਦੇ ਹਨ ਜਿਨ੍ਹਾਂ ਵਿਚ 12 ਸਾਲ ਦੀ ਉਮਰ ਤੋਂ ਲੈ ਕੇ 50 ਸਾਲ ਜਾਂ ਇਸ ਤੋਂ ਵੀ ਕੁੱਝ ਵੱਧ ਉਮਰ ਤੱਕ ਦੀਆਂ ਔਰਤਾਂ ਨਾਲ ਕਿਸੇ ਅਖੌਤੀ ਭੂਤ-ਪ੍ਰੇਤ ਜਾਂ ਜਿੰਨ ਦੁਆਰਾ ਬਲਾਤਕਾਰ ਹੁੰਦਾ ਹੈ। ਇਸਦੇ ਉਲਟ ਆਦਮੀਆਂ ਵਿਚ ਵੀ ਕਿਸੇ ਚੁੜੇਲ ਜਾਂ ਜਿੰਨਣੀ ਦੁਆਰਾ ਜਬਰਦਸਤੀ ਸੰਭੋਗ ਕਰਵਾਉਣ ਦੇ ਮਾਮਲੇ ਸਾਡੇ ਕੋਲ ਆਉਂਦੇ ਹੀ ਰਹਿੰਦੇ ਹਨ। ਇਨ੍ਹਾਂ ਸਾਰੇ ਕੇਸਾਂ ਦਾ ਸੰਬੰਧ ਵਿਅਕਤੀ ਦੀਆਂ ਮਨੋ-ਸਰੀਰਕ ਇੱਛਾਵਾਂ ਨਾਲ ਹੁੰਦਾ ਹੈ, ਜਿਨ੍ਹਾਂ ਨੂੰ ਉਹ ਸੁਚੇਤ ਰੂਪ ਵਿਚ ਦੱਬਕੇ ਰੱਖਣ ਦੀ ਕੋਸ਼ਿਸ਼ ਕਰਦੇ ਹਨ ਪਰ ਅਵਚੇਤਨਾ ਦੇ ਘੇਰੇ ਵਿਚ ਜਾਂਦੇ ਹੀ, ਸੁਪਨਿਆਂ ਦੀ ਤਰ੍ਹਾਂ, ਇਨ੍ਹਾਂ ਦੱਬੀਆਂ ਹੋਈਆਂ ਇੱਛਾਵਾਂ ਦੀ ਤ੍ਰਿਪਤੀ ਹੋਣ ਲੱਗਦੀ ਹੈ। ਕਿਉਂਕਿ ਵਧੇਰੇ ਲੋਕਾਂ ਦੀ ਸੋਚ ਪੁਰਾਣੀ ਅਤੇ ਅੰਧਵਿਸ਼ਵਾਸੀ ਹੁੰਦੀ ਹੈ ਇਸ ਲਈ ਉਹ ਇਨ੍ਹਾਂ ਗੱਲਾਂ ਦਾ ਸੰਬੰਧ ਆਮ ਤੌਰ ਤੇ ਭੂਤ-ਪ੍ਰੇਤ ਜਾਂ ਜਿੰਨ ਆਦਿ ਨਾਲ ਜੋੜ ਲੈਂਦੇ ਹਨ ਅਤੇ ਡਰਦੇ ਮਾਰੇ ਤਾਂਤ੍ਰਿਕ ਜਾਂ ਅਖੌਤੀ ਸਿਆਣਿਆਂ ਦੇ ਜਾਲ਼ ਵਿਚ ਫਸ ਜਾਂਦੇ ਹਨ ਜੋ ਉਨ੍ਹਾਂ ਦੇ ਭੋਲੇਪਣ ਦਾ ਲਾਭ ਉਠਾਕੇ, ਹਰ ਪਕਾਰ ਦਾ ਸੋਸ਼ਣ ਕਰਦੇ ਹਨ।

ਚਾਹੇ ਕਾਮ (ਸੈਕਸ) ਵਿਅਕਤੀ ਦੇ ਜੀਵਨ ਦਾ ਇਕ ਅੰਤ ਮਹੱਤਵਪੂਰਨ ਹਿਸਾ ਹੈ ਪਰ ਸਾਡੇ ਸਮਾਜ ਵਿਚ ਇਸਨੂੰ ਇਕ ਨਿੰਦਣਯੋਗ ਅਤੇ ਘਟੀਆ ਕੰਮ ਸਮਝਿਆ ਜਾਂਦਾ ਹੈ। ਭਾਵੇ ਸਾਡੇ ਧਾਰਮਕ ਗ੍ਰੰਥਾਂ ਵਿਚ ਤਾਂ ਦੇਵੀ-ਦੇਵਤਿਆਂ, ਰਿਸ਼ੀਆਂ-ਮੁਨੀਆਂ ਅਤੇ ਅਪਸਰਾਵਾਂ ਦੇ ਕਾਮ ਸੰਬੰਧਾਂ ਦਾ ਖੁੱਲ੍ਹਾ ਵਰਨਣ ਮਿਲਦਾ ਹੈ। ਬਲਕਿ ਅਨੇਕ ਅਜਿਹੇ ਮੰਦਰ ਵੀ ਹਨ ਜਿੱਥੇ ਪੱਥਰ ਦੀਆਂ ਮੂਰਤੀਆਂ ਨੂੰ ਭਿੰਨ-ਭਿੰਨ ਤਰੀਕਿਆਂ ਨਾਲ ਕਾਮ-ਕਲਾ ਵਿਚ ਦਿਖਾਇਆ ਗਿਆ ਹੈ। ਪਰ ਫਿਰ ਵੀ ‘ਕਾਮ’ ਦੇ ਜਜ਼ਬੇ ਨੂੰ ਘਟੀਆ ਤੇ ਬੁਰਾ ਰੂਪ ਦਿੱਤਾ ਗਿਆ ਹੈ। ‘ਕਾਮ’ ਦੀ ਸਿੱਖਿਆ ਦੇਣਾ ਤਾਂ ਦੂਰ ਦੀ ਗੱਲ ਹੈ, ਇਸਦਾ ਜ਼ਿਕਰ ਕਰਨਾ ਵੀ ਬੁਰਾ ਮੰਨਿਆ ਗਿਆ ਹੈ। ਇਹੀ ਕਾਰਨ ਹੈ ਕਿ ਸਾਡੀ ਭਾਰਤੀ ਸੰਸਕ੍ਰਿਤੀ ਵਿਚ ਇਸ ਬਾਰੇ ਕਿਸੇ ਵੀ ਵਿਅਕਤੀ ਨੂੰ ਸਹੀ ਸਿੱਖਿਆ ਨਹੀਂ ਮਿਲ ਸਕਦੀ। ਇਸ ਕਰਕੇ ਉਹ ਆਪਣੇ

**ਤਰਕਸ਼ੀਲ ਸੁਸਾਇਟੀ ਕੋਲ ਅਜਿਹੇ ਹਜ਼ਾਰਾਂ ਕੇਸ ਆਉਂਦੇ ਹਨ ਜਿਨ੍ਹਾਂ ਵਿਚ 12 ਸਾਲ ਦੀ ਉਮਰ ਤੋਂ ਲੈ ਕੇ 50 ਸਾਲ ਜਾਂ ਇਸ ਤੋਂ ਵੀ ਕੁੱਝ ਵੱਧ ਉਮਰ ਤੱਕ ਦੀਆਂ ਔਰਤਾਂ ਨਾਲ ਕਿਸੇ ਅਖੌਤੀ ਭੂਤ-ਪ੍ਰੇਤ ਜਾਂ ਜਿੰਨ ਦੁਆਰਾ ਬਲਾਤਕਾਰ ਹੁੰਦਾ ਹੈ। ਇਸਦੇ ਉਲਟ ਆਦਮੀਆਂ ਵਿਚ ਵੀ ਕਿਸੇ ਚੁੜੇਲ ਜਾਂ ਜਿੰਨਣੀ ਦੁਆਰਾ ਜਬਰਦਸਤੀ ਸੰਭੋਗ ਕਰਵਾਉਣ ਦੇ ਮਾਮਲੇ ਸਾਡੇ ਕੋਲ ਆਉਂਦੇ ਹੀ ਰਹਿੰਦੇ ਹਨ। ਇਨ੍ਹਾਂ ਸਾਰੇ ਕੇਸਾਂ ਦਾ ਸੰਬੰਧ ਵਿਅਕਤੀ ਦੀਆਂ ਮਨੋ-ਸਰੀਰਕ ਇੱਛਾਵਾਂ ਨਾਲ ਹੁੰਦਾ ਹੈ, ਜਿਨ੍ਹਾਂ ਨੂੰ ਉਹ ਸੁਚੇਤ ਰੂਪ ਵਿਚ ਦੱਬਕੇ ਰੱਖਣ ਦੀ ਕੋਸ਼ਿਸ਼ ਕਰਦੇ ਹਨ ਪਰ ਅਵਚੇਤਨਾ ਦੇ ਘੇਰੇ ਵਿਚ ਜਾਂਦੇ ਹੀ, ਸੁਪਨਿਆਂ ਦੀ ਤਰ੍ਹਾਂ, ਇਨ੍ਹਾਂ ਦੱਬੀਆਂ ਹੋਈਆਂ ਇੱਛਾਵਾਂ ਦੀ ਤ੍ਰਿਪਤੀ ਹੋਣ ਲੱਗਦੀ ਹੈ।**

ਨਜਦੀਕੀ ਦੋਸਤਾਂ ਕੋਲੋ ਅੱਧਕੱਚੀ ਸਿੱਖਿਆ ਲੈ ਕੇ ਗ੍ਰਹਿਸਥ ਜੀਵਨ ਵਿਚ ਪ੍ਰਵੇਸ਼ ਕਰ ਜਾਂਦੇ ਹਨ। ਇਸ ਤਰ੍ਹਾਂ ਪੀੜੀ ਦਰ ਪੀੜੀ, ਸੱਚੀ ਤੇ ਸਹੀ ਸਿੱਖਿਆ ਨਾ ਮਿਲਣ ਕਾਰਨ ਅਨੇਕ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਕਿਉਂਕਿ ਇਸ ਵਿਸ਼ੇ ਬਾਰੇ ਨਾ ਹੀ ਮਾਤਾ ਪਿਤਾ ਅਤੇ ਨਾ ਹੀ ਅਧਿਆਪਕ ਕੋਈ ਸਹਾਇਤਾ ਕਰ ਸਕਦੇ ਹਨ। ਫਿਰ ਸਹੀ ਸਿੱਖਿਆ ਕਿੱਥੋ ਮਿਲੇਗੀ। ‘ਕਾਮ’ ਨਾਲ ਸੰਬੰਧਤ ਮਾਨਸਿਕ-ਸਰੀਰਕ ਰੋਗ ਪੈਦਾ ਹੋਣ ਦਾ ਇਹੀ ਸਭ ਤੋਂ ਵੱਡਾ ਕਾਰਨ ਹੈ ਜਿਸਦੀ ਬਦੌਲਤ ਨੀਮ ਹਕੀਮ ਤੇ ਝੋਲਾ ਛਾਪ ਡਾਕਟਰ ਸਾਡੀ ਜਨਤਾ ਨੂੰ ਖੂਬ ਲੁੱਟਦੇ ਹਨ।

ਸਾਡੇ ਭਾਰਤੀ ਸਮਾਜ ਦਾ ਢਾਂਚਾ ਹੀ ਕੁੱਝ ਅਜਿਹਾ ਹੈ ਕਿ ਇੱਥੇ ‘ਕਾਮ’ ਦੇ ਜਜ਼ਬੇ ਉਤੇ ਕਾਬੂ ਪਾਉਣ ਲਈ ਆਮ ਤੌਰ ’ਤੇ ਆਪਣਾ ਮਨ ਧਾਰਮਕ ਕੰਮਾਂ ਵਿਚ ਲਾਉਣ ਅਤੇ ਪੂਜਾ-ਪਾਠ, ਪ੍ਰਾਰਥਨਾ, ਭਗਤੀ ਆਦਿ ਵਿਚ ਰੁੱਝੇ ਰਹਿਣ ਦੀ ਸਿੱਖਿਆ ਦਿੱਤੀ ਜਾਂਦੀ ਹੈ। ਇੱਥੇ ਇੱਕ ਗੱਲ ਵਿਸ਼ੇਸ਼ ਤੌਰ ਤੇ ਯਾਦ

ਰੱਖਣਯੋਗ ਹੈ ਕਿ ਦੂਜੇ ਜਜ਼ਬਿਆਂ ਵਾਂਗ 'ਕਾਮ' ਦਾ ਜਜ਼ਬਾ ਵੀ ਅਜਿਹਾ ਜਜ਼ਬਾ ਹੈ ਜਿਸਨੂੰ ਦੱਬਕੇ ਖਤਮ ਨਹੀਂ ਕੀਤਾ ਜਾ ਸਕਦਾ। ਕੇਵਲ ਸਹੀ ਸਿੱਖਿਆ ਦੁਆਰਾ ਹੀ ਇਸ ਜਜ਼ਬੇ ਨੂੰ ਇੱਕ ਹੱਦ ਤੱਕ ਕਾਬੂ ਵਿਚ ਰੱਖਿਆ ਜਾ ਸਕਦਾ ਹੈ ਨਹੀਂ ਤਾਂ ਇਹ ਬੇਕਾਬੂ ਹੋ ਕੇ ਮਨੁੱਖ ਨੂੰ ਅੰਨ੍ਹਾ ਹੀ ਬਣਾ ਦਿੰਦਾ ਹੈ। ਫਿਰ ਮਨੁੱਖ ਇੱਕ ਪਸ਼ੂ ਵਾਂਗ ਸਮਾਜ ਦੀਆਂ ਸਾਰੀਆਂ ਹੱਦਾਂ ਪਾਰ ਕਰ ਜਾਂਦਾ ਹੈ। ਜਾਂ ਫਿਰ ਮਾਨਸਿਕ ਰੋਗੀ ਤੇ ਪਾਗਲ ਹੋ ਜਾਂਦਾ ਹੈ। ਸਾਡੇ ਗ੍ਰੰਥਾਂ ਅਨੁਸਾਰ, ਰਿਸ਼ੀ-ਮੁਨੀ ਵੀ ਅਪਸਰਾਵਾਂ ਨੂੰ ਦੇਖਕੇ ਆਪਣੇ ਉਪਰ ਕਾਬੂ ਨਹੀਂ ਰੱਖ ਸਕਦੇ ਸਨ। ਉਨ੍ਹਾਂ ਨੂੰ ਦੇਖਦੇ ਹੀ ਉਨ੍ਹਾਂ ਦਾ ਵੀਰਜ-ਖਲਾਸ ਹੋ ਜਾਂਦਾ ਸੀ। ਫਿਰ ਭਲਾ ਸਾਡੇ ਸਧਾਰਣ ਲੋਕ 'ਕਾਮ' ਉਤੇ ਆਪਣਾ ਕਾਬੂ ਕਿਵੇਂ ਰੱਖ ਸਕਦੇ ਹਨ। ਕੇਵਲ ਚੰਗੀਆਂ ਕਿਤਾਬਾਂ ਅਤੇ ਚੰਗੇ ਵਿਅਕਤੀਆਂ ਦੀ ਮਾਰਗ ਦਰਸ਼ਨ ਹੀ 'ਕਾਮ' ਦੇ ਬਾਰੇ ਸਹੀ ਸਿੱਖਿਆ ਦੇ ਸਕਦਾ ਹੈ।

ਸਵਿੱਤਰੀ ਇੱਕ ਰੂੜ੍ਹੀਵਾਦੀ ਪਰਿਵਾਰ ਵਿਚ ਜਨਮੀ ਸੀ। ਜਵਾਨ ਕੁੜੀਆਂ ਨੂੰ ਵਿਆਹ ਤੋਂ ਪਹਿਲਾਂ ਮਰਦਾਂ ਤੋਂ ਦੂਰ ਰਹਿਣ ਅਤੇ ਕਿਸੇ ਵੀ ਪ੍ਰਕਾਰ ਦਾ ਸੰਬੰਧ ਨਾ ਰੱਖਣ ਦੀ ਸਿੱਖਿਆ ਸਭ ਘਰਾਂ ਵਿਚ ਦਿੱਤੀ ਜਾਂਦੀ ਹੈ। ਇਸੇ ਤਰ੍ਹਾਂ ਦੀ ਸਿੱਖਿਆ ਸਵਿੱਤਰੀ ਨੂੰ ਵੀ ਦਿੱਤੀ ਗਈ ਸੀ। ਵਿਆਹ ਤੋਂ ਪਹਿਲਾਂ 'ਕਾਮ' ਬਾਰੇ ਕੋਈ ਜਾਣਕਾਰੀ ਨਾ ਮਿਲ ਸਕੀ। ਵਿਆਹ ਤੋਂ ਬਾਅਦ ਵੀ ਉਸਨੇ ਇਸ ਬਾਰੇ ਨਾ ਤਾਂ ਕੋਈ ਚੰਗੀ ਕਿਤਾਬ ਪੜ੍ਹੀ ਸੀ ਅਤੇ ਨਾ ਹੀ ਕਿਸੇ ਕੋਲੋ ਕੁੱਝ ਜਾਣਨ ਦੀ ਕੋਸ਼ਿਸ਼ ਕੀਤੀ ਸੀ। ਸੈਕਸ ਮਾਹਰਾਂ ਦਾ ਮੰਨਣਾ ਹੈ ਕਿ ਸਾਡੇ ਦੇਸ਼ ਵਿਚ ਕੇਵਲ 17 ਪ੍ਰਤੀਸ਼ਤ ਔਰਤਾਂ ਹੀ ਕਾਮਿਕ-ਸੰਤੁਸ਼ਟੀ ਪ੍ਰਾਪਤ ਕਰਦੀਆਂ ਹਨ। ਬਾਕੀ 83 ਪ੍ਰਤੀਸ਼ਤ ਅਗਿਆਨਤਾ-ਵਸ ਆਪਣੀਆਂ ਭਾਵਨਾਵਾਂ ਨੂੰ ਦਬਾਅ ਕੇ ਰੱਖਣ ਦੀ ਕੋਸ਼ਿਸ਼ ਕਰਦੀਆਂ ਹਨ। ਇਨ੍ਹਾਂ ਵਿਚੋਂ ਹੀ ਬਹੁਤੀਆਂ ਔਰਤਾਂ ਮਾਨਸਿਕ ਰੋਗਾਂ ਦਾ ਸ਼ਿਕਾਰ ਹੁੰਦੀਆਂ ਹਨ। ਇਨ੍ਹਾਂ ਨੂੰ ਅਨੇਕ ਪ੍ਰਕਾਰ ਦੇ ਸਰੀਰਕ ਰੋਗ ਵੀ ਲੱਗ ਜਾਂਦੇ ਹਨ। ਇਹ ਸ਼ਰਮ ਦੀਆਂ ਮਾਰੀਆਂ ਇਨ੍ਹਾਂ ਰੋਗਾਂ ਦਾ ਇਲਾਜ ਵੀ ਨਹੀਂ ਕਰਵਾਉਂਦੀਆਂ। ਇਸ ਲਈ ਕੁੱਝ ਰੋਗ ਛੂਤ-ਲਾਗ ਦੇ ਕਾਰਨ ਇਨ੍ਹਾਂ ਦੀ ਔਲਾਦ ਨੂੰ ਵੀ ਲੱਗ ਜਾਂਦੇ ਹਨ।

ਭਾਵੇਂ ਸਵਿੱਤਰੀ ਆਪਣੇ ਜ਼ਮਾਨੇ ਦੀ ਪੜ੍ਹੀ ਲਿਖੀ ਔਰਤ ਸੀ ਪਰ ਉਸਦਾ ਦ੍ਰਿਸ਼ਟੀਕੋਣ ਪਿਛਾਂਹਖਿਚੂ ਲੋਕਾਂ ਵਾਲਾ ਹੀ ਸੀ। ਇਸ ਲਈ ਉਸਨੇ ਪਤੀ ਨਾਲ ਕਾਮ ਸੰਬੰਧ ਕੇਵਲ ਉਸ ਸਮੇਂ ਤੱਕ ਹੀ ਰੱਖੇ, ਜਦ ਤੱਕ ਉਸ ਅੰਦਰ ਸੰਤਾਨ ਪੈਦਾ ਕਰਨ ਦੀ ਭੁੱਖ ਰਹੀ। ਜਿਉਂ ਹੀ ਉਸਦੇ ਦੋ ਬੱਚੇ ਹੋ ਗਏ, ਉਸਨੇ ਪਤੀ ਨਾਲੋਂ ਨਾਤਾ ਤੋੜ ਲਿਆ। ਉਹ ਆਪਣੇ ਬੱਚਿਆਂ ਵਿਚ ਹੀ ਮਸਤ ਰਹਿਣ ਲੱਗੀ। ਉਹ ਕੇਵਲ ਦੋ ਬੱਚੇ ਹੀ ਚਾਹੁੰਦੀ ਸੀ, ਜੋ ਉਸਨੂੰ ਮਿਲ ਚੁੱਕੇ ਸਨ। ਹੁਣ ਉਹ ਪਤੀ ਕੋਲ ਜਾਣ ਤੋਂ ਵੀ ਇਸ ਲਈ ਕਤਰਾਉਣ ਲੱਗੀ ਕਿ ਕਿਤੇ ਤੀਸਰਾ ਬੱਚਾ ਨਾ ਹੋ ਜਾਏ। ਹੋਰ ਔਰਤਾਂ ਵਾਂਗ ਉਸਦੇ ਮਨ ਵਿਚ ਇਹ ਗਲਤ ਧਾਰਨਾ ਬੈਠ ਗਈ ਸੀ ਕਿ ਅਪਰੇਸ਼ਨ ਕਰਵਾਉਣ ਤੋਂ ਬਾਅਦ ਔਰਤ ਦੀ ਬਹੁਤ ਸਾਰੀ ਸ਼ਕਤੀ ਨਸ਼ਟ ਹੋ ਜਾਂਦੀ ਹੈ। ਇਸ ਲਈ ਉਹ ਅਪ੍ਰੇਸ਼ਨ ਕਰਾਉਣ ਲਈ ਤਿਆਰ ਨਾ ਹੋਈ ਅਤੇ ਨਾ ਹੀ ਉਸਨੇ ਪਤੀ ਨੂੰ ਨਸਬੰਦੀ ਅਪ੍ਰੇਸ਼ਨ ਕਰਾਉਣ ਦਿੱਤਾ। ਇਸ ਤਰ੍ਹਾਂ ਹੋਰ ਬੱਚਾ ਪੈਦਾ ਹੋਣ ਦੇ ਡਰ ਨਾਲ ਉਸਨੇ ਪਤੀ ਕੋਲ ਜਾਣਾ ਹੀ ਬੰਦ ਕਰ ਦਿੱਤਾ। ਬੱਚਾ ਪੈਦਾ ਹੋਣੋਂ ਰੋਕਣ ਲਈ ਉਹ ਹੋਰ ਤਰੀਕੇ ਵਰਤਣਾ ਵੀ ਪਸੰਦ ਨਹੀਂ ਕਰਦੀ ਸੀ। ਇਸ ਲਈ ਉਸਦੇ ਮਨ ਵਿਚ ਹਮੇਸ਼ਾ ਇਕ ਭੈਅ ਜਿਹਾ ਬਣਿਆ ਰਹਿੰਦਾ ਸੀ।



ਦੂਜਾ ਮੁੱਖ ਕਾਰਨ ਸੀ ਉਸਦੀ 'ਕਾਮ' ਪ੍ਰਤੀ 'ਗੈਰਵਿਗਿਆਨਕ ਸੋਚ'। ਉਸਦੀ ਸੋਚ ਇਹ ਸੀ ਕਿ ਪਤੀ ਨਾਲ ਕਾਮ-ਸੰਬੰਧ ਕੇਵਲ ਸੰਤਾਨ ਪੈਦਾ ਕਰਨ ਲਈ ਹੀ ਹੁੰਦੇ ਹਨ। ਪਿਛੜੇ ਵਿਚਾਰਾਂ ਵਾਲੇ ਅਜਿਹੇ ਕਰੋੜਾਂ ਲੋਕਾਂ ਦੀ ਸੰਖਿਆ ਸਾਡੇ ਦੇਸ਼ ਵਿਚ ਮੌਜੂਦ ਹੈ ਜੋ ਇਹੀ ਕਹਿੰਦੇ ਹਨ ਕਿ ਪਤੀ-ਪਤਨੀ ਉਦੋਂ ਤੱਕ ਹੀ ਇਕੱਠੇ ਰਹਿਣ ਜਦੋਂ ਤੱਕ ਉਹ ਮਨਚਾਹੀ ਸੰਤਾਨ ਪੈਦਾ ਨਾ ਕਰ ਲੈਣ। ਜਦੋਂ ਵੀ ਉਹ ਇਹ ਕੰਮ ਪੂਰਾ ਕਰ ਲੈਣ, ਫਿਰ ਅੱਡ-ਅੱਡ ਸੌਣਾ ਸ਼ੁਰੂ ਕਰ ਦੇਣ। ਅਜਿਹੇ ਲੋਕ ਨਹੀਂ ਜਾਣਦੇ ਕਿ ਕਾਮ-ਤ੍ਰਿਪਤੀ ਦਾ ਸੰਤਾਨ-ਉਤਪਤੀ ਨਾਲ ਸੰਬੰਧ ਜੋੜਨਾ ਠੀਕ ਨਹੀਂ ਹੈ। ਅਸਲ ਵਿਚ ਸੰਤਾਨ ਪੈਦਾ ਹੋਣਾ ਤਾਂ ਕਾਮ ਸੰਬੰਧਾਂ ਦਾ ਇੱਕ ਨਤੀਜਾ ਹੈ। ਅੱਜ ਦੇ ਵਿਗਿਆਨਕ ਯੁੱਗ ਵਿਚ ਅਸੀਂ ਸੰਤਾਨ ਪੈਦਾ ਹੋਣ ਉਤੇ ਤਾਂ ਪਾਬੰਦੀ ਲਾ ਲਈ ਹੈ। ਅਨੇਕ ਢੰਗਾਂ ਨਾਲ ਅਸੀਂ ਪਰਿਵਾਰ ਨੂੰ ਨਿਯੋਜਤ ਰੱਖਣਾ ਸਿੱਖ ਲਿਆ ਹੈ। ਪਰ ਕਾਮ-ਤ੍ਰਿਪਤੀ ਤਾਂ ਜੀਵਨ ਭਰ ਲਈ ਇੱਕ ਜ਼ਰੂਰੀ ਅਤੇ ਅਨੰਦ ਦੇਣ ਵਾਲੀ ਕਿਰਿਆ ਦੇ ਤੌਰ ਤੇ ਸਵੀਕਾਰ ਹੋ ਚੁੱਕੀ ਹੈ। ਇਸਦਾ ਘੱਟ ਜਾਂ ਵੱਧ ਹੋਣਾ ਸਾਡੀ ਸਮਾਜਿਕ, ਆਰਥਿਕ ਤੇ ਮਾਨਸਿਕ ਹਾਲਤ ਉਤੇ ਨਿਰਭਰ ਕਰਦਾ ਹੈ। ਆਰਥਿਕ ਤੌਰ 'ਤੇ ਤੰਗ ਰਹਿਣ ਵਾਲੇ ਵਿਅਕਤੀਆਂ ਨਾਲੋਂ ਖੁਸ਼ਹਾਲ, ਵਿਹਲੇ ਤੇ ਸਾਧਨ-ਸੰਪੰਨ ਲੋਕਾਂ ਨੂੰ ਕਾਮ ਭਾਵਨਾ ਵਧੇਰੇ ਤੰਗ ਕਰਦੀ ਹੈ। ਪਰ ਫਿਰ ਵੀ ਇਹ ਭਾਵਨਾ ਖਤਮ ਨਹੀਂ ਹੁੰਦੀ, ਦੱਬ ਭਾਵੇਂ ਜਾਂਦੀ ਹੈ।

ਇਹੀ ਹਾਲ ਸਵਿੱਤਰੀ ਦਾ ਹੋਇਆ ਸੀ। ਉਸਨੇ ਆਪਣੀ ਕਾਮ-ਭਾਵਨਾ ਨੂੰ ਦੱਬਣ ਦਾ ਜਤਨ ਕੀਤਾ ਸੀ। ਕਾਫੀ ਹੱਦ ਤੱਕ ਉਹ ਸਫਲ ਵੀ ਹੋਈ ਸੀ। ਪਰ ਉਸਦਾ ਸਰੀਰ ਆਮ ਤੌਰ 'ਤੇ ਇਸਦੀ ਮੰਗ ਕਰਦਾ ਸੀ। ਪਤੀ ਕੇਵਲ ਆਪਣੀ ਇੱਛਾ ਪੂਰੀ ਕਰ ਲੈਂਦਾ ਸੀ। ਉਸਨੇ ਕਦੇ ਵੀ ਪੂਰਨ ਸੰਤੁਸ਼ਟੀ ਤੱਕ ਉਸ ਨਾਲ ਸੰਭੋਗ ਨਹੀਂ ਕੀਤਾ ਸੀ। ਔਰਤਾਂ ਦੀ ਪੂਰਣ ਕਾਮਿਕ-ਸੰਤੁਸ਼ਟੀ ਨਾ ਹੋਣ ਵਿਚ ਮਰਦਾਂ ਨੂੰ ਹੀ ਦੋਸ਼ੀ ਮੰਨਿਆ ਜਾਣਾ ਚਾਹੀਦਾ ਹੈ ਕਿਉਂਕਿ ਜ਼ਿਆਦਾਤਰ ਮਰਦ ਆਪਣੀ ਕਾਮ-ਤ੍ਰਿਪਤੀ ਤੱਕ ਹੀ ਔਰਤ ਨੂੰ ਭੋਗਦੇ ਹਨ। ਜਦੋਂ ਉਨ੍ਹਾਂ ਦੀ ਆਪਣੀ ਇੱਛਾ ਪੂਰੀ ਹੋ ਜਾਂਦੀ ਹੈ, ਉਹ ਔਰਤ ਤੋਂ ਵੱਖ ਹੋ ਜਾਂਦੇ ਹਨ। ਜ਼ਿਆਦਾਤਰ ਮਨੁੱਖਾਂ ਨੂੰ ਇਸ ਗੱਲ ਦਾ ਗਿਆਨ ਹੀ ਨਹੀਂ ਹੁੰਦਾ ਕਿ ਔਰਤ ਨੂੰ ਵੀ

## ਜ਼ਰੂਰੀ ਨੋਟ

***ਜੇ ਕਿਸੇ ਸਾਥੀ ਨੂੰ 'ਵਿਗਿਆਨ ਜੋਤ' ਸਮੇਂ ਸਿਰ ਨਹੀਂ ਮਿਲਦਾ ਤਾਂ ਉਹ ਇਸਦੀ ਸ਼ਕਾਇਤ ਸਵੇਰੇ 9 ਵਜੇ ਤੋਂ 5 ਵੱਜੇ ਤੱਕ ਫ਼ੋਨ ਨੰਬਰ 01679-241744 'ਤੇ ਦਰਜ ਕਰਵਾਕੇ, ਮੈਗਜ਼ੀਨ ਦੁਆਰਾ ਮੰਗਵਾ ਸਕਦਾ ਹੈ।***

ਮਰਦ ਵਾਂਗ ਹੀ ਸੰਤੁਸ਼ਟੀ ਚਾਹੀਦੀ ਹੈ। ਕੁੱਝ ਅਗਿਆਨੀ ਮਰਦ ਤਾਂ ਔਰਤ ਦੇ ਸਰੀਰ ਦੇ ਹੋਰ ਅੰਗਾਂ ਵੱਲ ਕੋਈ ਖਿੱਚ ਹੀ ਨਹੀਂ ਰੱਖਦੇ ਉਨ੍ਹਾਂ ਨੂੰ ਤਾਂ ਕੇਵਲ ਆਪਣੀ ਭੁੱਖ ਮਿਟਾਉਣ ਦੀ ਕਾਹਲੀ ਹੁੰਦੀ ਹੈ। ਇਸ ਲਈ ਉਹ ਔਰਤ ਨੂੰ ਇੱਕ ਖਿਡੌਣਾ ਸਮਝਕੇ ਉਦੋਂ ਤੱਕ ਖੇਡਦੇ ਰਹਿੰਦੇ ਹਨ, ਜਦੋਂ ਤੱਕ ਉਨ੍ਹਾਂ ਦੀ ਆਪਣੀ ਸੰਤੁਸ਼ਟੀ ਨਹੀਂ ਹੋ ਜਾਂਦੀ। ਉਹ ਔਰਤ ਦੀ ਸੰਤੁਸ਼ਟੀ ਵੱਲ ਕੋਈ ਧਿਆਨ ਨਹੀਂ ਦਿੰਦੇ। ਔਰਤ ਇਸ ਲਈ ਨਹੀਂ ਬੋਲਦੀ ਕਿ ਕਿਤੇ ਪਤੀ ਗਲਤ ਨਾ ਸਮਝ ਬੈਠੇ। ਇਹੀ ਕਾਰਨ ਹੈ ਕਿ ਜ਼ਿਆਦਾਤਰ ਔਰਤਾਂ ਹੌਲੀ ਹੌਲੀ ਫ਼ਰੀਜ਼ (ਠੰਢੀਆਂ) ਹੋ ਜਾਂਦੀਆਂ ਹਨ। ਸੁਚੇਤ ਰੂਪ ਵਿਚ ਉਨ੍ਹਾਂ ਦੀ ਕਾਮ ਭਾਵਨਾ ਖਤਮ ਹੋਣ ਲੱਗਦੀ ਹੈ ਪਰ ਉਨ੍ਹਾਂ ਦੇ ਅਚੇਤਨ ਮਨ ਵਿਚ ਅਜਿਹੇ ਆਦਮੀ ਨਾਲ ਕਾਮ-ਸੰਬੰਧ ਬਣਾਉਣ ਦੀ ਇੱਛਾ ਬਣੀ ਰਹਿੰਦੀ ਹੈ ਜੋ ਹੱਟਾ ਕੱਟਾ ਹੋਵੇ ਅਤੇ ਉਨ੍ਹਾਂ ਨੂੰ ਨਿੰਬੂ ਵਾਂਗੂੰ ਨਿਚੋੜ ਕੇ ਰੱਖ ਦੇਵੇ। ਇਹ ਅਚੇਤ ਮਨ ਵਿਚ ਬੈਠੀ ਇੱਛਾ ਹੀ, ਸੁਪਨੇ ਵਿਚ ਪੂਰੀ ਹੋਣ ਲੱਗਦੀ ਹੈ ਅਤੇ ਇੱਕ ਦੇਵਕੱਦ ਆਦਮੀ ਪੂਰੀ ਜੋਰ ਜਬਰਦਸਤੀ ਨਾਲ ਉਨ੍ਹਾਂ ਨਾਲ ਸੰਭੋਗ ਕਰਦਾ ਹੈ। ਇਸ ਤਰ੍ਹਾਂ ਔਰਤ ਦੀ ਪੂਰਨ ਸੰਤੁਸ਼ਟੀ ਹੋ ਜਾਂਦੀ ਹੈ। ਪਰ ਇਕ ਗਲਤ ਸੋਚ ਦੇ ਕਾਰਨ ਉਹ ਇਸਨੂੰ ਕਿਸੇ ਓਪਰੀ ਆਤਮਾ ਦਾ ਕੰਮ ਸਮਝਕੇ ਡਰਨ ਲੱਗਦੀ ਹੈ। ਅਖੌਤੀ ਸਿਆਣੇ ਉਨ੍ਹਾਂ ਅੰਦਰ ਹੋਰ ਡਰ ਭਰ ਦਿੰਦੇ ਹਨ ਜਦੋਂ ਉਹ ਇਸਨੂੰ ਕਿਸੇ 'ਜਿੰਨ' ਦਾ ਕੰਮ ਦੱਸਦੇ ਹਨ। ਉਹ ਇਸਦਾ ਗੈਰ ਵਿਗਿਆਨਕ ਢੰਗਾਂ ਨਾਲ ਇਲਾਜ ਕਰਦੇ ਹਨ ਅਤੇ ਤਾਗੇ-ਤਬੀਤ, ਟੂਣੇ-ਟਾਮਣ, ਪੂਜਾ-ਪਾਠ ਅਤੇ ਦਾਨ-ਪੁੰਨ ਵਿਚ ਉਲਝਾਕੇ ਲੁੱਟਦੇ ਹਨ।

ਇਸ ਤੰਗ ਸੋਚ ਦੇ ਕਾਰਨ ਅਤੇ ਧਾਰਮਕ, ਪ੍ਰਬਿਰਤੀ ਵਾਲੀ ਹੋਣ ਕਾਰਨ ਸਵਿੱਤਰੀ ਦੀਆਂ ਕਾਮ-ਭਾਵਨਾਵਾਂ ਨੂੰ ਕਦੇ ਵੀ ਪ੍ਰਬਲ ਰੂਪ ਵਿਚ ਉਭਰਨ ਦਾ ਮੌਕਾ ਹੀ ਨਾ ਮਿਲਿਆ। ਪਤੀ ਨੂੰ ਹਮੇਸ਼ਾ ਡਰ ਰਹਿੰਦਾ ਸੀ ਕਿ ਸਵਿੱਤਰੀ ਕਿਤੇ ਇਨਕਾਰ ਨਾ ਕਰ ਦੇਵੇ। ਇਸ ਲਈ ਉਸਨੂੰ ਆਪਣੀ ਭੁੱਖ ਮਿਟਾਉਣ ਦੀ ਕਾਹਲੀ ਹੁੰਦੀ ਸੀ। ਇਸ ਤਰ੍ਹਾਂ ਸਵਿੱਤਰੀ ਦੇ ਸਰੀਰ ਨੂੰ ਕਦੇ ਵੀ ਪੂਰਾ ਕਾਮਿਕ-ਆਨੰਦ ਨਾ ਮਿਲ ਸਕਿਆ। ਪਤੀ ਨਾਲ ਸੰਭੋਗ ਕਰਨ ਵਿਚ ਵੀ ਉਸਦੀ ਕੋਈ ਰੁਚੀ ਨਹੀਂ ਰਹੀ ਸੀ। ਕੇਵਲ ਬੱਚੇ ਪੈਦਾ ਕਰਨ ਲਈ ਉਸਨੇ ਪਤੀ ਨੂੰ ਵਰਤਿਆ ਸੀ। ਇਸ ਤੋਂ ਬਾਅਦ ਉਸਦੀ ਇੱਛਾ ਘਟਦੀ ਗਈ ਅਤੇ ਸੁਚੇਤ ਰੂਪ ਵਿਚ ਉਸਨੇ ਇਸ ਪਾਸਿਉਂ ਆਪਣਾ ਮੂੰਹ ਮੋੜ ਲਿਆ। ਪਰ ਘਰ ਵਿਚ ਉਹ ਇਕੱਲੀ ਰਹਿੰਦੀ ਸੀ। ਪਤੀ ਰਾਤ ਵੇਲੇ ਉਸਨੂੰ ਆਪਣੇ ਕੋਲ ਸੌਣ ਲਈ ਬੁਲਾਉਂਦਾ ਸੀ। ਪਰ ਉਸਨੂੰ ਪਤੀ ਦੇ ਇਸ ਵਿਹਾਰ ਤੇ ਗੁੱਸਾ ਆਉਂਦਾ। ਹੌਲੀ ਹੌਲੀ ਸੁਚੇਤ ਤੌਰ ਤੇ ਉਸਦਾ ਸਰੀਰ ਫਰੀਜ (ਠੰਢਾ) ਰਹਿਣ ਲੱਗਾ। ਉਸਨੇ ਭਗਤੀ ਦਾ ਸਹਾਰਾ ਲੈ ਕੇ ਸੁਚੇਤ ਰੂਪ ਵਿਚ ਤਾਂ ਇਸ ਕਾਮ ਭਾਵਨਾ ਤੋਂ ਛੁਟਕਾਰਾ ਪਾ ਲਿਆ ਪਰ ਅਚੇਤ ਰੂਪ ਵਿਚ ਉਸਦੀ ਸਰੀਰਕ ਮਾਨਸਿਕ ਇੱਛਾ ਪੂਰੀ ਹੋਣ ਲੱਗ ਪਈ ਸੀ। ਜੇਕਰ ਉਹ ਪ੍ਰਗਤੀਸ਼ੀਲ ਵਿਚਾਰਾਂ ਦੀ ਹੁੰਦੀ ਤਾਂ ਇਸਨੂੰ ਇਕ ਸਧਾਰਨ ਸੁਪਨਾ ਸਮਝਕੇ ਛੱਡ ਦਿੰਦੀ। ਪਰ ਅੰਧਵਿਸ਼ਵਾਸੀ ਤੇ ਲਾਈਲੱਗ ਵਿਚਾਰਧਾਰਾ ਵਾਲੀ ਹੋਣ ਕਾਰਨ ਉਹ ਇਸਨੂੰ 'ਜਿੰਨ' ਦਾ ਘਟੀਆ ਕੰਮ ਸਮਝਣ ਲੱਗ ਪਈ।

ਜਿਉਂ ਹੀ ਮੈਂ ਉਸਨੂੰ ਇਨ੍ਹਾਂ ਸਭ ਗੱਲਾਂ ਬਾਰੇ ਪੂਰਨ ਜਾਣਕਾਰੀ ਦਿੱਤੀ ਅਤੇ ਪਤੀ ਨਾਲ ਕਾਮ ਸੰਬੰਧ ਬਿਹਤਰ ਬਣਾਉਣ ਦੀ ਸਲਾਹ ਦਿੱਤੀ, ਤਾਂ ਉਸਨੇ ਇਸਤੇ ਅਮਲ ਕਰਨਾ ਸ਼ੁਰੂ ਕਰ ਦਿੱਤਾ। 'ਦੇਵ ਪੁਰਸ਼ ਹਾਰ ਗਏ' ਕਿਤਾਬ ਪੜ੍ਹਨ ਨਾਲ ਉਸਨੂੰ ਅਜਿਹੇ ਕੇਸਾਂ ਦੇ ਮਨੋਵਿਗਿਆਨਕ ਕਾਰਨ ਅਤੇ ਇਲਾਜ ਬਾਰੇ ਪਤਾ ਲੱਗ ਗਿਆ। ਮੇਰੇ ਸਾਰੇ ਸੁਝਾਵਾਂ ਉਤੇ ਅਮਲ ਕਰਕੇ ਉਸਨੇ ਸੁਚੇਤ ਰੂਪ ਵਿਚ ਹੀ ਆਪਣੀਆਂ ਕਾਮ ਭਾਵਨਾਵਾਂ ਜਗਾਉਣਾ ਅਤੇ ਪੂਰੀ ਤਰ੍ਹਾਂ ਸੰਤੁਸ਼ਟ ਹੋਣਾ ਸਿੱਖ ਲਿਆ। ਇਸ ਤਰ੍ਹਾਂ ਅਖੌਤੀ 'ਜਿੰਨ' ਉਸਦਾ ਪਿੱਛਾ ਛੱਡ ਗਿਆ। ਪਰ 'ਗੀਤਾ ਦਾ ਪਾਠ' ਉਸਦੀ ਕੋਈ ਮਦਦ ਨਾ ਕਰ ਸਕਿਆ। ਹੁਣ ਮੈਂ ਉਸਨੂੰ ਧਾਰਮਕ ਕਿਤਾਬਾਂ ਦੀ ਥਾਂ ਤੇ ਸਮਾਜਿਕ, ਪਰਿਵਾਰਿਕ ਅਤੇ ਮਨੋਵਿਗਿਆਨਕ ਜਾਣਕਾਰੀ ਦੇਣ ਵਾਲੀਆਂ ਕਿਤਾਬਾਂ ਪੜ੍ਹਨ ਦੀ ਸਲਾਹ ਦਿੱਤੀ, ਜੋ ਉਸਨੇ ਮੰਨ ਲਈ। ਅਨੇਕ ਸਾਲ ਬੀਤ ਜਾਣ ਤੋਂ ਬਾਅਦ ਵੀ ਹੁਣ ਉਸਨੂੰ ਕਦੇ ਦੋਬਾਰਾ ਜਿੰਨ ਦਿਖਾਈ ਨਹੀਂ ਦਿੱਤਾ।


ਗਿਆਨ ਦਾ ਖ਼ਜ਼ਾਨਾ **ਵਿਗਿਆਨ ਜੋਤ**

✪ ਮੈਂਬਰਸ਼ਿਪ ਫੀਸ ਇੱਕ ਸਾਲ ਲਈ 80/- ✪ ਦੋ ਸਾਲ ਲਈ 150/- ✪ ਉਮਰ ਭਰ (15 ਸਾਲ ਲਈ) 1000/-



ਹੁਣ ਤੁਸੀਂ ਘਰ ਬੈਠੇ ਵੀ ਵੀਪੀਪੀ ਰਾਹੀਂ 'ਵਿਗਿਆਨ ਜੋਤ' ਮੰਗਵਾ ਸਕਦੇ ਹੋ, ਵਧੇਰੇ ਜਾਣਕਾਰੀ ਲਈ ਫ਼ੋਨ ਨੰਬਰ 01679 241744 'ਤੇ ਸੰਪਰਕ ਕਰੋ।

ਪਤਾ: ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ, ਗਲੀ ਨੰਬਰ 8, ਬਰਨਾਲਾ - 148101
Email : tarksheel@yahoo.com Web site : www.tarksheel.com

# ਜ਼ਿੰਦਗੀ

## ਦੀ ਕੂੰਜੀ ਤੁਹਾਡੇ ਹੱਥ ਵਿਚ ਹੈ



ਸਫਲਤਾ ਦੇ ਨੇਮ ਮਨੁੱਖ ਵਿਚ ਹੀ ਛਿਪੇ ਹਨ ਫੇਰ ਵੀ ਹਰ ਮਨੁੱਖ ਸਫ਼ਲ ਨਹੀਂ ਹੁੰਦਾ ਅਤੇ ਸਫ਼ਲਤਾ ਪ੍ਰਾਪਤ ਕਰਨ ਦੇ ਲਈ ਇੱਧਰ-ਉੱਧਰ ਹੱਥ ਪੈਰ ਮਾਰਦਾ ਰਹਿੰਦਾ ਹੈ।

ਪ੍ਰਸਿੱਧ ਫਰਾਂਸਿਸੀ ਨਾਵਲਕਾਰ ਆਂਦਰੇ ਮੋਰਾਈਸ ਦਾ ਕਹਿਣਾ ਹੈ "ਜੀਵਨ ਇਕ ਅਨਮੋਲ ਖਜ਼ਾਨਾ ਹੈ। ਜੇਕਰ ਤੁਸੀਂ ਕਿਸੇ ਕਾਰਨ ਤੋਂ ਉਸ ਦਾ ਠੀਕ ਲਾਭ ਨਹੀਂ ਉਠਾਉਂਦੇ ਤਾਂ ਤੁਹਾਡਾ ਪਹਿਲਾਂ ਫਰਜ਼ ਹੈ ਕਿ ਤੁਸੀਂ ਆਪਣੀ ਵਰਤਮਾਨ ਸਥਿਤੀ ਦਾ ਚੰਗੀ ਤਰ੍ਹਾਂ ਵਿਸ਼ਲੇਸ਼ਣ ਕਰੋ। ਆਪਣੀਆਂ ਮੁਸ਼ਕਿਲਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰੋ। ਹਾਲਤਾਂ ਨੂੰ ਆਪਣੇ ਉੱਪਰ ਭਾਰੂ ਨਾ ਹੋਣ ਦਿਉ।"

ਤੁਸੀਂ ਇਸ ਚਿੰਤਣ ਅਤੇ ਵਿਸ਼ਲੇਸ਼ਣ ਵਿਚ ਅਜਿਹੇ ਵਿਅਕਤੀਆਂ ਦਾ ਉਦਾਹਰਣ ਆਪਣੇ ਸਾਹਮਣੇ ਰੱਖੋ ਜਿਹੜੇ ਤੁਹਾਡੇ ਤੋਂ ਜ਼ਿਆਦਾ ਕਸ਼ਟ ਦਾ ਬੋਝ ਢੋ ਰਹੇ ਹਨ। ਹਰ ਹਾਲਤ ਵਿਚ ਮਨੁੱਖ ਨੂੰ ਪ੍ਰਸੰਨਚਿੱਤ ਹਿੰਮਤੀ ਅਤੇ ਕ੍ਰਿਆਸ਼ੀਲ ਰਹਿਣਾ ਚਾਹੀਦਾ ਹੈ। ਆਪਣੀ ਯੋਗਤਾ ਉਤੇ ਵਿਸ਼ਵਾਸ ਰੱਖੋ। ਕੰਮ ਕਰੋ ਅਤੇ ਅੱਗੇ ਵਧੋ। ਤੁਸੀਂ ਜੋ ਬਣਨਾ ਚਾਹੁੰਦੇ ਹੋ, ਉਸ ਦੀ ਤਸਵੀਰ ਹਮੇਸ਼ਾ ਆਪਣੇ ਦਿਮਾਗ ਵਿਚ ਰੱਖੋ ਅਤੇ ਉਸ ਵੱਲ ਅੱਗੇ ਵੱਧਣ ਦੇ ਲਈ ਯਤਨਸ਼ੀਲ ਰਹੋ। ਸਮਰਸੇਟ ਮੌਮ ਦਾ ਕਥਨ ਹੈ, ਹਰੇਕ ਵਿਅਕਤੀ ਨੂੰ ਹਮੇਸ਼ਾ ਹਰੇਕ ਕੰਮ ਆਪਣੇ ਸੁਭਾਅ ਦੇ ਅਨੁਕੂਲ ਕਰਨਾ ਚਾਹੀਦਾ ਹੈ।"

ਨਾਰਮਨ ਵਿੰਸੇਟ ਪੀਲ ਨੇ ਆਪਣੀ ਪੁਸਤਕ 'ਦਾ ਪਾਵਰ ਆਫ਼ ਪੌਜੀਟਿਵ ਥਿੰਕਿੰਗ' ਵਿਚ ਉਦਾਹਰਣ ਦੇ ਤੌਰ ਉਤੇ ਇਕ ਘਟਨਾ ਦਾ ਵਰਣਨ ਕੀਤਾ ਹੈ, ਜੋ ਇਸ ਪ੍ਰਕਾਰ ਹੈ :

ਇਕ ਵਾਰ ਇਕ ਸੂਝਵਾਨ ਦੇ ਕੋਲ ਇਕ ਵਿਅਕਤੀ ਨੇ ਜਾ ਕੇ ਆਪਣੀਆਂ ਮੁਸ਼ਕਿਲਾਂ ਦਾ ਜ਼ਿਕਰ ਕੀਤਾ। ਉਹ ਆਪਣੇ ਜੀਵਨ ਤੋਂ ਤੰਗ ਆ ਚੁੱਕਿਆ ਸੀ। ਸੂਝਵਾਨ ਨੇ ਉਸ ਨੂੰ ਕਿਹਾ ਕਿ ਸਿਰਫ਼ ਇਕ ਥਾਂ ਹੈ ਜਿਥੇ ਲੋਕਾਂ ਨੂੰ ਕਿਸੇ ਕਿਸਮ ਦੀ ਔਖਿਆਈ ਨਹੀਂ ਹੈ। ਸੂਝਵਾਨ ਉਸਨੂੰ ਜਗ੍ਹਾ ਦਿਖਾਉਣ ਦੇ ਲਈ ਕਬਰਸਥਾਨ ਲੈ ਗਿਆ ਅਤੇ ਕਬਰ ਦਿਖਾਂਦੇ ਹੋਏ ਕਿਹਾ, "ਇਹੀ ਉਹ ਜਗ੍ਹਾ ਹੈ ਜਿਥੇ ਕਿਸੇ ਨੂੰ ਕੋਈ ਤਕਲੀਫ਼ ਨਹੀਂ ਹੈ। ਸਭ ਆਰਾਮ ਨਾਲ ਹਨ।" ਬੜੇ ਸਰਲ ਤਰੀਕੇ ਨਾਲ ਉਸ ਆਦਮੀ ਨੂੰ ਸੂਝਵਾਨ ਵਿਅਕਤੀ ਨੇ ਇਹ ਗੱਲ ਸਮਝਾ ਦਿੱਤੀ ਸੀ ਕਿ ਜਦ ਤੱਕ ਜੀਵਨ ਹੈ ਔਖਿਆਈਆਂ ਦਾ ਮੁਕਾਬਲਾ ਤਾਂ ਕਰਨਾ ਹੀ ਪੈਂਦਾ ਹੈ।

ਇਕ ਟੈਲੀਵਿਜ਼ਨ ਚੈਨਲ ਉਤੇ ਦਿਖਾਏ ਜਾਣ ਵਾਲੇ ਇਕ ਪ੍ਰੋਗਰਾਮ ਵਿਚ ਜਾਇਸ ਮਾਯਰ ਦਾ ਕਹਿਣਾ ਹੈ, "ਕਮਜ਼ੋਰੀ ਦੀ ਹਾਲਤ ਵਿਚ ਆਪਣੇ ਸੰਕਲਪ ਨੂੰ ਢਿੱਲਾ ਨਾ ਹੋਣ ਦਿਓ। ਧੰਨ ਹਨ ਉਹ ਲੋਕ ਜਿਹੜੇ ਪ੍ਰੀਖਿਆ ਵਿਚ ਖਰੇ ਉਤਰਦੇ ਹਨ। ਇਮਤਿਹਾਨ ਤੁਹਾਡੇ ਚਰਿੱਤਰ ਨੂੰ ਪੇਸ਼ ਕਰਦੀ ਹੈ।"

ਧਰਮ ਦੇ ਠੇਕੇਦਾਰਾਂ ਅਤੇ ਧਰਮ ਦਾ ਵਪਾਰ ਕਰਨ ਵਾਲਿਆਂ ਲਾਲਚੀ ਲੋਕਾਂ ਨੇ ਆਮ ਆਦਮੀ ਨੂੰ ਕਮਜ਼ੋਰ ਅਤੇ ਅੰਧਵਿਸ਼ਵਾਸੀ ਬਣਾਇਆ ਹੈ। ਆਪਣੇ ਸਵਾਰਥ ਦੇ ਲਈ ਜੋਤਿਸ਼ੀ ਅਤੇ ਪੰਡਿਤ, ਲੋਕਾਂ ਦੀ ਕੁੰਡਲੀ ਅਤੇ ਹੱਥ ਰੇਖਾ ਦੇਖ ਕੇ ਦੁਚਿੱਤੀ ਵਿਚ ਪਾ ਦੇਂਦੇ ਹਨ। ਉਨ੍ਹਾਂ ਦੇ ਕਥਨ ਅਜਿਹੇ ਹੁੰਦੇ ਹਨ : 'ਫਲਾਣੇ ਗ੍ਰਹਿ ਦੀ ਤੁਹਾਡੇ ਉਤੇ ਟੇਢੀ ਨਜ਼ਰ ਹੈ। ਤੁਹਾਡੇ ਮੰਗਲ ਦੇ ਘਰ ਵਿਚ ਰਾਹੂ ਹੈ। ਸ਼ਨੀ ਦੀ ਸਾੜ੍ਹਸਤੀ ਚਲ ਰਹੀ ਹੈ। ਹੱਥ ਦੀਆਂ ਲਕੀਰਾਂ ਦੱਸਦੀਆਂ ਹਨ ਕਿ ਪੈਸਾ ਆਉਂਦਾ ਹੈ ਪਰ ਚਲਾ ਜਾਂਦਾ ਹੈ।'

ਬਿਹਤਰ ਇਹੀ ਰਹੇਗਾ ਕਿ ਤੁਸੀਂ ਪੰਡਿਤਾਂ, ਤਾਂਤਰਿਕਾਂ ਅਤੇ ਝਾੜਫੂਕ ਕਰਨ ਵਾਲਿਆਂ ਤੋਂ ਦੂਰ ਰਹਿੰਦੇ ਹੋਏ, ਆਪਣੇ ਲਾਈਫ਼ਸਟਾਈਲ (ਜੀਵਨ-ਸ਼ੈਲੀ, ਰਹਿਣੀ-ਸਹਿਣੀ) ਵਿਚ ਬਦਲਾਅ ਲਿਆਓ। ਜੇਕਰ ਤੁਸੀਂ ਆਪ ਕਮਜ਼ੋਰ ਹੋ ਤਾਂ ਇਹ ਮੰਨ ਕੇ ਚੱਲੋ ਕਿ ਤੁਹਾਡੇ ਉਤੇ ਸਭ ਦੀ ਟੇਢੀ ਨਜ਼ਰ ਹੈ। ਜੇਕਰ ਤੁਸੀਂ ਆਪ ਮਜ਼ਬੂਤ ਹੋ ਤਾਂ ਹਰ ਸਥਿਤੀ ਤੁਹਾਡੇ ਅਨੁਕੂਲ ਬਣਦੀ ਚਲੀ ਜਾਏਗੀ।

ਤੁਲਸੀ ਦਾਸ ਦੇ ਅਨੁਸਾਰ, 'ਕਾਦਰ ਮਨ ਕਰ ਏਕ ਅਧਾਰਾ, ਦੈਵ ਦੈਵ ਆਲਮੀ ਪੁਕਾਰਾ।' ਕਮਜ਼ੋਰ ਲੋਕ ਹੀ ਕਿਸਮਤ ਅਤੇ ਦੇਵਤਿਆਂ ਦਾ ਆਸਰਾ ਲੱਭਦੇ ਹਨ। ਉਨ੍ਹਾਂ ਦੀ ਅਕਲ ਸਥਿਰ ਹੈ ਜਿਹੜੇ ਅਨੁਕੂਲਤਾ ਪ੍ਰਾਪਤ ਕਰ ਕੇ ਖੁਸ਼ ਨਹੀਂ ਹੁੰਦੇ ਅਤੇ ਪ੍ਰਤੀਕੂਲ ਸਥਿਤੀ ਵਿਚ ਦੁਖੀ ਨਹੀਂ ਹੁੰਦੇ। ਸ੍ਰੀ ਕ੍ਰਿਸ਼ਨ ਨੇ ਗੀਤਾ ਵਿਚ ਅਜਿਹੇ ਲੋਕਾਂ ਨੂੰ ਸਥਿਰ ਬੁੱਧੀ ਕਿਹਾ ਹੈ। ਆਪਣੀ ਕਾਬੂ ਦੀ ਤਾਕਤ ਵਧਾਓ ਅਤੇ ਇਸ ਤਾਕਤ ਦੀ ਆਪਣੇ ਹਿਤ ਦੇ ਲਈ ਵਰਤੋਂ ਕਰੋ।

ਗੁੱਸੇ ਉਤੇ ਕਾਬੂ ਰੱਖੋ : ਗੁਸੈਲਾ ਮਨੁੱਖ ਦੂਜਿਆਂ ਦਾ ਨੁਕਸਾਨ ਨਹੀਂ ਕਰਦਾ। ਉਹ ਆਪ ਆਪਣਾ ਨੁਕਸਾਨ ਕਰਦਾ ਹੈ। ਜਦ ਅਸੀਂ

ਕਿਸੇ ਤੋਂ ਚਿੜਦੇ ਹਾਂ ਤਾਂ ਇਹ ਸਾਡੀ ਪ੍ਰੀਖਿਆ ਦੀ ਘੜੀ ਹੈ। ਇਕ ਆਦਮੀ ਨੇ ਆਪਣੀ ਪਤਨੀ ਨੂੰ ਕਿਹਾ, "ਤੂੰ ਸਿਰਫ਼ ਟੋਸਟ ਲੈ ਕੇ ਆਈ ਹੈਂ ਜਦਕਿ ਤੈਨੂੰ ਪਤਾ ਹੈ ਕਿ ਮੈਂ ਮੱਖਣ ਦੇ ਬਗੈਰ ਟੋਸਟ ਨਹੀਂ ਖਾਂਦਾ।" ਪਤਨੀ ਭੱਜੀ-ਭੱਜੀ ਮੱਖਣ ਲੈਣ ਗਈ ਤਾਂ ਜਦ ਤੱਕ ਉਹ ਮੱਖਣ ਲੈ ਕੇ ਆਈ, ਟੋਸਟ ਠੰਡਾ ਹੋ ਚੁੱਕਿਆ ਸੀ। ਪਤੀ ਨੇ ਫੇਰ ਪਤਨੀ ਨੂੰ ਗੁੱਸੇ ਵਿਚ ਕਿਹਾ, "ਹੁਣ ਮੱਖਣ ਲਿਆਈ ਹੈਂ, ਜਦ ਟੋਸਟ ਠੰਡਾ ਹੋ ਗਿਆ ਹੈ। ਦੋਬਾਰਾ ਗਰਮ ਟੋਸਟ ਲਿਆਓ।"

ਪਤਨੀ ਨੇ ਚਿੜਕੇ ਕਿਹਾ, "ਏਨੀ ਜਲਦੀ ਸੀ ਤਾਂ ਮੱਖਣ ਆਪ ਲੈ ਆਉਂਦੇ। ਮੈਥੋਂ ਕਿਉਂ ਮੰਗਵਾਇਆ।" ਅਜਿਹਾ ਵਾਰਤਾਲਾਪ ਹੋਣ ਉਤੇ ਪਤੀ ਦਾ ਮੂਡ ਵਿਗੜ ਗਿਆ ਅਤੇ ਉਹ ਨਾਸ਼ਤਾ ਕੀਤੇ ਬਗੈਰ ਘਰ ਤੋਂ ਚਲਾ ਗਿਆ। ਗੁੱਸੇ ਵਿਚ ਆਕੇ ਪਤੀ ਨੇ ਆਪਣਾ ਹੀ ਨੁਕਸਾਨ ਕੀਤਾ। ਯਾਦ ਰੱਖੋ, ਦੂਜਾ ਵੀ ਉਨ੍ਹਾਂ ਦੀ ਸਹਾਇਤਾ ਕਰਦਾ ਹੈ ਜੋ ਆਪ ਆਪਣੀ ਸਹਾਇਤਾ ਕਰਦੇ ਹਨ। ਆਪਣੇ ਵਿਅਕਤੀਤਵ (ਸਖ਼ਸ਼ੀਅਤ) ਦੇ ਵਿਕਾਸ ਦੇ ਲਈ, ਆਪਣੀ ਖੁਸ਼ੀ ਦੇ ਲਈ, ਤੁਹਾਨੂੰ ਆਪ ਕੋਸ਼ਿਸ਼ ਕਰਨ ਦੇ ਲਈ ਤੱਤਪਰ ਅਤੇ ਤਿਆਰ ਹੋਣਾ ਪਵੇਗਾ। ਜੀਵਨ ਜਿਉਣ ਦੀ ਸਾਂਝੀ ਕੋਸ਼ਿਸ਼ ਹੈ। ਦੂਸਰੇ ਤੁਹਾਡੀ ਮਦਦ ਜ਼ਰੂਰ ਕਰਨਗੇ। ਪਹਿਲ ਤੁਸਾਂ ਨੇ ਕਰਨੀ ਹੈ।

ਨਿੱਜ ਦਾ ਅਨੁਸਾਸ਼ਨ ਸਭ ਤੋਂ ਚੰਗਾ ਹੈ : ਅਨੁਸ਼ਾਸਨ ਨਾਲ ਹੀ ਮਨੁੱਖ ਨੂੰ ਆਜ਼ਾਦੀ ਪ੍ਰਾਪਤ ਹੁੰਦੀ ਹੈ। ਬਾਹਰੀ ਅਨੁਸ਼ਾਸਨ ਦੀ ਨਿਸਬਤ ਵਿਅਕਤੀ ਦੀ ਅੰਦਰੂਨੀ ਪ੍ਰੇਰਣਾ ਨਾਲ ਪ੍ਰਾਪਤ ਸੁਤੰਤਰਤਾ ਵੱਧ ਸਥਾਈ ਹੁੰਦੀ ਹੈ।

ਬੱਚਿਆਂ ਨੂੰ ਜੇਕਰ ਕਦੇ ਕਦੇ ਚਾਕਲੇਟ ਦੇ ਦਿੱਤਾ ਜਾਵੇ ਤਾਂ ਉਨ੍ਹਾਂ ਨੂੰ ਜ਼ਿਆਦਾ ਆਨੰਦ ਪ੍ਰਾਪਤ ਹੁੰਦਾ ਹੈ। ਜੇਕਰ ਸਾਰਾ ਡੱਬਾ ਚਾਕਲੇਟ ਦਾ ਦੇ ਦਿੱਤਾ ਜਾਵੇ ਤਾਂ ਉਹ ਜ਼ਿਆਦਾ ਚਾਕਲੇਟ ਖਾਣ ਨਾਲ ਬੀਮਾਰ ਪੈ ਸਕਦੇ ਹਨ। ਬੱਚੇ ਹੀ ਕੀ, ਬਾਲਗ ਲੋਕਾਂ ਦੀ ਸਿਹਤ ਨੂੰ ਜ਼ਿਆਦਾ ਮਾਤਰਾ ਵਿਚ ਖਾਈ ਜਾਣ ਵਾਲੀ ਚੀਜ਼ ਨੁਕਸਾਨ ਪਹੁੰਚਾਉਣ ਵਾਲੀ ਹੁੰਦੀ ਹੈ। ਅਨੁਸ਼ਾਸਨ ਦੇ ਨਿਯਮਾਂ ਦਾ ਪਾਲਨ ਕਰਨ ਵਾਲੇ ਨੂੰ ਜ਼ਿੰਦਗੀ ਦਾ ਆਨੰਦ ਪ੍ਰਾਪਤ ਹੁੰਦਾ ਹੈ।

ਅਭਿਆਸ ਜ਼ਰੂਰੀ ਹੈ : ਸੰਗੀਤ ਸਿੱਖਣ ਦੇ ਲਈ ਸਾਲਾਂ ਦਾ ਅਭਿਆਸ ਕੰਮ ਆਉਂਦਾ ਹੈ। ਕਿਸ਼ੋਰ ਕੁਮਾਰ ਦੇ ਗਾਣੇ ਫਿਲਮਾਂ ਵਿਚ 5ਵੇਂ ਦਹਾਕੇ ਵਿਚ ਪ੍ਰਚੱਲਿਤ ਸਨ, ਪਰੰਤੂ ਉਨ੍ਹਾਂ ਨੂੰ ਕਈ ਸਾਲਾਂ ਦੇ ਗਾਉਣ ਦੇ ਬਾਦ 7ਵੇਂ ਦਹਾਕੇ ਵਿਚ ਲੋਕ ਪ੍ਰਸਿੱਧੀ ਪ੍ਰਾਪਤ ਹੋ ਸਕੀ ਸੀ।

ਅੱਜ ਦੇ ਦੌਰ ਦੀ ਫਿਲਾਸਫੀ ਹੈ (ਜੇਕਰ ਕੰਮ ਚੰਗਾ ਲੱਗਦਾ ਹੈ ਤਦੇ ਉਸ ਕੰਮ ਵਿਚ ਸਫ਼ਲਤਾ ਪ੍ਰਾਪਤ ਹੁੰਦੀ ਹੈ। ਜਿਹੜੀਆਂ ਵੀ ਲੀਜੰਡ ਪ੍ਰਸਿੱਧ ਹਸਤੀਆਂ ਦੇ ਰੂਪ ਵਿਚ ਜਾਣੀਆਂ ਪਛਾਣੀਆਂ ਗਾਇਕਾਵਾਂ ਹਨ ਚਾਹੇ/ਭਾਵੇਂ ਉਹ ਲਤਾ ਜੀ ਹੋਣ ਜਾਂ ਆਸ਼ਾ ਭੌਂਸਲੇ, ਸਾਲਾਂ ਦੇ ਗਾਉਣ ਦੇ ਬਾਦ ਹੀ ਆਪਣੇ ਖੇਤਰ ਵਿਚ ਪ੍ਰਸਿੱਧ ਹਸਤੀਆਂ ਦੇ ਤੌਰ ਉਤੇ ਜਾਣੀਆਂ ਜਾਂਦੀਆਂ ਹਨ। ਜਿਹੜੇ ਆਦਮੀਆਂ ਅਤੇ ਇਸਤਰੀਆਂ ਨੇ ਆਪਣੇ ਜੀਵਨ ਵਿਚ ਚੋਟੀਆਂ ਦੀਆਂ ਉਚਾਈਆਂ ਨੂੰ ਛੂਹਿਆ ਹੈ ਉਹ ਬਹੁਤ ਸਖ਼ਤ ਅਨੁਸ਼ਾਸਨ ਦਾ ਪਾਲਨ ਕਰਦੇ ਹੋਏ ਹੀ ਪ੍ਰਾਪਤੀਆਂ ਨੂੰ ਪ੍ਰਾਪਤ ਕਰ ਸਕੇ ਹਨ। ਕਿਸਮਤ ਦੇ ਭਰੋਸੇ ਰਹਿ ਕੇ ਸਫ਼ਲਤਾ ਪ੍ਰਾਪਤ ਨਹੀਂ ਕੀਤੀ ਜਾ ਸਕਦੀ।

ਤੁਹਾਡੇ ਵਿਚ ਸਮਰੱਥਾ ਹੈ : ਦੁਨੀਆ ਨੂੰ ਸਭ ਤੋਂ ਉੱਤਮ ਸੰਗੀਤ ਦੇਣ ਵਾਲੇ ਬੀਥੋਵਨ ਬੋਲੇ ਸਨ। ਕੁਦਰਤ ਉਤੇ ਸਭ ਤੋਂ ਵਧੀਆ ਕਵਿਤਾਵਾਂ ਲਿਖਣ ਵਾਲੇ ਮਿਲਟਨ ਅੰਨ੍ਹੇ ਸਨ। ਅਮਰੀਕਾ ਦੇ ਸਰਵਸ਼੍ਰੇਸਠ ਰਾਸ਼ਟਰਪਤੀ ਰੂਜਵੇਲਟ ਮਹਾਨ ਨੇਤਾਵਾਂ ਵਿਚ ਜਾਣੇ ਜਾਂਦੇ ਹਨ। ਉਨ੍ਹਾਂ ਦੀ ਅਸਮਰੱਥਾ ਸੀ ਕਿ ਉਹ ਚਲ ਫਿਰ ਨਹੀਂ ਸਕਦੇ ਸਨ। ਵੀਲ੍ਹਚੇਅਰ ਉਤੇ ਹੀ ਬੈਠ ਕੇ ਕੰਮ ਕਰਦੇ ਸਨ। ਇਨ੍ਹਾਂ ਸਭ ਮਹਾਨ ਲੋਕਾਂ ਨੇ ਆਪਣੀ ਅਪੰਗਤਾ ਨੂੰ ਰੁਕਾਵਟ ਨਾ ਮੰਨਦੇ ਹੋਏ, ਜੀਵਨ ਵਿਚ ਕਾਮਯਾਬ ਹੋ ਕੇ ਦਿਖਾਇਆ ਹੈ। ਤੁਸੀਂ ਵੀ ਆਪਣੀਆਂ ਕਮੀਆਂ ਨੂੰ ਖੂਬੀਆਂ ਵਿਚ ਵਿਚ ਬਦਲ ਸਕਣ ਦੀ ਸਮਰੱਥਾ ਰੱਖਦੇ ਹੋ। ਆਪਣੇ ਜੀਵਨ ਵਿਚ ਕ੍ਰਾਂਤੀ ਲਿਆ ਕੇ ਤਾਂ ਦੇਖੋ। ਸਭ ਕੁਝ ਸਰਲ ਹੋ ਜਾਵੇਗਾ। ਤੁਸੀਂ ਅਜਿਹਾ ਕਦੀ ਸੋਚਿਆ ਵੀ ਨਹੀਂ ਹੋਵੇਗਾ ਕਿ ਤੁਹਾਡੀ ਜ਼ਿੰਦਗੀ ਵਿਚ ਇਹ ਸਭ ਏਨੀ ਸਰਲਤਾ ਨਾਲ ਹੋ ਜਾਵੇਗਾ।

ਸਮਝੋ : ਧਰਮ ਉਤੇ ਅੰਧਵਿਸ਼ਵਾਸ ਰੱਖਣਾ ਹਰ ਮਨੁੱਖ ਨੂੰ ਬਚਪਨ ਤੋਂ ਹੀ ਸਿਖਾਇਆ ਜਾਂਦਾ ਹੈ। ਸਹੀ ਪਾਲਨਪੋਸ਼ਣ ਦਾ ਆਧਾਰ ਚੰਗੇ ਸੰਸਕਾਰ ਹੁੰਦੇ ਹਨ ਨਾ ਕਿ ਧਾਰਮਿਕ ਪੂਜਾ ਪਾਠ। ਅੰਧਵਿਸ਼ਵਾਸ ਤਾਂ ਸਾਰੇ ਆਚਰਣ ਨੂੰ ਵੀ ਪ੍ਰਭਾਵਿਤ ਕਰਨ ਲੱਗਦੇ ਹਨ। ਅੱਜ ਦੀ ਗਭਰੂ ਪੀੜ੍ਹੀ, ਮਾਪਿਆਂ ਨੂੰ ਅਪਣਾ ਰੋਲ ਮਾਡਲ ਬਣਾ ਤਾਂ ਲਵੇ, ਪਰੰਤੂ ਜਦ ਉਮਰ ਵਿਚ ਵੱਡੇ ਲੋਕਾਂ ਨੂੰ ਅੰਧਵਿਸ਼ਵਾਸ ਵਿਚ ਯਕੀਨ ਕਰਦੇ ਹੋਏ ਦੇਖਦੀ ਹੈ ਤਾਂ ਉਸਨੂੰ ਸਮਝ ਵਿਚ ਨਹੀਂ ਆਉਂਦਾ ਹੈ ਕਿ ਉਹ ਕਿਹੜੀ ਗੱਲ ਨੂੰ ਠੀਕ ਸਮਝਣ ਅਤੇ ਕਿਹੜੀ ਗੱਲ ਨੂੰ ਗਲਤ ਸਮਝਣ। ਬਿੱਲੀ ਦੇ ਰਸਤਾ ਕੱਟਣ ਨੂੰ ਚੰਗਾ ਨਹੀਂ ਸਮਝਿਆ ਜਾਂਦਾ ਅਤੇ ਮਨ ਵਿਚ ਸ਼ੱਕ ਪੈਦਾ ਹੁੰਦਾ ਹੈ ਕਿ ਜਿਹੜੇ ਕੰਮ ਦੇ ਲਈ ਜਾ ਰਹੇ ਸਨ ਉਸ ਵਿਚ ਰੁਕਾਵਟ ਪੈਦਾ ਹੋਵੇਗੀ। ਇਸ ਨੂੰ ਅਸ਼ੁੱਭ ਮੰਨਿਆ ਜਾਂਦਾ ਹੈ।

ਧਾਰਮਿਕ ਅੱਤਿਆਚਾਰ : ਧਰਮ ਦੇ ਨਾਂ ਉਤੇ ਹਰ ਸਾਲ ਤਾਂਤਰਿਕਾਂ ਦੀ ਸਲਾਹ ਉਤੇ ਛੋਟੇ ਬਾਲਾਂ ਦੀ ਬਲੀ ਦਿੱਤੀ ਜਾਂਦੀ ਹੈ। ਭੂਤਪ੍ਰੇਤ ਦੇ ਵੱਸ ਵਿਚ ਹੋਣ ਦੇ ਭਰਮ ਵਿਚ ਬੰਗਾਲ ਵਿਚ ਛੋਟੀਆਂ ਛੋਟੀਆਂ ਬੱਚੀਆਂ ਦੇ ਮੱਥੇ ਉਤੇ ਗਰਮ ਹਲਦੀ ਦਾ ਲੇਪ ਲਗਾ ਕੇ ਉਨ੍ਹਾਂ ਨੂੰ ਨੁਕਸਾਨ ਪਹੁੰਚਾਇਆ ਜਾਂਦਾ ਹੈ। ਅਜਿਹੀ ਦਸ਼ਾ ਵਿਚ ਛੋਟੇ ਬੱਚਿਆਂ ਦੀ ਮਾਨਸਿਕਤਾ ਉਤੇ ਭੈੜਾ ਪ੍ਰਭਾਵ ਪੈਂਦਾ ਹੈ। ਇਨ੍ਹਾਂ ਚੱਕਰਾਂ ਵਿਚ ਸਿਰਫ਼ ਅਨਪੜ੍ਹ ਲੋਕ ਹੀ ਨਹੀਂ ਪੈਂਦੇ ਸਗੋਂ ਕਈ ਪੜ੍ਹੇ ਲਿਖੇ ਮਾਪੇ ਵੀ ਆਪਣੇ ਬੱਚਿਆਂ ਦਾ ਜੀਵਨ ਨਰਕ ਤੋਂ ਵੀ ਭੈੜਾ ਬਣਾ ਦੇਂਦੇ ਹਨ।

**ਮੂਲ - ਡਾਕਟਰ ਸ਼ਸ਼ੀ ਕਪੂਰ, ਅਨੁਵਾਦਕ - ਪਵਨ ਕੁਮਾਰ ਰੱਤੋਂ**

ਧੰਨਵਾਦ ਸਹਿਤ ਮੈਗਜ਼ੀਨ : 'ਸਰਿਤਾ' ਨਵੰਬਰ (ਪਹਿਲਾਂ) 2010


## ਕੇਵਲ ਤਰਕਸ਼ੀਲ ਮੈਂਬਰਾਂ ਲਈ

**ਹੇਠ ਲਿਖਿਆਂ ਜਾਦੂ ਦੀਆਂ ਆਈਟਮਾਂ ਵਾਲੀ ਕਿਟ ਸੀ. ਡੀ. ਸਮੇਤ ਇਸ ਪਤੇ ਤੇ ਸੰਪਰਕ ਕਰਨ ਨਾਲ 2000/- ਰੁਪਏ ਵਿੱਚ ਮਿਲ ਸਕਦੀ ਹੈ।**

1. ਖਾਲੀ ਹੱਥਾਂ 'ਚ ਰੁਮਾਲ ਗਾਇਬ ਕਰਨਾ
2. ਰੁਮਾਲ ਤੋਂ ਜਾਦੂ ਦੀ ਛੜੀ ਬਣਾਉਣਾ
3. ਖਾਲੀ ਬੈਗ ਵਿੱਚੋਂ ਡਾਇਸ ਪੈਦਾ ਕਰਨੇ
4. ਖਾਲੀ ਬਰਤਨ ਵਿੱਚ ਅੱਗ ਜਲਾ ਕੇ ਕਬੂਤਰ ਪੈਦਾ ਕਰਨਾ
5. ਤਲਵਾਰ ਨੂੰ ਮੂੰਹ ਰਾਹੀਂ ਅੰਦਰ ਲੈ ਜਾਣਾ
6. ਸੀ. ਡੀ. ਰੀਕਾਰਡ ਦੇ ਰੰਗ ਬਦਲਣੇ
7. ਚਮਚ ਤੋਂ ਬਦਲ ਕੇ ਕਰਦਾਂ ਤਿਆਰ ਕਰਨਾ
8. ਲੜਕੀ ਤੋਂ ਸ਼ੇਰ ਬਣ ਜਾਣਾ
9. ਤਾਸ਼ ਦਾ ਪੱਤਾ ਆਪਣੇ ਆਪ ਬਾਹਰ ਆ ਜਾਣਾ
10. ਗੁਲਾਬ ਦਾ ਫੁੱਲ ਪੈਦਾ ਕਰਨ ਤੇ ਗਾਇਬ ਕਰਨਾ
11. ਬੋਤਲ ਗਾਇਬ ਕਰਨਾ
12. ਪੈਨ ਨੋਟ ਵਿੱਚ ਆਰ-ਪਾਰ ਕਰਨਾ
13. ਦੁੱਧ ਗਲਾਸ

– *ਅਮਰ ਇਕਬਾਲ,* 95013-40005

# ਡੇਰੇ ਆਸ਼ਰਮ ਜਾਂ ਫਿਰ ਫਸਾਦਾਂ ਦੀ ਜੜ੍ਹ

ਭਾਰਤ ਦੀ ਧਰਤੀ ਉੱਪਰ ਐਨੇ ਸਕੂਲ, ਕਾਲਜ, ਬਿਰਧ ਘਰ ਜਾਂ ਪਾਗਲਖਾਨੇ ਨਹੀਂ ਹਨ ਜਿੰਨੇ ਧਾਰਮਿਕ ਸਥਾਨ, ਨਾਮ ਘਰ, ਗਿਰਜਾਘਰ, ਮੰਦਰ, ਮਸਜਿਦ ਪੀਰਾਂ ਦੀਆਂ ਕਬਰਾਂ ਜਾਂ ਲੱਕੜ ਸ਼ਾਹ, ਬੋਹੜ ਸ਼ਾਹ, ਠੀਕਰ ਸ਼ਾਹ ਆਦਿ ਦੀਆਂ ਦਰਗਾਹਾਂ ਹਨ। ਇਨ੍ਹਾਂ ਵਿਚੋਂ ਡੇਰੇ ਤੇ ਆਸ਼ਰਮ ਅਜਿਹੇ ਸਥਾਨ ਹਨ ਜੋ ਲੋਕਾਂ ਨੂੰ ਮੁਕਤੀ ਮਾਰਗ ਵੱਲ ਲਿਜਾਣ ਦੀ ਸਿੱਖਿਆ ਦਿੰਦੇ ਹਨ। ਇਨ੍ਹਾਂ ਥਾਵਾਂ ਤੇ ਕਿਸਮਤਾਂ, ਮਾਇਆ ਮੋਹ ਤੇ ਪਿਛਲੇ ਜਨਮਾਂ ਦੇ ਚੰਗੇ ਮਾੜੇ ਕਰਮਾਂ ਦੇ ਫਲਾਂ ਬਾਰੇ ਲੋਕਾਂ ਨੂੰ ਪਾਠ ਪੜ੍ਹਾਇਆ ਜਾਂਦਾ ਹੈ। ਇਨ੍ਹਾਂ ਡੇਰਿਆਂ, ਆਸ਼ਰਮਾਂ ਦੇ ਅਖੌਤੀ ਸੰਤ ਭੜਕੀਲੇ ਕੱਪੜੇ ਪਾਉਂਦੇ ਹਨ।



ਲੋਕਾਂ ਨੂੰ ਸਬਰ ਨਾਲ ਰਹਿਣ ਦਾ ਉਪਦੇਸ਼ ਦੇਣ ਵਾਲੇ ਅਖੌਤੀ ਸਾਧ ਸੰਤ ਖੁਦ ਆਪਣੇ ਰਹਿਣ ਮਹਿਲ ਉਸਾਰਦੇ ਹਨ। ਆਮ ਲੋਕਾਂ ਨੂੰ ਉਪਦੇਸ਼ ਦਿੰਦੇ ਹਨ ਕਿ ਇਹ ਸਭ ਕੁਝ ਤਾਂ ਇਥੇ ਹੀ ਰਹਿ ਜਾਣਾ ਏ (ਪਰ ਆਪਣੇ ਡੇਰਿਆਂ, ਆਸ਼ਰਮਾਂ ਨੂੰ ਮਹਿਲ ਮਾੜੀਆਂ ਨਹੀਂ ਸਮਝਦੇ) ਪ੍ਰਭੂ ਦੀ ਭਜਨ ਬੰਦਗੀ ਕਰਿਆ ਕਰ ਇਨ੍ਹਾਂ ਸਾਹਾਂ ਦਾ ਕੋਈ ਭਰੋਸਾ ਨਹੀਂ ਹੈ, ਆਤਮਾ ਨੇ ਤਾਂ ਇਨਸਾਨੀ ਚੋਲੇ ਨੂੰ ਤਿਆਗਕੇ ਬਾਹਰ ਨਿਕਲ ਜਾਣਾ ਏ। ਇਹੋ ਜਿਹੇ ਅਰਥਹੀਣ ਤਰਕਹੀਣ ਬੇਤੁਕੇ ਸਵਾਲ ਇਨ੍ਹਾਂ ਅਖੌਤੀ ਭਗਵਾਨਾਂ ਦੇ ਮੂੰਹ 'ਚੋਂ ਨਿਕਲੇ ਸੰਗਤਾਂ ਲਈ ਕਲਪਨਿਕ ਪਰਲੋਕ 'ਚੋਂ ਆਏ ਇਲਾਹੀ ਵਾਕ ਹਨ। ਬਾਬਿਆਂ ਦੀਆਂ ਇਹੋ ਜਿਹੀਆਂ ਗੋਲ-ਮਟੋਲ ਗੱਲਾਂ ਸ਼ਰਧਾਲੂਆਂ ਨੂੰ ਸਾਰੀ ਉਮਰ ਦਾ ਗੁਲਾਮ ਬਣਾ ਲੈਂਦੀਆਂ ਹਨ ਤੇ ਫਿਰ ਬਾਕੀ ਦੀ ਜ਼ਿੰਦਗੀ ਉਹ ਬਾਬਿਆਂ ਦੇ ਗੁਲਾਮ ਬਣਕੇ ਜਿਉਂਦੇ ਹਨ ਇਹੋ ਜਿਹੀ ਨਾਮ ਦੀ ਖੁਮਾਰੀ ਦਾ ਨਸ਼ਾ ਸ਼ਰਧਾਲੂਆਂ ਦੇ ਹਲਕ ਵਿਚ ਉਤਰਦਾ ਹੈ ਕਿ ਉਹ ਨਸ਼ੇ ਦੇ ਲੋਰ ਵਿਚ ਆਏ ਲੋੜ ਪੈਣ ਤੇ ਸ਼ਾਂਤ ਰਹਿਣ ਦੀ ਬਜਾਇ ਕਈ ਵਾਰੀ ਖੂਨ ਖਰਾਬੇ ਕਰਨ ਤੇ ਤੁਲ ਜਾਂਦੇ ਹਨ।

ਅਖੌਤੀ ਭਗਵਾਨਾਂ ਦੁਆਰਾ ਬਣਾਏ ਡੇਰਿਆਂ, ਆਸ਼ਰਮਾਂ ਵਿਚ ਕਤਲ, ਲੁੱਟਮਾਰ, ਬਲਾਤਕਾਰ, ਜ਼ਮੀਨ ਜਾਇਦਾਦ ਦੇ ਝਗੜੇ ਤੇ ਭੰਗ ਜਿਹੇ ਨਸ਼ਿਆਂ ਦੀਆਂ ਖ਼ਬਰਾਂ ਆਏ ਦਿਨ ਅਖ਼ਬਾਰਾਂ ਦੀਆਂ ਹੈੱਡ ਲਾਈਨਾਂ ਬਟੋਰਦੀਆਂ ਹਨ। ਉਂਝ ਵੀ ਇਹ ਡੇਰੇ ਅੱਜਕੱਲ੍ਹ ਰਾਜਨੀਤੀ ਦਾ ਹਿੱਸਾ ਬਣੇ ਹੋਏ ਹਨ ਕਿਉਂਕਿ ਲੀਡਰ ਜਾਣਦੇ ਹਨ ਕਿ ਇਨ੍ਹਾਂ ਡੇਰਿਆਂ, ਆਸ਼ਰਮਾਂ ਵਿਚ ਜੇਕਰ ਕਰੋੜਾਂ ਸ਼ਰਧਾਲੂ ਹਨ ਤਾਂ ਇਸ ਦੇ ਫਲਸਰੂਪ ਕਰੋੜਾਂ ਵੋਟਾਂ ਵੀ ਹਨ ਉਹ ਇਨ੍ਹਾਂ ਡੇਰਿਆਂ 'ਚ ਵੋਟਾਂ ਲੈਣ ਲਈ ਆਪਣੇ ਕੋਟੇ ਵਿਚੋਂ ਇਨ੍ਹਾਂ ਨੂੰ ਗ੍ਰਾਂਟਾਂ ਦਿੰਦੇ ਹਨ ਜੇਕਰ ਕੋਈ ਲੀਡਰ ਡੇਰਿਆਂ, ਆਸ਼ਰਮਾਂ ਦੇ ਗੇਟ ਲੰਘ ਜਾਵੇ ਤਾਂ ਸਮਝੋ ਉਨ੍ਹਾਂ ਦੀਆਂ ਵੋਟਾਂ ਨੂੰ ਕੋਈ ਨਹੀਂ ਕੱਟ ਸਕਦਾ। ਅੱਜ ਲੋੜ ਪੈਣ ਤੇ ਡੇਰੇ ਆਸ਼ਰਮ ਰਾਜਨੀਤੀ ਨੂੰ ਪਲਕ ਝਪਕਦੇ ਹੀ ਖਰੀਦ ਸਕਦੇ ਹਨ ਇੱਕ ਤਾਂ ਇਨ੍ਹਾਂ ਕੋਲ ਵੋਟਾਂ ਹਨ ਤੇ ਦੂਜੀ ਅਰਬਾਂ ਦੀ ਅਪਾਰ ਦੌਲਤ। ਇਨ੍ਹਾਂ ਡੇਰਿਆਂ, ਆਸ਼ਰਮਾਂ ਦੇ ਭਗਤ, ਸੇਵਕ, ਸੇਵਾਦਾਰ ਫੜ੍ਹਾਂ ਮਾਰਦੇ ਹਨ ਕਿ ਉਹ ਗੁਰਦੁਆਰਿਆਂ ਵਾਂਗ ਮੱਥਾ ਨਹੀਂ ਟਿਕਾਉਂਦੇ ਫਿਰ ਇਹ ਦੌਲਤ ਕਿੱਥੋਂ ਆਉਂਦੀ ਏ।

ਅੱਜ ਇਕ ਅੰਦਾਜੇ ਮੁਤਾਬਿਕ ਇਨ੍ਹਾਂ ਡੇਰਿਆਂ, ਆਸ਼ਰਮਾਂ ਦੀ ਇੱਕ ਮਹੀਨੇ ਦੀ ਆਮਦਨ ਕਈ ਕਰੋੜ ਨੂੰ ਪਾਰ ਕਰਦੀ ਏ। ਇੱਥੇ ਫਰੀ ਕੰਮ ਵਾਲੇ ਸੇਵਾਦਾਰ ਹਨ। ਕੀ ਕੰਟੀਨਾਂ ਵਿਚ ਮਿਲਣ ਵਾਲੀਆਂ ਖਾਣ-ਪੀਣ ਦੀਆਂ ਚੀਜ਼ਾਂ ਫਰੀ ਮਿਲਦੀਆਂ ਹਨ? ਜੋ ਲੋਕ ਆਪਣੇ ਘਰ ਕਿਸੇ ਨੂੰ ਪਾਣੀ ਦਾ ਘੁੱਟ ਨਹੀਂ ਫੜਾਉਂਦੇ ਉਹ ਡੇਰਿਆਂ ਦੀਆਂ ਜ਼ਮੀਨਾਂ ਦੇ ਨੱਕੇ ਮੋੜਦੇ ਹਨ ਉੱਚੀਆਂ-ਉੱਚੀਆਂ ਬਿਲਡਿੰਗਾਂ ਉਸਾਰਦੇ ਹਨ। ਆਪ ਦੀ ਸੇਵਾ ਕਰਨ ਚਾਹੇ ਨਾ, ਪਰ ਇਥੇ ਦੋ ਦੋ, ਤਿੰਨ-ਤਿੰਨ ਮਹੀਨੇ ਮੁਫ਼ਤ ਸੇਵਾ ਕਰਦੇ ਹਨ। ਜੇਕਰ ਮਰਦ ਵੀ ਲਾਈਲੱਗ ਹਨ ਤਾਂ ਔਰਤਾਂ ਵੀ ਕਿਸੇ ਤੋਂ ਘੱਟ ਨਹੀਂ ਹਨ। ਜਿਹੜੀਆਂ ਬੀਬੀਆਂ ਆਪਣੇ ਘਰਾਂ ਵਿਚ 24-24 ਘੰਟੇ ਸਿਰ ਤੇ ਦੁਪੱਟਾ ਬੰਨ੍ਹਕੇ ਸਿਰ ਦੁਖਣ ਦਾ ਬਹਾਨਾ ਕਰਦੀਆਂ ਹਨ ਉਹ ਇਥੇ ਝਾੜੂ ਪੋਚਾ ਕਰਦੀਆਂ ਹਨ। ਜੂਠੇ ਭਾਂਡੇ ਮਾਂਜਦੀਆਂ ਹਨ ਘਰਾਂ ਵਿਚ ਆਪਣੇ ਪਤੀ ਨੂੰ ਸੁੱਕੀ ਰੋਟੀ ਨਹੀਂ ਦਿੰਦੀਆਂ ਉਹ ਬਾਬਿਆਂ ਲਈ ਦੇਸੀ ਘਿਉ ਦੇ ਪਰਾਉਂਠੇ ਬਣਾਉਂਦੀਆਂ ਹਨ, ਜਿਹੜੀਆਂ ਔਰਤਾਂ ਆਪਣੇ ਪਤੀ ਨੂੰ ਹਰ ਵੇਲੇ 'ਹੂੰ' ਕਹਿਕੇ ਜਵਾਬ ਦਿੰਦੀਆਂ ਹਨ ਉਹ ਇਨ੍ਹਾਂ ਆਸ਼ਰਮਾਂ, ਡੇਰਿਆਂ ਦੇ ਅਖੌਤੀ ਭਗਵਾਨਾਂ ਦੇ ਹੁਕਮਾਂ ਨੂੰ ਸੱਚ ਵਚਨ ਕਹਿਕੇ ਮੰਨਦੀਆਂ ਹਨ।

ਅੱਜ ਡੇਰਿਆਂ, ਆਸ਼ਰਮਾਂ ਦੇ ਅਖੌਤੀ ਭਗਵਾਨਾਂ ਕੋਲ ਨਵੀਆਂ ਨਵੀਆਂ ਲਗਜਰੀ ਕਾਰਾਂ, ਵਿਦੇਸ਼ੀ ਪਿਸਟਲ, ਵੱਡੇ ਵੱਡੇ ਲੀਡਰ, ਏ. ਸੀ. ਰੂਮ, ਚਮਕੀਲੇ ਭੜਕੀਲੇ ਵਿਦੇਸ਼ੀ ਕੱਪੜੇ, ਸੋਹਣੀਆਂ ਸੋਹਣੀਆਂ ਸਾਧਣੀਆਂ, ਇੱਕ ਇਸ਼ਾਰੇ ਤੇ ਜਾਨ ਕੁਰਬਾਨ ਕਰਨ ਵਾਲੇ ਵਿਹਲੜ ਸੇਵਾਦਾਰ, ਵਿਦੇਸ਼ਾਂ ਵਿਚ ਵਸੇ ਪੈਸੇ ਵਾਲੇ ਸ਼ਰਧਾਲੂ, ਗੁੰਡੇ ਸਮਗਲਰ ਆਈ. ਪੀ. ਐਸ. ਅਧਿਕਾਰੀ, ਚੋਰ, ਡਾਕੂ, ਠੱਗ ਇਨ੍ਹਾਂ ਦੇ ਭਗਤ ਬਣਦੇ ਹਨ ਕਿਉਂਕਿ ਇਥੇ ਇਨ੍ਹਾਂ ਦੇ ਕੁਕਰਮਾਂ ਉਪਰ ਭਗਤ ਹੋਣ ਦਾ ਠੱਪਾ ਲੱਗ ਜਾਂਦਾ ਹੈ। ਲੋਕਾਂ ਨੂੰ ਨਾਮ ਦਾਨ ਦੀ ਖੁਮਾਰ ਦਾ ਪਾਠ ਪੜ੍ਹਾਉਣ ਵਾਲੇ ਬਾਬੇ ਕੀ ਆਪ ਸਾਦਾ ਜੀਵਨ ਕਰਦੇ ਹਨ?

*– ਜਗਤਾਰ ਭੱਟੀ*

**ਸੂ ਚ ਨਾ**

*ਸਾਲ 2003, 2004, 2005, 2006, 2007, 2008, 2009 ਅਤੇ 2010ਦੀਆਂ ਮੈਗਜ਼ੀਨ 'ਵਿਗਿਆਨ ਜੋਤ' ਦੀਆਂ ਫਾਈਲਾਂ ਸਾਡੇ ਕੋਲ ਉਪਲਬਧ ਹਨ। ਵਧੀਆ ਜਿਲਦ ਦੇ ਵਿੱਚ ਛੇ-ਛੇ ਮੈਗਜ਼ੀਨਾਂ ਦੀ ਇੱਕ ਫਾਈਲ ਸਿਰਫ 80 ਰੁਪਏ ਅਤੇ ਦੋ ਸਾਲ ਦੀਆਂ ਫਾਈਲਾਂ 155 ਰੁਪਏ ਵਿੱਚ ਤਿੰਨ ਸਾਲਾਂ ਦੀਆਂ ਫਾਈਲਾਂ 225 ਰੁਪਏ ਅਤੇ ਚਾਰ ਸਾਲ ਦੀਆਂ ਫਾਈਲਾਂ 295 ਰੁਪਏ ਵਿਚ, ਪੰਜ ਸਾਲ ਦੀਆਂ ਫਾਈਲਾਂ 365 ਰੁਪਏ ਅਤੇ ਛੇ ਸਾਲਾਂ ਦੀਆਂ ਫਾਈਲਾਂ ਤੁਹਾਨੂੰ 435 ਰੁਪੈ ਵਿੱਚ ਪ੍ਰਾਪਤ ਹੋ ਸਕਦੀਆਂ ਹਨ। ਤੁਸੀਂ ਇਹ ਫਾਈਲਾਂ ਵੀ.ਪੀ.ਪੀ. ਰਾਹੀਂ ਵੀ ਫ਼ੋਨ ਨੰਬਰ 01679-241744 'ਤੇ ਫ਼ੋਨ ਕਰਕੇ ਮੰਗਵਾ ਸਕਦੇ ਹੋ।*

# ਤਰਕਭਾਰਤੀ ਪ੍ਰਕਾਸ਼ਨ ਦੁਆਰਾ ਪ੍ਰਕਾਸ਼ਿਤ ਪੁਸਤਕਾਂ

ਹੁਣ ਤੁਸੀਂ ਕੋਈ ਵੀ ਪੁਸਤਕ ਫ਼ੋਨ ਕਰਕੇ ਡਾਕ ਰਾਹੀਂ ਵੀ ਮੰਗਵਾ ਸਕਦੇ ਹੋ, ਸਾਡਾ ਫ਼ੋਨ ਨੰਬਰ ਹੈ : 01679-241744, 233244












**✻ ਤਰਕਸ਼ੀਲ ਸਾਹਿਤ**

| | |
|---|---|
| ....ਤੇ ਦੇਵ ਪੁਰਸ਼ ਹਾਰ ਗਏ/*ਅਬਰਾਹਮ ਕਾਵੂਰ* | 25/- |
| ਦੇਵ, ਦੈਂਤ ਤੇ ਰੂਹਾਂ/*ਅਬਰਾਹਮ ਟੀ. ਕਾਵੂਰ* | 30/- |
| ਪ੍ਰੇਤ, ਆਤਮਾ, ਪੁਨਰ ਜਨਮ ਤੇ ਕਸਰਾਂ/*ਕੋਵੂਰ* | 40/- |
| ਕਰਾਮਾਤਾਂ ਦਾ ਪ੍ਰਦਾਫਾਸ਼/*ਡਾ.ਅਬਰਾਹਮ ਟੀ ਕੋਵੂਰ* | 50/- |
| ਰੌਸ਼ਨੀ/*ਮੇਘ ਰਾਜ ਮਿੱਤਰ* | 20/- |
| ਤਰਕਬਾਣੀ/*ਮੇਘ ਰਾਜ ਮਿੱਤਰ* | 20/- |
| ਤਰਕਜੋਤੀ/*ਮੇਘ ਰਾਜ ਮਿੱਤਰ* | 20/- |
| ਭੂਤਾਂ-ਪ੍ਰੇਤਾਂ ਨਾਲ ਯੁੱਧ ਕਿਵੇਂ?/*ਮੇਘ ਰਾਜ ਮਿੱਤਰ* | 30/- |
| ਵਿਗਿਆਨ ਤੇ ਪਰਾਵਿਗਿਆਨ/*ਮੇਘ ਰਾਜ ਮਿੱਤਰ* | 40/- |
| ਨੰਨ੍ਹਾ ਤਰਕਸ਼ੀਲ/*ਮੇਘ ਰਾਜ ਮਿੱਤਰ* | 15/- |
| ਪੈੜ ਜੋ ਕਾਫ਼ਲਾ ਬਣੀ (ਸਵੈ ਜੀਵਨੀ)/*ਮਿੱਤਰ* | 50/- |
| ਮਾਓ ਦੇ ਦੇਸ਼ 'ਚ/*ਮੇਘ ਰਾਜ ਮਿੱਤਰ* | 20/- |
| ਗਿਆਨ ਸਾਗਰ ਦੀ ਯਾਤਰਾ/*ਸੰਪਾ. ਮਿੱਤਰ* | 20/- |
| ਚਿੱਠੀਆਂ ਲਿਖ ਤਰਕਸ਼ੀਲਾਂ ਨੂੰ ਪਾਈਆਂ | 30/- |
| ਬਾਬਾ ਰਾਮਦੇਵ ਤਰਕ ਦੀ ਕਸੌਟੀ 'ਤੇ/*ਮਿੱਤਰ* | 30/- |
| ਸ਼ੰਕਾ ਨਵਿਰਤੀ/*ਮੇਘ ਰਾਜ ਮਿੱਤਰ* | 50/- |
| ਬੇਗਾਨੀ ਧਰਤੀ ਆਪਣੇ ਲੋਕ/*ਮੇਘ ਰਾਜ ਮਿੱਤਰ* | 40/- |
| ਜੋਤਿਸ਼ ਝੂਠ ਬੋਲਦਾ ਹੈ/*ਮਨਜੀਤ ਬੋਪਾਰਾਏ* | 20/- |
| ਔਰਤਾਂ ਅਤੇ ਮਾਨਸਿਕ ਰੋਗ/*ਸਰਜੀਤ ਤਲਵਾਰ* | 15/- |
| ਚੀਨੀਆਂ ਭੂਤ ਇੰਜ ਭਜਾਏ/*ਸਰਜੀਤ ਤਲਵਾਰ* | 15/- |
| ਨੌਜਵਾਨਾਂ ਦੇ ਮਾਨਸਿਕ ਰੋਗ/*ਸਰਜੀਤ ਤਲਵਾਰ* | 20/- |
| ਰੱਬਾਂ ਬਿਨਾਂ ਮੁਕਤੀ/*ਸਰਜੀਤ ਤਲਵਾਰ* | 20/- |
| ਮੈਂ ਰੱਬ ਨੂੰ ਕਿਉਂ ਨਹੀਂ ਮੰਨਦਾ/*ਸਰਜੀਤ ਤਲਵਾਰ* | 40/- |
| ਰੱਬ ਕਦੋਂ, ਕਿੱਥੇ ਤੇ ਕਿਵੇਂ?/*ਰਾਜਾ ਰਾਮ* | 20/- |
| ਕਿਹੜਾ ਗੁਰੂ, ਕਿਹੜੀ ਮੁਕਤੀ?/*ਰਾਜਾ ਰਾਮ* | 40/- |
| ਤਰਕਸ਼ੀਲ ਹੇਕਾਂ/*ਮੱਖਣ ਸਿੰਘ ਜੌਹਲ* | 60/- |
| ਤਰਕਸ਼ੀਲ ਸੁਨੇਹੇ/*ਮੱਖਣ ਸਿੰਘ ਜੌਹਲ* | 60/- |
| ਫਿਰ ਸੁਲਗੇ ਨਾ ਚੰਗਿਆੜੀ/*ਮੱਖਣ ਸਿੰਘ ਜੌਹਲ* | 40/- |
| ਤਰਕਸ਼ੀਲ ਦਰਸ਼ਨ/*ਮੱਖਣ ਸਿੰਘ ਜੌਹਲ* | 30/- |
| ਤਰਕਸ਼ੀਲ ਕਾਵਿ ਵਿਅੰਗ/*ਮੱਖਣ ਸਿੰਘ ਜੌਹਲ* | 30/- |
| ਚਮਤਕਾਰਾਂ ਦੇ ਰਹੱਸ/*ਜ਼ੇਮਜ਼ ਰਾਂਡੀ* | 150/- |
| ਸਤਯੁੱਗ ਤੋਂ ਕਲਯੁੱਗ ਤੱਕ/*ਖ਼ੁਸ਼ਵੰਤ ਬਰਗਾੜੀ* | 20/- |
| ਨੀਲੀ ਛਤਰੀ/*ਅਮਰਜੀਤ ਢਿੱਲੋਂ* | 30/- |
| ਤਰਕਸ਼ੀਲ ਵਾਰਤਾ/*ਮੱਖਣ ਸਿੰਘ ਜੌਹਲ* | 80/- |
| ਤਰਕਸ਼ੀਲ ਬੋਲੀਆ/*ਰਾਮ ਸਰੂਪ ਸ਼ਰਮਾ* | 15/- |
| ਜੋਤਿਸ਼ ਅਤੇ ਤਾਂਤ੍ਰਿਕ/*ਡਾ. ਆਰ. ਜੇ ਸਿੰਘ* | 30/- |
| ਤਰਕਸ਼ੀਲ ਕਾਵਿ ਵਿਅੰਗ/*ਅਮਰਜੀਤ ਢਿੱਲੋਂ* | 30/- |
| ਗੇੜ ਚੁਰਾਸੀ ਦਾ/*ਗੁਰਚਰਨ ਨੂਰਪੁਰ* | 30/- |
| ਕੀ ਝੂਠ ਕੀ ਸੱਚ/*ਗੁਰਚਰਨ ਨੂਰਪੁਰ* | 40/- |
| ਪ੍ਰਾਚੀਨ ਭਾਰਤੀ ਸੱਭਿਆਚਾਰ/*ਖ਼ੁਸ਼ਵੰਤ ਬਰਗਾੜੀ* | 30/- |
| ਕ੍ਰਿਸ਼ਨ ਬਰਗਾੜੀ/*ਖ਼ੁਸ਼ਵੰਤ ਬਰਗਾੜੀ* | 50/- |
| ਦਰਸ਼ਨ ਪਰੰਪਰਾ/*ਗਿਆਨ ਸਿੰਘ ਬੱਲ* | 50/- |
| ਇੰਗਰਸੋਲ ਦੇ ਅਨਮੋਲ ਬਚਨ/*ਸੰਪਾ. ਅਮਿੱਤ* | 40/- |
| ਵਾਸਤੂ ਸ਼ਾਸਤਰ ਕੋਰਾ ਝੂਠ/*ਬਹਾਦਰ ਸਿੰਘ ਧੌਲਾ* | 40/- |
| ਆਤਮਾ ਮੁੜਜਨਮ ਤੇ ਅਦਾਲਤ/*ਸੀਮਾ ਸਬਲੋਕ* | 40/- |
| ਪਿੰਡ ਦੀ ਸੱਥ/*ਰਣਜੀਤ ਝਨੇਰ* | 30/- |
| ਤਰਕਵਾਰਤਾ/*ਰਣਜੀਤ ਝਨੇਰ* | 50/- |
| ਧੁਖਦੀ ਵਰਣਮਾਲਾ ਦਾ ਸੰਵਾਦ /*ਮੀਤ ਖੱਟੜਾ* | 20/- |
| ਓਪਰੀ ਕਸਰ/*ਸਰਬਜੀਤ ਉੱਖਲਾ* | 40/- |
| ਬਾਬਿਆਂ ਦਾ ਬਾਬਾ/*ਰਣਜੀਤ ਸਿੰਘ ਪ੍ਰੀਤ* | 30/- |
| ਨਾਸਟ੍ਰੇਡਮਸ ਬੇਨਕਾਬ/*ਜੇਮਜ਼ ਰੇਡੀ* | 150/- |
| ਕੋਵੂਰ ਤਰਕਸ਼ੀਲ ਕਿਵੇਂ ਬਣਿਆ?/*ਐਡਾਮੋਰੂਕੂ* | 35/- |
| ਮਾਨਸਿਕ ਰੋਗ ਤੇ ਸਾਡਾ ਸਮਾਜ/*ਡਾ. ਦੀਪਤੀ* | 20/- |
| ਚਮਤਕਾਰਾਂ ਦੀ ਦੁਨੀਆਂ/*ਅਜਮੇਰ ਸਿੱਧੂ* | 30/- |
| ਰਜਨੀਸ਼ ਬੇਨਕਾਬ/*ਡਾ. ਕਰਮਜੀਤ ਸਿੰਘ* | 30/- |
| ਧਰਮ ਕੀ ਹੈ?/*ਗਰੀਨ ਇੰਗਰਸੋਲ* | 10/- |
| ਕਸਰਾਂ ਕਿਉਂ ਹੁੰਦੀਆਂ ਨੇ/*ਸਰਜੀਤ ਤਲਵਾਰ* | 30/- |
| ਧਰਮ ਦੇ ਅੰਗ ਸੰਗ/*ਰਣਜੀਤ ਝਨੇਰ* | 50/- |
| ਬੋਦੀ ਵਾਲੇ ਤਾਰੇ/*ਸਰਜੀਤ ਤਲਵਾਰ* | 30/- |

**✻ ਹਿਪਨੋਟੀਜ਼**

| | |
|---|---|
| ਹਿਪਨੋਟਿਜ਼ਮ ਕੀ, ਕਿਉਂ ਤੇ ਕਿਵੇਂ???/*ਤਲਵਾਰ* | 10/- |
| ਹਿਪਨੋਟਿਜ਼ਮ ਤੁਹਾਡੇ ਲਈ/*ਟੀ. ਐਸ. ਰਾਓ* | 25/- |
| ਹਿਪਨੋਟਿਜ਼ਮ ਕਿਵੇਂ ਸਿੱਖੀਏ ?/*ਸਰਜੀਤ ਤਲਵਾਰ* | 20/- |

**✻ ਜਾਦੂ ਦੀਆਂ ਕਿਤਾਬਾਂ**

| | |
|---|---|
| ਵਿਗਿਆਨਕ ਜਾਦੂਗਰ/*ਸਰਜੀਤ ਤਲਵਾਰ* | 20/- |
| ਤਰਕਸ਼ੀਲ ਜਾਦੂਗਰ/*ਸਰਜੀਤ ਤਲਵਾਰ* | 30/- |
| ਸਟੇਜ ਦੇ ਜਾਦੂ/*ਨਰਿੰਦਰ* | 30/- |
| ਨੰਨ੍ਹਾ ਜਾਦੂਗਰ/*ਨਰਿੰਦਰ* | 20/- |
| ਤਰਕਸ਼ੀਲ ਦਿਮਾਗੀ ਕਸਰਤਾਂ /*ਮੇਘ ਰਾਜ ਮਿੱਤਰ* | 20/- |
| ਦਿਮਾਗੀ ਵਿਕਾਸ ਕਿਵੇਂ ਕਰੀਏ?/*ਮਿੱਤਰ* | 20/- |
| ਅੰਕਾਂ ਦਾ ਜਾਦੂ/*ਸਰਜੀਤ ਤਲਵਾਰ* | 30/- |
| ਰਸਾਇਣਕ ਜਾਦੂਗਰ/*ਸਰਜੀਤ ਤਲਵਾਰ* | 20/- |
| ਚਮਤਕਾਰਾਂ ਪਿੱਛੇ ਵਿਗਿਆਨ/*ਬੀ. ਪ੍ਰੇਮਾਨੰਦ* | 25/- |
| ਰਸੋਈ ਵਿੱਚ ਵਿਗਿਆਨ/*ਸਰਜੀਤ ਤਲਵਾਰ* | 30/- |
| ਜੀਵਨ ਦੀਆਂ ਗਣਿਤਕ ਉਲਝਣਾਂ | 50/- |

**✻ ਗਿਆਨ ਵਿਗਿਆਨ ਦੀਆਂ ਪੁਸਤਕਾਂ**

| | |
|---|---|
| ਕਣ-ਕਣ ਵਿੱਚ ਵਿਗਿਆਨ/*ਮੇਘ ਰਾਜ ਮਿੱਤਰ* | 15/- |
| ਮਾਦੇ ਤੋਂ ਮਨੁੱਖ ਤੱਕ/*ਮੇਘ ਰਾਜ ਮਿੱਤਰ* | 10/- |
| ਮਨੋਰੰਜਨ ਰਾਹੀਂ ਵਿਗਿਆਨ/*ਸਰਜੀਤ ਤਲਵਾਰ* | 20/- |
| ਸਮੇਂ ਦਾ ਇਤਿਹਾਸ/*ਮੇਘ ਰਾਜ ਮਿੱਤਰ* | 20/- |
| ਖੇਡ ਖੇਡ 'ਚ ਵਿਗਿਆਨ/*ਬਰਜਿੰਦਰਪਾਲ ਸਿੰਘ* | 20/- |
| ਜੱਗ ਰਚਨਾ ਦਾ ਸੱਚ/*ਅਮਰਜੀਤ ਢਿੱਲੋਂ* | 20/- |
| ਫਸਲਾਂ ਕਹਿਣ ਕਹਾਣੀ/*ਦੇਵਿੰਦਰ ਮੇਵਾੜੀ* | 30/- |
| ਪ੍ਰਸਿੱਧ ਵਿਗਿਆਨਕ ਖੋਜਾਂ/*ਡਾ. ਜਤਿੰਦਰਪਾਲ* | 30/- |
| ਵਿਗਿਆਨ ਦੇ ਚਮਤਕਾਰ/*ਡਾ. ਜਤਿੰਦਰਪਾਲ* | 50/- |
| ਸਾਡਾ ਦੋਸਤ ਵਿਗਿਆਨ/*ਡਾ. ਜਤਿੰਦਰਪਾਲ* | 50/- |
| ਮਨੁੱਖੀ ਸਰੀਰ ਦੇ ਰਹੱਸ/*ਡਾ. ਜਤਿੰਦਰਪਾਲ ਸਿੰਘ* | 50/- |
| ਗਿਆਨ ਵਿਗਿਆਨ/*ਅਮਨ ਰਣਜੀਤ* | 30/- |
| ਗ੍ਰਹਿਣਾਂ ਦੀ ਕਹਾਣੀ/*ਸਰਜੀਤ ਤਲਵਾਰ* | 30/- |
| ਵਿਗਿਆਨ ਦਾ ਸਮਾਜ 'ਤੇ ਪ੍ਰਭਾਵ/*ਰਸਲ* | 40/- |
| ਵਿਗਿਆਨ ਪ੍ਰਯੋਗ ਕਰਕੇ ਸਿੱਖੀਏ/*ਬਲਜਿੰਦਰਪਾਲ* | 30/- |
| ਵਿਸ਼ਵ ਰਿਕਾਰਡ/*ਗਗਨਦੀਪ ਝਨੇਰ* | 30/- |
| ਵਿਗਿਆਨ ਹੀ ਵਿਗਿਆਨ/*ਸਰਜੀਤ ਤਲਵਾਰ* | 15/- |

**✻ ਵਿਦੇਸ਼ੀ ਵਿਦਵਾਨਾਂ ਦੀਆਂ ਅਨੁਵਾਦਤ ਪੁਸਤਕਾਂ**

| | |
|---|---|
| ਮਨੋਵਿਸ਼ਲੇਸ਼ਣ/*ਸਿਗਮੰਡ ਫਰਾਇਡ* | 50/- |
| ਪ੍ਰਮਾਤਮਾ ਦੀ ਉਤਪਤੀ,ਇਸ ਭਰਮ ਦਾ ਭਵਿੱਖ | 50/- |
| ਪੈਗੰਬਰ ਮੂਸਾ ਤੇ ਇੱਕ ਈਸ਼ਰਵਰਵਾਦ/*ਫਰਾਇਡ* | 40/- |
| ਸਭਿਅਤਾ ਵਰ ਕਿ ਸਰਾਪ/*ਸਿਗਮੰਡ ਫਰਾਇਡ* | 50/- |
| ਰਚਨਾਤਮਕ ਸਾਹਿਤ ਤੇ ਮਨੋਵਿਸ਼ਲੇਸ਼ਣ | 50/- |
| ਪੁਰਾਤਨ ਸਮਾਜ/*ਐਲ. ਐਚ. ਮੌਰਗਨ* | 150/- |
| ਜੀਵ ਦੀ ਉਤਪਤੀ/*ਚਾਰਲਸ ਡਾਰਵਨ* | 150/- |
| ਮਨੁੱਖ ਦੀ ਉਤਪਤੀ/*ਚਾਰਲਸ ਡਾਰਵਨ* | 100/- |
| ਮਨੁੱਖ ਮਹਾਂਬਲੀ ਕਿਵੇਂ ਬਣਿਆ | 100/- |









### ※ ਸਿਹਤ ਸਬੰਧੀ ਸਾਹਿਤ

ਸ਼ੂਗਰ ਰੋਗ/ਡਾ. ਸ਼ਿਆਮ ਸੁੰਦਰ ਦੀਪਤੀ 10/-
ਬਲੱਡ ਪ੍ਰੈਸ਼ਰ/ਡਾ. ਸ਼ਿਆਮ ਸੁੰਦਰ ਦੀਪਤੀ 10/-
ਕੈਂਸਰ/ਡਾ. ਸ਼ਿਆਮ ਸੁੰਦਰ ਦੀਪਤੀ 10/-
ਏਡਜ਼/ਡਾ. ਸ਼ਿਆਮ ਸੁੰਦਰ ਦੀਪਤੀ 10/-
ਉਦਾਸੀ ਰੋਗ/ਡਾ. ਪਰਮਜੀਤ ਸਿੰਘ 10/-
ਮਿਰਗੀ ਰੋਗ/ਡਾ. ਪਰਮਜੀਤ ਸਿੰਘ 10/-
ਸਿਹਤ ਸੰਭਾਲ/ਡਾ. ਅਜੀਤਪਾਲ ਸਿੰਘ 30/-
ਤੰਦਰੁਸਤ ਕਿਵੇਂ ਰਹੀਏ/ਡਾ. ਅਜੀਤਪਾਲ ਸਿੰਘ 30/-
ਡਾਕਟਰ ਦੀ ਸਲਾਹ/ਡਾ. ਅਜੀਤਪਾਲ ਸਿੰਘ 25/-
ਸਿਹਤ ਫੁਲਵਾੜੀ/ਡਾ. ਅਜੀਤਪਾਲ ਸਿੰਘ 50/-
ਅੱਖਾਂ ਦੀ ਸੰਭਾਲ/ਡਾ. ਬਲਜੀਤ ਸਿੰਘ ਢਿੱਲੋਂ 10/-
ਔਰਤ, ਬੱਚੇ ਦੀ ਸਿਹਤ ਸੰਭਾਲ/ਡਾ. ਮੋਹਨ 30/-
ਸੁਖਾਵੇਂ ਪਿਆਰ ਸਬੰਧ/ਡਾ. ਰਣਜੀਤ ਸਿੰਘ 30/-
ਸਾਡੇ ਬੱਚੇ ਸਾਡੇ ਚਿਰਾਗ/ਡਾ. ਹਰਸ਼ਿੰਦਰ ਕੌਰ 60/-
ਬੱਚਿਆਂ ਦੀਆਂ ਮਨੋਵਿਗਿਆਨਕ ਸਮੱਸਿਆਵਾਂ 100/-
ਬੱਚਿਆਂ ਬਾਰੇ ਗਿਆਨ ਤੇ ਮਨੋਵਿਗਿਆਨ 100/-
ਆਉ ਸਿਹਤ ਪ੍ਰਤੀ ਜਾਣੀਏ/ਡਾ. ਮੋਹਨ 30/-
ਫੈਲ ਰਹੀ ਮਹਾਂਮਾਰੀ ਏਡਜ਼/ਡਾ. ਜਤਿੰਦਰਪਾਲ 40/-
ਬਾਲ ਮਨੋਵਿਗਿਆਨ/ਬਲਵਿੰਦਰ ਬਰਨਾਲਾ 30/-







### ※ ਭਗਤ ਸਿੰਘ ਤੇ ਸਾਥੀਆਂ ਨਾਲ ਸੰਬੰਧਤ ਕਿਤਾਬਾਂ

ਮੈਂ ਨਾਸਤਿਕ ਕਿਉਂ ਹਾਂ/ਭਗਤ ਸਿੰਘ 5/-
ਭਗਤ ਸਿੰਘ ਦੇ ਚੁਣਵੇਂ ਵਿਚਾਰ/ਸਾਵਲਾ ਰਾਮ 10/-
ਸ਼ਹੀਦ ਚੰਦਰ ਸ਼ੇਖਰ ਅਜ਼ਾਦ /ਸ਼ਿਵ ਵਰਮਾ 10/-
ਸ਼ਹੀਦ ਰਾਜਗੁਰੂ /ਸ਼ਿਵ ਵਰਮਾ 10/-
ਸ਼ਹੀਦ ਊਧਮ ਸਿੰਘ/ਸੁਖਦੇਵ ਸਿੱਧੂ 10/-
ਸ਼ਹੀਦ ਕਰਤਾਰ ਸਿੰਘ ਸਰਾਭਾ/ਵਿਸ਼ਵਭਾਰਤੀ 10/-
ਭਗਤ ਸਿੰਘ ਦੀ ਵਿਚਾਰਧਾਰਾ/ਕਮਲੇਸ਼ ਮੋਹਨ 10/-
ਗਾਂਧੀ ਭਗਤੀ ਤੋਂ ਕ੍ਰਾਂਤੀ ਤੱਕ/ਬਲਵੀਰ ਚੰਦ 10/-
ਭਗਤ ਸਿੰਘ ਦੀ ਨਾਸਤਿਕਤਾ/ਅਮਰਜੀਤ ਸੂਫੀ 20/-
ਅਮਰ ਸ਼ਹੀਦਾਂ ਦੀਆਂ ਯਾਦਾਂ/ਰਾਜਾ ਰਾਮ ਸਾਸ਼ਤਰੀ 30/-
ਸ਼ਹੀਦਾਂ ਦੀ ਵਿਰਸਾਤ/ਭਗਵਾਨ, ਸਦਾਸਿਵ 40/-
ਕਿੱਸਾ ਸ਼ਹੀਦ ਭਗਤ ਸਿੰਘ/ਪ੍ਰੋ. ਦੀਦਾਰ ਸਿੰਘ 40/-
ਭਗਤ ਸਿੰਘ ਦੀ ਜ਼ੇਲ੍ਹ ਡਾਇਰੀ/ਸੱਤਯਮ ਵਰਮਾ 50/-
ਸ਼ਹੀਦਾਂ ਦੇ ਅੰਗ ਸੰਗ/ਸ਼ਿਵ ਵਰਮਾ 50/-
ਸਾਮਰਾਜੀ ਧੌਂਸ ਨੂੰ ਵੰਗਾਰ/ਨਵਤੇਜ ਸਿੰਘ 150/-
ਸ਼ਹੀਦ ਭਗਤ ਸਿੰਘ ਦੀਆਂ ਚੋਣਵੀਆਂ ਲਿਖਤਾਂ 40/-
ਜੀਵਨ ਤੇ ਰਚਨਾ ਲਾਲਾ ਹਰਦਿਆਲ/ਡਾ. ਕੋਮਲ 50/-
ਇਨਕਲਾਬ (ihtBh Fjhd Grs f;zx) 80/-






### ※ ਇਨਕਲਾਬੀ ਨਾਵਲ

ਪਰਬਤੋਂ ਭਾਰੀ ਮੌਤ (ਨਾਵਲ)/ਅਨਿਲ ਵਾਰਵੇ 15/-
ਤੋਤੋਚਾਨ (ਨਾਵਲ)/ਤੇਤਸੁਕੋ ਤੁਰੋਯਾਂਗੀ 20/-
ਜਦੋਂ ਖੇਤ ਜਾਗੇ (ਨਾਵਲ)/ਕ੍ਰਿਸ਼ਨ ਚੰਦਰ 20/-
ਚਮਕਦਾ ਲਾਲ ਸਿਤਾਰਾ (ਨਾਵਲ)/ਲੀ ਸ੍ਰਿਨਤੀਅਨ 20/-
ਮੱਛੀ ਤੇ ਪਾਣੀ (ਚੀਨੀ ਨਾਵਲ)/ਚੈਨ ਤੈਂਗ ਕੀ 20/-
ਜੋ ਹਾਰੇ ਨਹੀਂ (ਨਾਵਲ)/ਪ੍ਰੋ. ਹਰਭਜਨ ਸਿੰਘ 300/-
ਜੰਗਲਨਾਮਾ/ਸਤਨਾਮ 60/-
ਬਾਲ ਸਿਪਾਹੀ (ਚੀਨੀ ਨਾਵਲ)/ਸ਼ੀ ਕੁਆਂਗ ਯਾਓ 30/-
ਮਾਸਟਰ ਸਾਹਿਬ/ਮਹਾਂਸ਼ਵੇਤਾ ਦੇਵੀ 30/-
ਸੱਚ ਦਾ ਝੰਡਾ/ਮੋਹਨ ਸਿੰਘ ਕੁੱਕੜਪਿੰਡੀਆ 20/-
ਪਵਿੱਤਰ ਸੂਲੀ/ਮੋਹਨ ਸਿੰਘ ਕੁੱਕੜਪਿੰਡੀਆ 20/-
ਤਾਰੀਖ ਗਵਾਹੀ ਦੇਵੇਗੀ/ਕੁੱਕੜਪਿੰਡੀਆ 20/-
ਤਾਰੀਖ ਰੋ ਨਾ ਸਕੀ/ਮੋਹਨ ਸਿੰਘ ਕੁੱਕੜਪਿੰਡੀਆ 20/-
ਫਾਂਸੀ ਦੇ ਤਖ਼ਤੇ ਤੋਂ/ਜੂਲੀਅਸ ਫ਼ੀਚਕ 50/-
ਨੀਲੇ ਪੱਤਰੇ/ਇਮਾਨੂਅਲ ਕਜ਼ਾਕੇਵਿਚ 50/-






### ※ ਇਨਕਲਾਬੀ ਗੀਤ

ਸੰਤ ਰਾਮ ਉਦਾਸੀ ਦੇ ਚੋਣਵੇਂ ਗੀਤ 20/-
ਪਾਸ਼ ਦੀ ਚੋਣਵੀਂ ਕਵਿਤਾ/ਅਵਤਾਰ ਪਾਸ਼ 40/-
ਗੂੰਜ ਬਗਾਵਤ ਦੀ/ਜਸਦੇਵ ਲਲਤੋਂ 80/-
ਉੱਠੋ ਨੌਜਵਾਨੋਂ/ਕ੍ਰਿਸ਼ਨ ਕੌਰਪਾਲ 30/-
ਖੇਤਾਂ ਦੀ ਬੁੱਕਲ 'ਚੋਂ (ਗੀਤ)/ਮਿੰਦਰਪਾਲ ਭੱਠਲ 30/-
ਅੱਜ ਦੇ ਜ਼ਮਾਨੇ ਵਿੱਚ/ਦਰਸ਼ਨ ਭੋਤਨਾ 25/-
ਸੂਹੀਆਂ ਕਿਰਨਾਂ ਦਾ ਯਾਰ ਜੈਮਲ ਪੱਡਾ/ਤਜਿੰਦਰ 50/-
ਨਕਸਲੀ ਸ਼ਹੀਦ ਜੈਮਲ ਸਿੰਘ ਪੱਡਾ/ਅਜਮੇਰ ਸਿੱਧੂ 50/-
ਛੱਲਾਂ ਲਹਿਰ ਦੀਆਂ/ਜਸਦੇਵ ਸਿੰਘ ਲਲਤੋਂ 30/-



### ※ ਇਨਕਲਾਬੀ ਵਾਰਤਕ

ਭਾਰਤ ਦਾ ਮੁਕਤੀ ਸੰਘਰਸ਼/ਨੌਜਵਾਨ ਦਸਤਾ 30/-
ਸੂਹੀ ਸਵੇਰ/ਸਵੈ ਸਾਚੀ 30/-
ਮਿਥਿਹਾਸ ਇਤਿਹਾਸ ਤੇ ਇਤਿਹਾਸਕ ਪਦਾਰਥਵਾਦ 30/-
ਸਿੱਖ ਵੀਰਾਂ ਨਾਲ ਕੁਝ ਗੱਲਾਂ/ਮੱਖਣ ਸਿੰਘ ਜੌਹਲ 80/-
ਕਲਾ ਜ਼ਿੰਦਗੀ ਤੇ ਨਕਸਲੀ ਸਰੋਕਾਰ/ਪ੍ਰਵਾਨਾ 40/-
ਇਨਕਲਾਬੀ ਇਤਿਹਾਸ ਦੇ ਸੁਨਿਹਰੀਪੰਨੇ 50/-
ਪੰਜਾਬ ਦੀ ਨਕਸਲਬਾੜੀ ਲਹਿਰ/ਪਰਵਾਨਾ 40/-
ਰੂਸੀ ਬਾਲ ਕਹਾਣੀ 'ਲਾਖੀ'/ਅਨੰਤ ਚੇਖਵ 20/-
ਗੁਲਾਮੀ ਤੋਂ ਮੁਕਤੀ/ਫਰੈਡਰਿਕ ਡਗਲਸ 20/-
ਪ੍ਰੋ. ਰਣਧੀਰ ਸਿੰਘ ਦੇ ਚੋਣਵੇਂ ਲੇਖ 60/-
ਗੁਲਮੀ ਵਾਲੀ ਜੂਨ ਬੁਰੀ /ਗੁਰਚਰਨ ਜੈਤੋਂ 50/-
ਨੌਜਵਾਨਾਂ ਨੂੰ/ਸਵੈ ਸਾਚੀ 20/-
ਸਮਾਜ ਨੂੰ ਬਦਲ ਦਿਓ/ਸਵੈ ਸਾਚੀ 20/-

### ※ ਇਨਕਲਾਬੀ ਦੇਸ਼ ਭਗਤਾਂ ਦੀਆਂ ਜੀਵਨੀਆਂ

ਜੀਵਨ ਸੰਗਰਾਮ/ਸੋਹਣ ਸਿੰਘ ਭਕਨਾ 30/-
ਹਾਕਮ ਸਿੰਘ ਸਮਾਉਂ/ਸੁਖਦਰਸ਼ਨ ਨੱਤ 150/-
ਦੇਸ਼ ਭਗਤ ਪ੍ਰਤਾਪ ਸਿੰਘ ਧਨੌਲਾ/ਤੇਜਵੰਤ ਮਾਨ 30/-
ਸ਼ਹੀਦ ਭਗਵਾਨ ਸਿੰਘ ਲੌਂਗੋਵਾਲੀਆ 20/-
ਦੇਸ਼ ਭਗਤ-ਕਾਮਰੇਡ ਹਰਨਾਮ ਸਿੰਘ ਚਮਕ/ਬਲਵੀਰ 20/-
ਡਾਇਰੀ ਬਾਬਾ ਹਰੀ ਸਿੰਘ ਉਸਮਾਨ/ਪ੍ਰੋ. ਵੜੈਚ 50/-
ਜ਼ਿਲ੍ਹਾ ਸੰਗਰੂਰ ਦੇ ਸ਼ਹੀਦ/ਬਲਬੀਰ ਲੌਂਗੋਵਾਲ 50/-
ਗ਼ਦਰੀ ਬਾਬਾ ਜਵਾਲਾ ਸਿੰਘ/ਬਲਵੀਰ ਪਰਵਾਨਾ 30/-
ਸੰਘਰਸ਼ਸ਼ੀਲ ਯੋਧਾ ਹਰੀ ਸਿੰਘ ਤਰਕ 50/-
ਸ਼ਹੀਦ ਬਾਬਾ ਬੂਝਾ ਸਿੰਘ/ਅਜਮੇਰ ਸਿੱਧੂ 300/-
ਗਦਰੀ ਬਾਬਾ ਦੂਲਾ ਸਿੰਘ/ਜਰਨੈਲ ਅੱਚਰਵਾਲ 30/-
ਇਨਕਲਾਬੀ ਯੋਧਾ ਮੈਡਮ ਕਾਮਾ/ਸੂਫ਼ੀ ਅਮਰਜੀਤ 40/-
ਸਾਹਿਤ ਦਾ ਸਾਗਰ : ਪਾਸ਼/ਸੋਹਣ ਸਿੰਘ ਸੰਧੂ 400/-
ਜੀਵਨ ਸੰਘਰਸ਼/ਦਰਸ਼ਨ ਖਟਕੜ 200/-
ਜੋਜ਼ਫ ਸਟਾਲਿਨ 50/-

### ※ ਹੋਰ ਇਨਕਲਾਬੀ ਪੁਸਤਕਾਂ

ਤਾਮਿਲ ਗੁਰਿਲਿਆਂ ਦੇ ਦੇਸ਼ 'ਚ/ਹਰਜਿੰਦਰ 50/-
ਕੁਠਾਲਾ ਕਾਂਡ/ਬਲਵੀਰ ਚੰਦ ਲੌਂਗੋਵਾਲ 10/-
ਸੰਗਰਾਮੀ ਪਿੰਡ/ਜਰਨੈਲ ਸਿੰਘ ਅੱਚਰਵਾਲ 60/-
ਕਿਊਬਾ ਸਫ਼ਰਨਾਮਾ/ਪ੍ਰੋ. ਗੁਰਮੀਤ ਟਿਵਾਣਾ 70/-
ਸਿੱਖ ਵੀਰਾਂ ਦੇ ਨਾਮ ਖੁੱਲ੍ਹੇ ਖ਼ਤ/ਮੱਖਣ ਸਿੰਘ ਜੌਹਲ 30/-
ਸਾਮਰਾਜੀ ਤਾਕਤਾਂ ਇਰਾਕ ਜੰਗ/ਬਲਜਿੰਦਰ 20/-
ਸਮਕਾਲ ਦੇ ਸਨਮੁੱਖ/ਬਲਵਿੰਦਰ 70/-
ਜਿੱਤਾਂਗੇ ਹਨੇਰੇ ਨੂੰ/ਮਨੀਮਾਲਾ 50/-
ਭਾਰਤੀ ਜੇਲ੍ਹਾਂ 'ਚ ਪੰਜ ਵਰ੍ਹੇ/ਮੇਰੀ ਟਾਈਲਰ 80/-
ਜੋਗਿੰਦਰ ਬਾਹਰਲਾ/ਇੰਦਰਜੀਤ ਨੰਦਨ 40/-
ਪੰਜਾਬ 'ਚ ਕੌਮੀਅਤ ਤੇ ਜ਼ਰਈ ਸਵਾਲ/ ਬਰਸਟ 50/-
ਹੀਰੋਸ਼ੀਮਾ ਦੇ ਫੁੱਲ/ਐਦਤਾ ਮਾਰਿਸ 65/-
ਗਾਥਾ ਕਿਸ਼ਨਗੜ੍ਹ/ਦੇਸ ਰਾਜ ਛਾਜਲੀ 30/-









**※ ਬੱਚਿਆਂ ਲਈ ਪੁਸਤਕਾਂ**

| | |
|---|---|
| ਗੁਲੀਵਰ ਦੀਆਂ ਯਾਤਰਾਵਾਂ/*ਜੋਨਾਥਨ ਸਵਿਫਟ* | 15/- |
| ਮਾਲਵਾ ਐਕਸਪ੍ਰੈੱਸ/*ਸੁਰਿੰਦਰ ਸਿੰਘ ਨੇਕੀ* | 30/- |
| ਬਾਲ ਚਿਰਾਗ/*ਬਲਜਿੰਦਰ ਮਾਨ* | 15/- |
| ਸੁਨਿਹਰੀ ਭਵਿੱਖ/*ਬਲਜਿੰਦਰ ਮਾਨ* | 25/- |
| ਸੀਰਤ ਨਾਮਾ/*ਨਵਰਾਹੀ ਘੁਗਿਆਣਵੀ* | 25/- |
| ਗਨੇਰੀਆਂ/*ਨਵਰਾਹੀ ਘੁਗਿਆਣਵੀ* | 40/- |
| ਆ ਜਾ ਮੋਰਾ/*ਸੁਲੱਖਣ ਮੀਤ (ਪ੍ਰੋ:)* | 30/- |
| ਲੋੜ ਕਾਢ ਦੀ ਮਾਂ/*ਸੁਲੱਖਣ ਮੀਤ (ਪ੍ਰੋ:)* | 20/- |
| ਖੰਡ ਖਿਡਾਉਣੇ/*ਸੁਲੱਖਣ ਮੀਤ (ਪ੍ਰੋ:)* | 20/- |
| ਮੋਟੋ ਆਂਟੀ/*ਸੁਲੱਖਣ ਮੀਤ (ਪ੍ਰੋ:)* | 30/- |
| ਜਲਵਾ ਰੁੱਤਾਂ ਦਾ/*ਸੁਲੱਖਣ ਮੀਤ* | 20/- |
| ਮੇਰਾ ਸਕੂਲ/*ਤਰਸੇਮ ਮਹਿਤੋ* | 30/- |
| ਜੈਜ਼ੀਨਾਮਾ/*ਹਰਨੇਕ ਸਿੰਘ ਰਾਣਾ* | 30/- |
| ਮੇਰਾ ਬਸਤਾ/*ਅਮਰੀਕ ਸਿੰਘ ਤਲਵੰਡੀ* | 30/- |
| ਕਾਵਿ ਪਹਾੜੇ/*ਅਮਰੀਕ ਤਲਵੰਡੀ* | 20/- |
| ਘਰ ਦੀ ਰੌਣਕ/*ਅਮਰੀਕ ਤਲਵੰਡੀ* | 30/- |
| ਸਾਡੇ ਗੁਰੂ/*ਅਮਰੀਕ ਸਿੰਘ ਤਲਵੰਡੀ* | 30/- |
| ਸਾਡੇ ਦੇਸ਼ਭਗਤ/*ਅਮਰੀਕ ਸਿੰਘ ਤਲਵੰਡੀ* | 30/- |
| c[ZbK tor/ pZu//*ਅਮਰੀਕ ਤਲਵੰਡੀ* | 50/- |
| ਨਮੋਲੀਆਂ/*ਨਵਰਾਹੀ ਘੁਗਿਆਣਵੀ* | 30/- |
| ਬੱਚੇ ਮਨ ਦੇ ਸੱਚੇ/*ਅਜਮੇਰ ਸਿੰਘ ਮੋਹੀ* | 50/- |
| ਹੀਰੇ ਪੁੱਤਰ ਮਾਵਾਂ ਦੇ/*ਅਮਰੀਕ ਤਲਵੰਡੀ* | 30/- |
| ਸਾਡਾ ਸਕੂਲ/*ਅਮਰੀਕ ਤਲਵੰਡੀ* | 50/- |
| ਮਾਸੂਮ/*ਨਵਰਾਹੀ ਘੁਗਿਆਣਵੀ* | 40/- |
| ਕਵਿਤਾ ਰਾਹੀਂ ਵਿਗਿਆਨ/*ਪ੍ਰੋ. ਬਲਵਿੰਦਰ ਚਾਹਲ* | 50/- |
| ਸਾਡੇ ਅਧਿਆਪਕ/*ਅਮਰੀਕ ਸਿੰਘ ਤਲਵੰਡੀ* | 30/- |

**※ ਟੈਕਨੀਕਲ**

| | |
|---|---|
| ਕੰਪਿਊਟਰ ਬਾਰੇ ਮੁੱਢਲੀ ਜਾਣਕਾਰੀ/*ਸੀ.ਪੀ.ਕੰਬੋਜ* | 50/- |
| ਭਵਨ ਨਿਰਮਾਣ ਕਿਵੇਂ ਕਰੀਏ?/*ਇੰਜ.ਰਾਜ ਕੁਮਾਰ* | 50/- |
| ਪੰਜਾਬ ਵਸੀਕਾ ਨਵੀਸੀ | 250/- |
| ਜ਼ਮੀਨ ਦੀ ਪੈਮਾਇਸ਼ ਅਤੇ ਫੁੱਟਕਲ ਜਾਣਕਾਰੀ | 150/- |
| ਕਚਹਿਰੀ ਸ਼ਬਦ ਕੋਸ਼ | 150/- |
| ਮਸਤਾਨਾ ਮੋਟਰ ਮਿਸਤਰੀ/*ਪ੍ਰੇਮ ਸਿੰਘ ਮਸਤਾਨਾ* | 40/- |
| ਨਿਊਜ਼ੀਲੈਂਡ ਕਿਵੇਂ ਜਾਈਏ/*ਜਤਿੰਦਰ ਪੰਜਤੂਰੀ* | 40/- |
| ਪੰਜਾਬੀ ਭਾਸ਼ਾ ਦਾ ਅਧਿਆਪਨ/*ਪ੍ਰੋ. ਇਕਬਾਲ ਸਿੰਘ* | 70/- |
| ਅਮਰੀਕਾ ਕਿਵੇਂ ਜਾਈਏ/*ਜਤਿੰਦਰ ਪੰਜਤੂਰੀ* | 50/- |
| ਇੰਜੀਨੀਅਰਿੰਗ ਕੋਰਸਾਂ ਵਿੱਚ ਦਾਖਲਾ ਕਿਵੇਂ | 80/- |
| ਟੈਲੀਵਿਜ਼ਨ/*ਸੀ.ਪੀ. ਕੰਬੋਜ* | 20/- |
| ਮੋਬਾਇਲ ਫੋਨ/*ਸੀ.ਪੀ. ਕੰਬੋਜ* | 20/- |
| ਕੰਪਿਊਟਰ/*ਸੀ.ਪੀ. ਕੰਬੋਜ* | 20/- |
| ਰੋਬੋਟ/*ਸੀ.ਪੀ. ਕੰਬੋਜ* | 20/- |
| ਸੰਚਾਰ ਦੇ ਸਾਧਨ/*ਸੀ.ਪੀ. ਕੰਬੋਜ* | 20/- |
| ਸੂਚਨਾ ਦਾ ਅਧਿਕਾਰ ਕਾਨੂੰਨ-2005 | 20/- |
| ਆਓ ਕੰਪਿਊਟਰ ਸਿੱਖੀਏ/*ਕ੍ਰਿਪਾਲ ਸਿੰਘ ਪੰਨੂ* | 50/- |
| ਜਨਰਲ ਨਾਲਿਜ/*ਹਰਬੰਸ ਸਿੰਘ ਵਾਰਵਲ* | 50/- |

**※ ਡਾ. ਅਜੀਤਪਾਲ ਐਮ. ਡੀ. ਦੁਆਰਾ ਲਿਖੀਆਂ ਪੁਸਤਕਾਂ**

| | |
|---|---|
| ਅਜੋਕਾ ਸਭਿਆਚਾਰ ਬੇਨਕਾਬ | 50/- |
| ਸਾਮਰਾਜੀ ਝੱਖੜ | 80/- |
| ਸਾਮਰਾਜ ਦੇ ਮਾਰੂ ਪ੍ਰਭਾਵ | 70/- |
| ਸਾਮਰਾਜੀ ਜੋਕਾਂ | 100/- |
| ਵਿਸ਼ਵਵਿਆਪੀ ਆਰਥਿਕ ਮੰਦੀ | 100/- |
| ਕਿਵ ਕੂੜੈ ਤੁਟੈ ਪਾਲਿ | 100/- |
| ਜੰਜ਼ੀਰਾਂ ਬਨਾਮ ਮੇਹਨਕਸ਼ | 100/- |
| ਵਪਾਰੀਕਰਨ ਦੇ ਦੁਰਪ੍ਰਭਾਵ | 100/- |
| ਮੌਜੂਦਾ ਵਿਕਾਸ ਬਨਾਮ ਮੇਹਨਤਕਸ਼ | 100/- |
| ਪੂੰਜੀਵਾਦ ਦਾ ਵਿਨਾਸ਼ ਜਰੂਰੀ | 100/- |
| ਕਟਿਹਰੇ 'ਚ ਰਾਜਨੀਤੀ | 100/- |
| ਦਾਗੀ ਰਾਜਨੀਤੀ ਦੇ ਨਾਇਕ | 100/- |
| ਆਲਮੀ ਤਪਸ਼ ਤੇ ਮਹਿੰਗਾਈ | 100/- |

**200 ਰੁਪੈ ਤੋਂ ਉੱਪਰ ਦੀਆਂ ਕਿਤਾਬਾਂ ਮੰਗਵਾਉਣ 'ਤੇ ਡਾਕ ਖਰਚ ਨਹੀਂ ਲੱਗੇਗਾ**

**※ ਪ੍ਰੋ. ਕਿਸ਼ਨ ਸਿੰਘ ਦੁਆਰਾ ਲਿਖੀਆਂ ਪੁਸਤਕਾਂ**

| | |
|---|---|
| ਆਜ਼ਾਦ ਔਰਤ | 50/- |
| ਆਦਮ ਜਾਤ ਦਾ ਮਸਲਾ ਤੇ ਸਾਹਿਤ | 70/- |
| ਇਨਕਲਾਬੀ ਵਿਰਸਾ | 70/- |
| ਵਾਰ ਮਲ੍ਹਾਰ ਦੀ ਮਹਲਾ੧ ਅਤੇ ਆਸਾ ਦੀ ਵਾਰ | 100/- |
| ਵਾਰ ਮਾਝ ਅਤੇ ਸਿਧ ਗੋਸਟਿ | 100/- |

**※ ਓਮ ਪ੍ਰਕਾਸ਼ ਗਾਸੋ ਦੁਆਰਾਂ ਲਿਖੀਆਂ ਪੁਸਤਕਾਂ**

| | |
|---|---|
| ਤਾਂਬੇ ਦਾ ਰੰਗ | 20/- |
| ਮੌਤ ਦਰ ਮੌਤ | 30/- |
| ਬੰਦ ਗਲੀ ਦੇ ਬਸ਼ਿੰਦੇ | 30/- |
| ਰੱਤਾ ਥੇਹ | 30/- |
| ਘਰਕੀਣ | 30/- |
| ਮਿੱਟੀ ਦਾ ਮੁੱਲ | 30/- |
| ਅਰਥਾਤ | 30/- |
| ਇਤਫ਼ਾਕ | 30/- |
| ਜੁਆਬ ਦੇਹ ਕੌਣ | 30/- |
| ਤੁਰਦਿਆਂ ਤੁਰਦਿਆਂ | 30/- |
| ਮਲਵਈ ਸੱਭਿਆਚਾਰ | 30/- |
| ਪੰਜਾਬੀ ਦਿੱਖ ਤੇ ਦਰਸ਼ਨ | 30/- |
| ਫਲੋਰੈਂਜਨੀ ਦੇ ਫੁੱਲ | 25/- |
| ਜ਼ਿੰਦਗੀ ਦੀ ਸੌਗਾਤ | 50/- |

**※ ਨਾਵਲ**

| | |
|---|---|
| ਰਿਸ਼ਤਿਆਂ ਦੇ ਰੰਗ/*ਇੰਦਰ ਸਿੰਘ ਖ਼ਾਮੋਸ਼* | 15/- |
| ਕਰਜ਼ਈ ਸੁਪਨੇ/*ਇੰਦਰ ਸਿੰਘ ਖ਼ਾਮੋਸ਼* | 25/- |
| ਕੋਲਿਆਂ ਦੇ ਦਲਾਲ/*ਕੌਰ ਚੰਦ ਰਾਹੀ* | 20/- |
| ਵਾ ਵਰੋਲੇ/*ਬੀਰ ਇੰਦਰ ਸਿੰਘ ਢਿੱਲੋਂ* | 25/- |
| ਵਿੰਗ ਤੜਿੰਗੇ ਰਾਹ/*ਪ੍ਰੋ. ਹਰਭਜਨ ਸਿੰਘ* | 40/- |
| ਸ਼ਰੀਕ/*ਨਛੱਤਰ ਭੁਟੀਕਾ* | 30/- |
| ਕਾਤਿਲ ਕੌਣ (ਜਸੂਸੀ ਨਾਵਲ)/*ਰਮਨਪਾਲ ਰਿਸ਼ੀ* | 20/- |
| ਇੱਕ ਸੀ ਸਰੀਫ਼ਾਂ/*ਸਰਦੂਲ ਸਿੰਘ ਦਰਦ* | 20/- |
| ...ਤੇ ਲਹੂ ਵਹਿੰਦਾ ਰਿਹਾ/*ਡਾ. ਬਿੱਲੂ ਰਾਇਸਰ* | 30/- |
| ਮਰਜੀਵੜਾ/*ਕਰਤਾਰ ਸਿੰਘ ਮਾਨ* | 150/- |
| ਗਲੀ ਨੰ: 4/*ਬਿਕਰਮਜੀਤ ਨੂਰ* | 50/- |
| ਰਾਹੂਕੇਤੂ/*ਬਾਬੂ ਸਿੰਘ ਬਰਾੜ* | 40/- |
| ਪਾਪੀ/*ਬਿਕਰਮਜੀਤ ਨੂਰ* | 20/- |
| ਸਰਕਲ/*ਗੁਰਪ੍ਰੀਤ ਸਿਹਜੀ* | 30/- |
| ਯਾਦਾਂ ਦਾ ਪੁਤਲਾ/*ਧਰਮਿੰਦਰ ਬਾਵਾ* | 50/- |
| ਬਲਦੇ ਸ਼ਿਵਿਆਂ ਦਾ ਸੇਕ/*ਪ੍ਰੋ. ਹਰਭਜਨ* | 100/- |
| ਕੌਣ ਜਿੱਤਿਆ/*ਹਰਚੰਦ ਗਿੱਲ ਮਿਆਣੀ* | 30/- |
| ਪਿੱਪਲ ਵਾਲਾ ਮੋੜ/*ਜੀਤ ਸਿੰਘ ਸੰਧੂ* | 40/- |
| ਜੱਟ ਦੀ ਜੂਨ/*ਡਾ. ਰਾਜ ਕੁਮਾਰ ਗਰਗ* | 20/- |
| ਰੂਪ ਦੇ ਰੰਗ/*ਬਾਬੂ ਸਿੰਘ ਬਰਾੜ* | 40/- |
| ਦਿਨ ਚੜ੍ਹਨ ਤੱਕ/*ਜੀਤ ਸਿੰਘ ਸੰਧੂ* | 30/- |
| ਚਿਹਰੇ/*ਮਹਿੰਦਰ ਪਾਲ ਸਿੰਘ ਧਾਲੀਵਾਲ* | 100/- |
| ਵੈਰਨ ਵਲਾਇਤ | 50/- |

**※ ਹਾਸ ਵਿਅੰਗ**

| | |
|---|---|
| ਡੰਗ ਅਤੇ ਚੋਭਾਂ/*ਕੁਲਵੰਤ ਰਾਏ ਸ਼ਰਮਾ* | 10/- |
| ਪਰਵਾਸੀ ਧੰਦੇ/*ਕੁਲਵੰਤ ਰਾਏ ਸ਼ਰਮਾ* | 10/- |
| ਮੇਰੇ ਸ਼ਾਗਿਰਦ/*ਕੁਲਵੰਤ ਰਾਏ ਸ਼ਰਮਾ* | 20/- |
| ਟੋਟਕੇ ਭੰਡਾਂ ਦੇ/*ਬੂਟਾ ਸਿੰਘ ਚੌਹਾਨ* | 40/- |
| ਹੋਰ ਫਿਰ/*ਨਿਰੰਜਨ ਸ਼ਰਮਾ* | 30/- |
| ਚੱਲ ਗਿਆ ਤੀਰ ਨਹੀਂ ਤੁੱਕਾ/*ਗੁਰਦੇਵ ਸਿੰਘ ਗਿੱਲ* | 20/- |
| ਰੋਵਤੁ ਜਾਇ ਸੁ ਹਸੈ/*ਜਸਵੰਤ ਸਿੰਘ ਅਗਿਆਨੀ* | 15/- |
| ਮਸਲਾ ਲਟਕ ਗਿਆ/*ਮੰਗਤ ਕੁਲਜਿੰਦ* | 40/- |
| ਹੱਸ ਪੈਂਬੀ/*ਮੰਗਤ ਕੁਲਜਿੰਦ* | 30/- |



### ❊ ਸਫ਼ਰਨਾਮੇ

| | |
|---|---|
| ਮੇਰੀ ਡੈਨਮਾਰਕ ਫੇਰੀ/ਕੇ. ਐਲ. ਗੋਇਲ | 20/- |
| ਮੇਰੀ ਧਰਤੀ ਮੇਰੇ ਲੋਕ(ਭਾਰਤ ਯਾਤਰਾ)/ਰਾਮ ਮੂਰਤ | 25/- |
| ਪਰਿਕਰਮਾ (ਦੱਖਣੀ ਭਾਰਤ ਯਾਤਰਾ) | 15/- |
| ਗੌਤਮ ਦੀ ਗੋਦ (ਨਿਪਾਲ ਯਾਤਰਾ) | 15/- |
| ਪਤਾਲ (ਅਮਰੀਕਾ ਕਨੈਡਾ ਯਾਤਰਾ) | 30/- |
| ਦੀਰਾ ਟਾਵਰ (ਡੁਬਈ ਯਾਤਰਾ)/ਰਾਮ ਮੂਰਤ ਸਿੰਘ | 30/- |
| ਪੂਰਬੀ ਬੂਹਾ (ਸਿੰਘਾਪੁਰ ਯਾਤਰਾ)/ਰਾਮ ਮੂਰਤ ਸਿੰਘ | 30/- |
| ਪੱਥਰ ਬੋਲਦੇ ਹਨ/ਰਾਮ ਮੂਰਤ ਸਿੰਘ | 40/- |
| ਬੇਗਾਨੀ ਧਰਤੀ ਆਪਣੇ ਲੋਕ/ਮੇਘ ਰਾਜ ਮਿੱਤਰ | 40/- |
| ਧਰਤੀ ਦੇ ਆਰ ਪਾਰ /ਮੰਗਤ ਕੁਲਜਿੰਦ | 30/- |
| ਵੱਖਰੀ ਧਰਤੀ ਵੱਖਰੇ ਲੋਕ/ਹਰਭਜਨ ਹਲਵਾਰਵੀ | 30/- |
| ਮੇਰੀ ਅਮਰੀਕਾ ਫੇਰੀ/ਨਿੰਦਰ ਘੁਗਿਆਣਵੀ | 30/- |
| ਅੱਖੀਂ ਦੇਖ ਨਾ ਰੱਜੀਆਂ/ਨਿਰਪਾਲ ਜਲਾਲਦੀਵਾਲ | 30/- |
| ਸੁਨਹਰੀ ਦਿਨਾਂ ਦਾ ਸਫ਼ਰ/ਹਰਭਜਨ ਹਲਵਾਰਵੀ | 30/- |




### ❊ ਜੀਵਨੀਆਂ

| | |
|---|---|
| ਵਡਮੁੱਲਾ ਪਾਰਸ/ਨਿੰਦਰ ਘੁਗਿਆਣਵੀ | 50/- |
| ਧਰਤੀ ਪੁੱਤਰ/ਵਿਜੈ ਬੰਬੇਲੀ | 50/- |
| ਠਰੀ ਚਾਨਣੀ ਦਾ ਗੀਤ/ਡਾ. ਅਮਰ ਕੋਮਲ | 30/- |
| ਗੁਰਪਾਲ ਸਿੰਘ ਪਾਲ ਦਾ ਗਾਇਕੀ ਸਫ਼ਰ | 30/- |
| ਪਰਜਾ ਮੰਡਲ ਦਾ ਜਾਂਬਾਜ ਭਗਵਾਨ ਸਿੰਘ | 50/- |
| ਜਿੰਨੀ ਰਾਹੀਂ ਮੈਂ ਤੁਰਿਆ/ਗੁਰਬਖ਼ਸ਼ ਸਿੰਘ ਰਾਹੀ | 50/- |
| ਸੱਚੇ ਦਿਲੋਂ/ਨਿੰਦਰ ਘੁਗਿਆਣਗੀ | 30/- |
| ਟੁਸੇ ਦੀ ਟਹਿਕ/ਸੀ. ਮਾਰਕੰਡਾ | 150/- |
| ਪੰਜਾਬ ਦੇ ਸੱਗੀ ਫੁੱਲ/ਬਲਜਿੰਦਰ ਮਾਨ | 50/- |
| ਮੇਰਾ ਪਿੰਡ ਬਹਾਦਰਪੁਰ/ਰਣਜੀਤ ਸਿੰਘ | 60/- |
| ਭਾਈ ਰੂਪ ਚੰਦ ਜੀ/ਗਿਆਨੀ ਪ੍ਰੀਤਮ ਸਿੰਘ | 100/- |
| ਹਰਨਾਮ ਦਾਸ ਸਹਿਰਾਈ/ਨਿੰਦਰ ਘੁਗਿਆਣਵੀ | 50/- |
| ਸਤਰੰਗੀ ਸਿਆਸਤ/ਜਗਸੀਰ ਪੱਖੀ | 50/- |
| ਬਾਬਾ ਫਰੀਦ ਸ਼ੱਕਰ ਗੰਜ/ਪ੍ਰੋ. ਗੁਰਮੀਤ ਟਿਵਾਣਾ | 50/- |
| ਹਨੇਰੇ 'ਚ ਚਾਨਣ ਦੀ ਲੋਅ-ਡਾ. ਰਮੇਸ਼/ਰਣਜੀਤ | 150/- |
| ਭਾਈ ਰੂਪ ਚੰਦ/ਹਰਚਰਨ ਸਿੰਘ | 100/- |
| ਝੱਖੜਾਂ 'ਚ ਵਗਦਾ ਦਰਿਆ/ਰਣਜੀਤ ਪ੍ਰੀਤ | 100/- |
| ਸੁਰਾਂ ਦੇ ਵਾਰਿਸ/ਸਵਰਨ ਟਹਿਣਾ | 150/- |
| ਜੀਵਨੀ ਗੁਰੂ ਹਰਗੋਬਿੰਦ ਜੀ/ਗੁਰਚਰਨ ਕੌਰ | 125/- |
| ਹਰਦਿਆਲ ਚੰਦ ਜੈਦਕਾ/ਤੋਤਾ ਸਿੰਘ ਦੀਨਾ | 100/- |










### ❊ ਕੁਟੇਸ਼ਨਾਂ

| | |
|---|---|
| ਵਿਚਾਰ ਦਰਸ਼ਨ/ਡਾ. ਅਮਰ ਕੋਮਲ | 30/- |
| ਕਤਰਾ ਕਤਰਾ ਸਮੁੰਦਰ/ਡਾ. ਅਮਰ ਕੋਮਲ | 40/- |
| ਜ਼ਿੰਦਗੀ ਦੇ ਸਿਰਨਾਵੇਂ/ਡਾ. ਅਮਰ ਕੋਮਲ | 40/- |
| ਜੀਵਨ ਸੋਝੀ | 30/- |



### ❊ ਨਾਟਕ

| | |
|---|---|
| ਸੱਤੀ ਵੀਹੀਂ ਸੌ/ਪ੍ਰੋ. ਸਰਬਜੀਤ | 20/- |
| ਸੂਰਜ ਡੁੱਬਣ ਤੋਂ ਬਾਅਦ/ਜੋਗੇ ਭੰਗਲ | 15/- |
| ਸੀਤਾਇਣ/ਡਾ. ਪ੍ਰੀਤਮ ਸੈਨੀ | 20/- |
| ਗਾਥਾ ਕਾਲੇ ਪਾਣੀਆਂ ਦੀ/ਹਰਨੇਕ ਚੌਧਰੀ | 40/- |
| ਸਜ਼ਾ ਸੱਚ ਨੂੰ/ਬਾਰੂ ਸਤਵਰਗ | 20/- |
| ਜੀਵਨ ਦੇ ਰੰਗ ਮੰਚ ਤੇ/ਗੁਰਚਰਨ ਚਪਰਚਿੜੀ | 50/- |




### ❊ ਸੱਭਿਆਚਾਰ/ਕਵੀਸ਼ਰੀ

| | |
|---|---|
| ਪੰਜਾਬੀ ਗਾਇਕੀ ਤੇ ਪ੍ਰਮੁੱਖ ਸਰੋਕਾਰ/ਮਾਲੜੀ | 30/- |
| ਮਾਡਰਨ ਜੁਗਨੀ/ਮਨਜੀਤ ਸਿੰਘ ਸਾਗਰ | 30/- |
| ਮੇਰੀ ਮਿੱਟੀ ਮੇਰੇ ਲੋਕ-ਪਿੰਡ ਖੁੱਡੀ ਕਲਾਂ/ਰਾਮਸਰੂਪ | 30/- |
| ਕਵੀਸ਼ਰੀ ਮਾਰਤੰਡ/ਕਰਤਾਰ ਸਿੰਘ ਬੱਧਨੀ ਵਾਲੇ | 600/- |
| ਸਿੱਖੀ ਕਾਵਿ/ਬਾਬੂ ਰਜਬ ਅਲੀ | 280/- |
| ਬਾਬੂ ਰਜਬ ਅਲੀ ਦੀ ਚੋਣਵੀਂ ਕਵਿਤਾ | 200/- |

## ਘਰ ਬੈਠੇ ਹੀ ਫ਼ੋਨ ਰਾਹੀਂ ਕਿਤਾਬਾਂ ਮੰਗਵਾਓ

### ❊ ਕਹਾਣੀਆਂ

| | |
|---|---|
| ਕਣੀਆਂ/ਰਾਮ ਮੂਰਤ ਸਿੰਘ | 10/- |
| ਕਿਊੜੇ ਦੀ ਮਹਿਕ/ਚੇਤਨ ਸਿੰਘ | 20/- |
| ਨਿਰਾਲਾ ਦੀਆਂ ਚੋਣਵੀਆਂ ਕਹਾਣੀਆਂ | 30/- |
| ਇਤਹਾਸ ਦੇ ਖਾਲੀ ਪੰਨੇ/ਨਿੰਦਰ ਘੁਗਿਆਣਵੀ | 30/- |
| ਸੁਪਨੇ ਤੇ ਸੰਤਾਪ (ਅਮਰੀਕੀ ਕਹਾਣੀਆਂ) | 50/- |
| ਅਣਗੌਲੇ ਆਦਮੀ/ਗੁਰਮੇਲ ਮਡਾਹੜ | 30/- |
| ਕੱਚੇ ਕੋਠਿਆਂ ਦੇ ਵਾਸੀ/ਗੁਰਮੇਲ ਮਡਾਹੜ | 30/- |
| ਜਾਗਦੇ ਲੋਕ/ਗੁਰਮੇਲ ਮਡਾਹੜ | 30/- |
| ਧਰਤੀ ਲਹੂ ਲੁਹਾਣ/ਗੁਰਮੇਲ ਮਡਾਹੜ | 30/- |
| ਜੰਗ ਜਾਰੀ ਹੈ/ਗੁਰਮੇਲ ਮਡਾਹੜ | 30/- |
| ਵਿਵਰਜਿਤ ਪੁਸਤਕ/ਸੁਲੱਖਣ ਮੀਤ (ਪ੍ਰੋ:) | 30/- |
| ਕੇਸੂ ਦੀ ਟਹਿਕ/ਗੁਰਪਾਲ ਸਿੰਘ ਨੂਰ | 30/- |
| ਅਹਿਸਾਸ/ਸਵਰਨ ਸਿੰਘ ਟਹਿਣਾ | 25/- |
| ਚਿੜੀਆਂ ਦਾ ਚੰਬਾ/ਭੁਪਿੰਦਰ ਸਿੰਘ ਬੇਦੀ | 50/- |
| ਮਿਲਿ ਕੈ ਕਰਹ ਕਹਾਣੀਆ/ਭੁਪਿੰਦਰ ਸਿੰਘ ਬੇਦੀ | 50/- |
| ਅੰਦਰਲੀਆਂ ਲਾਸਾਂ/ਸੁਲੱਖਣ ਮੀਤ (ਪ੍ਰੋ:) | 30/- |
| ਦਾਨਾ ਦੁਸ਼ਮਣ/ਸੁਲੱਖਣ ਮੀਤ (ਪ੍ਰੋ:) | 30/- |
| ਸ੍ਵਣੀ ਸੁਣੀ ਕਹਾਣੀਆਂ/ਜਸਵੰਤ ਅਗਿਆਨੀ | 20/- |
| ਨਰਕ ਕੁੰਡ/ਅਜਮੇਰ ਸਿੱਧੂ | 15/- |
| ਢਲਦੀ ਦੁਪਹਿਰ/ਭੋਲਾ ਸਿੰਘ ਸੰਘੇੜਾ | 50/- |
| ਅੱਲ੍ਹੇ ਜ਼ਖ਼ਮ/ਗੁਰਮੇਲ ਸਿੰਘ ਚਾਹਲ | 20/- |
| ਬਦਲਦੀ ਸੋਚ/ਅਮਨ ਰਣਜੀਤ | 10/- |
| ਲੱਪ ਚਿਣਗਾਂ ਦੀ/ਸ਼ਿਵ ਇੰਦਰ ਸਿੰਘ | 50/- |
| ਕਾਹੀ ਵੱਢ/ਜੋਗੇ ਭੰਗਲ | 50/- |
| ਚਿੜੀਆਂ/ਪਰਮਜੀਤ ਪੰਮਾ ਪੇਂਟਰ | 30/- |
| ਲੇਖਾ/ਬੂਟਾ ਸਿੰਘ ਧਾਲੀਵਾਲ | 30/- |
| ਪੰਖ ਪਿੰਜਰਾ ਦੇ ਪਰਵਾਸ/ਪ੍ਰੋ. ਹਰਭਜਨ ਸਿੰਘ | 100/- |
| ਅਮਰ ਕਹਾਣੀਆਂ/ਡਾ. ਅਮਰ ਕੋਮਲ | 50/- |
| ਸਿਲਤ/ਸੁਰਿੰਦਰ ਬਰਾੜ | 50/- |
| ਆਦਿ ਅੰਤ/ਅਮਰ ਕੋਮਲ | 100/- |
| ਚੁੱਪ ਦੇ ਬੋਲ/ਭੁਪਿੰਦਰ 'ਜੈਤੋ' | 30/- |
| ਅਸੀਂ ਤੁਸੀਂ/ਡਾ. ਅਮਰ ਕੋਮਲ | 50/- |
| ਸੋਨ ਮਿਰਗ ਦੀ ਵਾਰਤਾ/ਜਸਪਾਲ ਸਿੰਘ ਮਾਨ | 50/- |
| ਕਮਜ਼ੋਰ ਪ੍ਰਮਾਤਮਾ/ਪ੍ਰਗਟ ਸਿੰਘ ਜੰਬਰ | 50/- |
| ਖਰੀਆਂ ਖਰੀਆਂ/ਅਮਰੀਕ ਤਲਵੰਡੀ | 50/- |
| ਹਾਰੀ ਜੰਗ ਦਾ ਨਾਇਕ/ਗੁਰਚਰਨ ਨੂਰਪੁਰ | 30/- |
| ਘੋੜੇ ਵਾਲਾ ਚੌਂਕ/ਅਮਰੀਕ ਤਲਵੰਡੀ | 50/- |
| ਗਮਾਂ ਦੀ ਪੰਡ/ਪ੍ਰਿੰ. ਗੁਰਦੇਵ ਸਿੰਘ | 50/- |
| ਵਿਲਕਦੀ ਗਰੀਬੀ/ਪ੍ਰਿੰ. ਗੁਰਦੇਵ ਸਿੰਘ | 50/- |
| ਰਿਸ਼ਤਿਆਂ ਦਾ ਕਤਲ/ਡਾ. ਹਰੀਸ਼ ਮਲਹੋਤਰਾ | 70/- |
| ਰਹਿਮਤੇ /ਪ੍ਰਿੰ. ਗੁਰਦੇਵ ਸਿੰਘ | 125 /- |
| ਪਾਰੋ /ਪ੍ਰਿੰ. ਗੁਰਦੇਵ ਸਿੰਘ | 125 /- |
| ਓਪਰਾ ਖੇਤ /ਦਰਸ਼ਨ ਸਿੰਘ ਗੁਰੂ | 100 /- |
| ਧੂੰਏਂ ਹੇਠਲੀ ਅੱਗ /ਦਰਸ਼ਨ ਸਿੰਘ ਗੁਰੂ | 120 /- |

**ਤੁਸੀਂ ਕੋਈ ਪੁਸਤਕ ਹੁਣ ਘਰ ਬੈਠੇ ਹੀ ਫ਼ੋਨ ਕਰਕੇ ਵੀਪੀਪੀ ਰਾਹੀਂ ਮੰਗਵਾ ਸਕਦੇ ਹੋ**

**ਸਾਡੇ ਨੰਬਰ ਹਨ :**

**01679-241744, 233244**

**ਨੋਟ : 200 ਰੁਪੈ ਦੀ ਕੀਮਤ ਤੋਂ ਉੱਪਰ ਦੀਆਂ ਕਿਤਾਬਾਂ ਮੰਗਵਾਉਣ 'ਤੇ ਹੁਣ ਡਾਕ ਖਰਚ ਵੀ ਨਹੀਂ ਲੱਗੇਗਾ।**

# ਸ਼ੰਕਾ ਨਵਿਰਤੀ....?

## ✪ ਨਾਰੀਅਲ ਵਿਚੋਂ ਮੇਖਾਂ ਕਿਵੇਂ?

ਬੰਬਈ ਤੋਂ ਕੁਲਦੀਪ ਕੌਰ ਕਹਿਣ ਲੱਗੀ ਜਦੋਂ ਤਾਂ ਮੈਂ ਪੰਜਾਬ ਵਿਚ ਸੀ ਤਾਂ ਇੱਥੇ ਤਾਂ ਤਰਕਸ਼ੀਲ ਕਿਤਾਬਾਂ ਪੜ੍ਹਨ ਨੂੰ ਮਿਲ ਹੀ ਜਾਂਦੀਆਂ ਸਨ ਜਿਸ ਨਾਲ ਅੰਧਵਿਸ਼ਵਾਸਾਂ ਦਾ ਜਾਲਾ ਲਗਾਤਾਰ ਸਾਫ਼ ਹੁੰਦਾ ਰਹਿੰਦਾ ਸੀ ਪਰ ਵਿਆਹ ਕਾਰਨ ਬੰਬਈ ਰਹਿਣਾ ਮੇਰੀ ਮਜ਼ਬੂਰੀ ਬਣ ਗਈ।

ਇੱਥੇ ਤਾਂ ਰੋਜ ਹੀ ਨਵੇਂ ਤੋਂ ਨਵਾਂ ਅੰਧਵਿਸਵਾਸ ਆਉਂਦਾ ਹੀ ਰਹਿੰਦਾ ਹੈ ਜਿਸ ਨਾਲ ਮਨ ਡਾਵਾਂ ਡੋਲ ਹੋ ਜਾਂਦਾ ਹੈ। ਕਲ੍ਹ ਹੀ ਹਵਨ ਸਮੇਂ ਨਾਰੀਅਲ ਜਦੋਂ ਤੋੜੇ ਗਏ ਤਾਂ ਮੇਰੀਆਂ ਅੱਖਾਂ ਸਾਹਮਣੇ ਉਨ੍ਹਾਂ ਵਿਚੋਂ ਮੇਖਾਂ ਪ੍ਰਗਟ ਹੋ ਗਈਆਂ। ਤੁਸੀਂ ਹੀ ਦੱਸੋ ਕਿ ਮੇਖਾਂ ਕਿਥੋਂ ਆ ਗਈਆਂ?

ਅਸਲ ਵਿਚ ਨਾਰੀਅਲ ਦੇ ਫਲ ਜਿਸ ਸਥਾਨ ਤੋਂ ਬੂਟੇ ਦੀ ਟਾਹਣੀ ਨਾਲ ਜੁੜੇ ਹੁੰਦੇ ਹਨ ਉਸ ਸਥਾਨ ਤੋਂ ਬੂਟੇ ਦੀ ਖੁਰਾਕ ਨਾਰੀਅਲ ਦੇ ਫਲ ਵਿਚ ਜਾਂਦੀ ਰਹਿੰਦੀ ਹੈ ਜਿਸ ਨਾਲ ਫਲ ਵਧਦਾ ਰਹਿੰਦਾ ਹੈ। ਟੁੱਟਣ ਸਮੇਂ ਇਸ ਸਥਾਨ ਤੇ ਤਿੰਨ ਨਿਸ਼ਾਨ ਬਣ ਜਾਂਦੇ ਹਨ ਜਿਨ੍ਹਾਂ ਨੂੰ ਨਾਰੀਅਲ ਦੀਆਂ ਅੱਖਾਂ ਵੀ ਕਿਹਾ ਜਾਂਦਾ ਹੈ। ਇਨ੍ਹਾਂ ਅੱਖਾਂ ਵਿਚੋਂ ਕਿਸੇ ਇੱਕ ਰਾਹੀ ਫਲ ਵਿਚ ਮੇਖਾਂ ਜਾਂ ਕੋਈ ਹੋਰ ਸਮੱਗਰੀ ਦਖਲ ਕਰਵਾ ਦੇਣੀ ਮਾਮੂਲੀ ਜਿਹਾ ਕੰਮ ਹੀ ਹੁੰਦਾ ਹੈ। ਚਲਾਕ ਲੋਕ ਸਧਾਰਣ ਲੋਕਾਂ ਨੂੰ ਗੁਮਰਾਹ ਕਰਨ ਲਈ ਜਾਂ ਉਨ੍ਹਾਂ ਤੇ ਆਪਣੀ ਕਾਬਲੀਅਤ ਦਾ ਪ੍ਰਭਾਵ ਪਾਉਣ ਲਈ ਅਜਿਹੀਆਂ ਚਲਾਕੀਆਂ ਦਾ ਇਸਤੇਮਾਲ ਕਰਦੇ ਹਨ। ਇਸ ਤਰ੍ਹਾਂ ਕਿਸੇ ਵਿਅਕਤੀ ਦੀ ਜੇਬ ਵਿਚੋਂ ਪੈਸਾ ਕਢਵਾਉਣਾ ਵੀ ਆਸਾਨ ਹੋ ਜਾਂਦਾ ਹੈ।

## ✪ ਕੁਲੂ ਦੇ ਇੱਕ ਮੰਦਰ ਵਿਚ ਭੂਤਾਂ ਕਿਵੇਂ ਆ ਜਾਂਦੀਆਂ ਹਨ?

ਹਿਮਾਚਲ ਪ੍ਰਦੇਸ਼ ਅਜਿਹਾ ਰਾਜ ਹੈ ਜਿੱਥੇ ਹਿੰਦੂ ਆਬਾਦੀ ਦੂਸਰੇ ਰਾਜਾਂ ਦੇ ਮੁਕਾਬਲੇ ਜ਼ਿਆਦਾ ਹੈ, ਸਿੱਟੇ ਵਜੋਂ ਇੱਥੇ ਅੰਧ ਵਿਸ਼ਵਾਸ ਜ਼ਿਆਦਾ ਹਨ। ਭਾਰਤੀ ਜਨਤਾ ਪਾਰਟੀ ਦਾ ਵੀ ਯਤਨ ਹੈ ਕਿ ਪ੍ਰਾਚੀਨ ਭਾਰਤੀ ਸੰਸਕ੍ਰਿਤੀ ਨਾਲ ਜੋੜ ਕੇ ਅੰਧਵਿਸ਼ਵਾਸਾਂ ਨੂੰ ਕਾਇਮ ਰੱਖਿਆ ਜਾਵੇ।

ਇਸ ਲਈ ਉਥੋਂ ਦੀਆਂ ਕਲਪਿਤ ਪਰੀ ਕਹਾਣੀਆਂ ਨੂੰ ਸੱਚ ਦੇ ਰੂਪ ਵਿਚ ਪੇਸ਼ ਕੀਤਾ ਜਾ ਰਿਹਾ ਹੈ। ਕੁਲੂ ਦੇ ਮੰਦਰ ਦੀਆਂ ਭੂਤਾਂ ਦੀ ਵੀ ਕਹਾਣੀ ਪ੍ਰਾਚੀਨ ਭਾਰਤੀ ਸੰਸਕ੍ਰਿਤੀ ਵਿਚੋਂ ਲੈ ਕੇ ਇਸ ਨੂੰ ਇਤਿਹਾਸ ਬਣਾਉਣ ਦਾ ਯਤਨ ਹੈ। ਮੰਦਰ ਵਿਚ ਪੁਜਾਰੀ ਲਈ ਚੜ੍ਹਾਵੇ ਦੀ ਲੋੜ ਹੈ। ਹਰ ਪੁਜਾਰੀ ਦਾ ਯਤਨ ਹੁੰਦਾ ਹੈ ਕਿ ਉਸਦੇ ਮੰਦਰ ਦੀ ਜਿੰਨੀ ਵੱਧ ਤੋਂ ਵੱਧ ਮੰਨਤਾ ਹੋਵੇਗੀ ਉਨਾ ਹੀ ਵੱਧ ਉਸਦੇ ਮੰਦਰ ਵਿਚ ਚੜ੍ਹਾਵਾ ਚੜ੍ਹੇਗਾ। ਇਸ ਲਈ ਚੜ੍ਹਾਵਾ ਵਧਾਉਣ ਲਈ ਪੁਜਾਰੀ ਕਲਪਿਤ ਗੱਲਾਂ ਨੂੰ ਅਸਲੀਅਤ ਵਜੋਂ ਪੇਸ਼ ਕਰਨਾ ਸ਼ੁਰੂ ਕਰ ਦਿੰਦਾ ਹੈ। ਇਸ ਕੰਮ ਲਈ ਜੇ ਉਸਨੂੰ ਕੁਝ ਚਲਾਕੀ ਵੀ ਕਰਨੀ ਪਵੇ ਜਾਂ ਕਦੇ ਝੂਠ ਵੀ ਬੋਲਣਾ ਪਵੇ ਤਾਂ ਵੀ ਉਹ ਇਸਨੂੰ ਜਾਇਜ਼ ਹੀ ਸਮਝਦਾ ਹੈ।

ਤਰਕਸ਼ੀਲ ਸੁਸਾਇਟੀ ਭਾਰਤ ਆਪਣੇ ਇੱਕ ਕਰੋੜ ਰਾਸ਼ੀ ਦਾ ਇਨਾਮ ਇਸ ਲਈ ਪੇਸ਼ ਕਰਦੀ ਹੈ ਕਿ ਅਜਿਹੇ ਧੋਖੇਬਾਜ਼ਾਂ ਦੀ ਅਸਲੀਅਤ ਲੋਕਾਂ ਵਿਚ ਉਜਾਗਰ ਹੋਵੇ।

## ✪ ਅਸਮਾਨੀ ਬਿਜਲੀ ਕਿਵੇਂ ਪੈਦਾ ਹੁੰਦੀ ਹੈ?

*- ਕਪੂਰਥਲੇ ਤੋਂ ਬੂਟਾ ਸਿੰਘ*

ਅਸਲ ਵਿਚ ਬੱਦਲਾਂ ਦੀ ਲੰਬਾਈ, ਚੌੜਾਈ ਅਤੇ ਮੋਟਾਈ ਕਈ-ਕਈ ਮੀਲ ਹੁੰਦੀ ਹੈ ਅਤੇ ਇਹ ਪੂਰੀ ਤਰ੍ਹਾਂ ਪਾਣੀ ਦੇ ਛੋਟੇ-ਛੋਟੇ ਕਿਣਕਿਆਂ ਦਾ ਇਕੱਠਾ ਹੁੰਦਾ ਹੈ। ਜਦੋਂ ਇਹ ਕਿਣਕੇ ਆਪਸ ਵਿਚ ਟਕਰਾਉਂਦੇ ਹਨ ਤਾਂ ਇਹ ਚਾਰਜ ਹੋ ਜਾਂਦੇ ਹਨ। ਇਹ ਕਿਰਿਆ ਉਸੇ ਤਰ੍ਹਾਂ ਦੀ ਹੁੰਦੀ ਹੈ ਜਿਵੇਂ ਇੱਕ ਪੈੱਨ ਨੂੰ ਵਾਲਾਂ ਨਾਲ ਰਗੜਨ ਨਾਲ ਇਸ ਵਿਚ ਬਿਜਲੀ ਪੈਦਾ ਹੋ ਜਾਂਦੀ ਹੈ ਤੇ ਇਹ ਕਾਗਜਾਂ ਨੂੰ ਆਪਣੇ ਵੱਲ ਖਿੱਚਣ ਲੱਗ ਪੈਂਦਾ ਹੈ ਪਰ ਆਕਾਰ ਛੋਟਾ ਹੁੰਦਾ ਹੈ ਇਸ ਲਈ ਬਿਜਲੀ ਵੀ ਥੋੜ੍ਹੀ ਹੁੰਦੀ ਹੈ ਪਰ ਬੱਦਲਾਂ ਦਾ ਅਕਾਰ ਵੱਡਾ ਹੋਣ ਕਾਰਨ ਪੈਦਾ ਹੋਈ ਬਿਜਲੀ ਦੀ ਸਮਰੱਥਾ ਵੀ ਜ਼ਿਆਦਾ ਹੁੰਦੀ ਹੈ।

## ✪ ਹੀਰੇ ਕਿਵੇਂ ਬਣਦੇ ਹਨ?

ਅਸਲ ਵਿਚ ਹੀਰੇ ਕਾਰਬਨ ਦਾ ਹੀ ਇੱਕ ਰੂਪ ਹਨ। ਇਹ ਧਰਤੀ ਦੀਆਂ ਤਹਿਆਂ ਅੰਦਰ ਕਾਰਬਨ ਨੂੰ ਇੱਕ ਵਿਸ਼ੇਸ਼ ਤਾਪਮਾਨ ਤੇ ਵਿਸ਼ੇਸ਼ ਦਬਾਓ ਅਧੀਨ ਗਰਮ ਕਰਨ ਨਾਲ ਤਿਆਰ ਹੁੰਦੇ ਹਨ। ਕੁਦਰਤੀ ਹੀਰੇ $1500^0$ ਸੈਲਸੀਅਸ ਤਾਪਮਾਨ ਤੇ ਧਰਤੀ ਦੀ ਡੂੰਘਾਈ 161 ਕਿਲੋਮੀਟਰ ਹੇਠਾਂ ਬਣਦੇ ਹਨ। ਕਿਉਂਕਿ ਇਸ ਸਥਾਨ ਤੇ ਇਨ੍ਹਾਂ ਦੇ ਬਣਨ ਲਈ ਜ਼ਰੂਰੀ ਦਬਾਓ ਪੈਦਾ ਹੋ ਜਾਂਦਾ ਹੈ। ਜਦੋਂ ਕੋਈ ਜਵਾਲਾਮੁਖ ਫੱਟਦਾ ਹੈ ਤਾਂ ਇਹ ਹੀਰੇ ਲਾਵੇ ਦੇ ਨਾਲ ਨਾਲ ਹੀ ਬਾਹਰ ਆ ਜਾਂਦੇ ਹਨ ਤੇ ਧਰਤੀ ਦੇ ਉਪਰ ਖਿੰਡਾ ਦਿੱਤੇ ਜਾਂਦੇ ਹਨ। ਲਾਵੇ ਦੇ ਠੰਡੇ ਹੋਣ ਤੇ ਜਾਂ ਰਾਖ ਵਿਚ ਇਹ ਮਿਲੇ ਹੁੰਦੇ ਹਨ।

## ✪ ਕੀ ਦੋ ਮੂੰਹੇ ਸੱਪ ਹੁੰਦੇ ਹਨ?

ਰੋਪੜ ਤੋਂ ਅਸ਼ੋਕ ਕੁਮਾਰ ਨੇ ਪੁੱਛਿਆ ਹੈ ਕਿ ਕੀ ਪ੍ਰਾਕ੍ਰਿਤੀ ਵਿੱਚ ਸੱਪਾਂ ਦੀ ਅਜਿਹੀ ਨਸਲ ਵੀ ਹੁੰਦੀ ਹੈ ਜਿਸਦੇ ਦੋ ਮੂੰਹ ਹੁੰਦੇ ਹੋਣ। ਮੇਰੇ ਅਨੁਸਾਰ ਸੱਪਾਂ ਦੀ ਅਜਿਹੀ ਨਸਲ ਦਾ ਪ੍ਰਾਕਿਰਤਕ ਤੌਰ ਤੇ ਹੋਂਦ ਰੱਖਣਾ ਅਸੰਭਵ ਹੈ। ਪਰ ਸਾਰੇ ਜੀਵਾਂ ਦੇ ਜਨਮ ਸਮੇਂ ਕਈ ਵਾਰ ਦੋ ਭਰੂਣ ਜਾਂ ਵੱਧ ਇਕੱਠੇ ਹੀ ਨਿਸੇਚਤ ਹੋ ਜਾਂਦੇ ਹਨ। ਤੇ ਕਈ ਵਾਰ ਸਰੀਰ ਇਹਨਾਂ ਵਿੱਚੋਂ ਇੱਕ ਦੀ ਹੋਂਦ ਨੂੰ ਰੱਖ ਕੇ ਬਾਕੀ ਦੀਆਂ ਦੀ ਹੋਂਦ ਨੂੰ ਖ਼ਤਮ ਕਰਨ ਦਾ ਯਤਨ ਕਰਦਾ ਹੈ। ਬਹੁਤੀਆਂ ਹਾਲਤਾਂ ਵਿੱਚ ਇਹ ਖਤਮ ਵੀ ਹੋ ਜਾਂਦੀ ਹੈ ਪਰ ਕਈ ਵਾਰੀ ਕਿਸੇ ਦੂਸਰੇ ਭਰੂਣ ਦੇ ਅੰਗ ਇੱਕ ਭਰੂਣ ਵਿੱਚ ਮੌਜੂਦਾ ਰਹਿ ਜਾਂਦੇ ਹਨ। ਇਹ ਇਕ ਜਮਾਂਦਰੂ ਨੁਕਸ਼ ਹੁੰਦਾ ਹੈ। ਇਸ ਤਰ੍ਹਾਂ ਦੋ ਮੂੰਹੇ ਸੱਪ ਜਾਂ ਕਿਸੇ ਹੋਰ ਜੀਵ ਦੀਆਂ ਨੁਕਸਦਾਰ ਆਕ੍ਰਿਤੀਆਂ ਦਾ ਮਿਲ ਜਾਣਾ ਵੀ ਸੰਭਵ ਹੁੰਦਾ ਹੈ। ਅੱਜ ਕਲ ਡੱਡੂਆਂ ਤੇ ਕਈ ਹੋਰ ਜੀਵਾਂ ਦੇ ਅੰਗਾਂ ਵਿੱਚ ਬਹੁਤ ਸਾਰੇ ਨੁਕਸ ਮਿਲਣ ਦਾ ਕਾਰਨ ਪ੍ਰਦੂਸ਼ਿਤ ਪਾਣੀ ਤੇ ਵਾਤਾਵਰਣ ਹੈ। ਜੇ ਤੁਸੀਂ ਕਿਸੇ ਵੱਡੇ ਪੋਲਟਰੀ ਫਾਰਮ ਤੇ ਜਾਓ ਤਾਂ ਤੁਹਾਨੂੰ ਡਬਲ ਜ਼ਰਦੀ ਵਾਲੇ ਆਂਡੇ ਵੀ ਮਿਲ ਜਾਣਗੇ ਜਿਹੜੇ ਇਸ ਗੱਲ ਦਾ ਸਬੂਤ ਨੇ ਕਿ ਜੀਵਾਂ ਦੇ ਹੋਂਦ ਵਿੱਚ ਆਉਣ ਸਮੇਂ ਹੀ ਕੁਝ ਭਰੂਣ ਇਕੱਠੇ ਹੀ ਹੋਂਦ ਵਿੱਚ ਆਉਣਾ ਸ਼ੁਰੂ ਕਰ ਦਿੰਦੇ ਹਨ।

## ✪ ਹੀਰਿਆਂ ਦੇ ਰੰਗ ਕਿਉਂ ਅਲੱਗ ਅਲੱਗ ਹੁੰਦੇ ਹਨ?

ਹੀਰਿਆਂ ਦੇ ਰੰਗ ਦੇ ਅਨੁਸਾਰ ਬਹੁਤ ਸਾਰੀਆਂ ਵੰਨਗੀਆਂ ਮਿਲਦੀਆਂ



**'ਸ਼ੰਕਾ ਨਵਿਰਤੀ' ਕਾਲਮ ਲਈ ਆਪਣੇ ਪ੍ਰਸ਼ਨ ਹੇਠ ਲਿਖੇ ਪਤੇ ਤੇ ਭੇਜੋ :**

**ਮੇਘ ਰਾਜ ਮਿੱਤਰ**

**ਤਰਕਸ਼ੀਲ ਨਿਵਾਸ, ਗਲੀ ਨੰ. 8, ਕੇ.ਸੀ. ਰੋਡ, ਬਰਨਾਲਾ**

ਹਨ। ਕੋਈ ਹਰੇ, ਕੋਈ ਲਾਲ, ਕੋਈ ਪਿਆਜੀ ਹੁੰਦੇ ਹਨ। ਕਿਸੇ ਨੂੰ 'ਨੀਲਮ' ਕਿਸੇ ਨੂੰ 'ਪੁਖਰਾਜ' ਕਿਹਾ ਜਾਂਦਾ ਹੈ। ਇਨ੍ਹਾਂ ਦੇ ਰੰਗ ਇਨ੍ਹਾਂ ਵਿਚ ਮੌਜੂਦ ਗੈਸ ਨਾਈਟ੍ਰੋਜਨ ਦੀ ਵੱਧ ਘੱਟ ਮਾਤਰਾ ਨਾਲ ਬਦਲ ਜਾਂਦੇ ਹਨ।

**✪ ਕਹਿੰਦੇ ਹਨ ਮੋਰ ਜਦੋਂ ਪੈਲ ਪਾਉਂਦਾ ਹੈ ਤਾਂ ਮੋਰਨੀ ਉਸਦੇ ਦੁਆਲੇ ਨੱਚਦੀ ਹੈ। ਇਸ ਸਮੇਂ ਮੋਰ ਦੇ ਹੰਝੂ ਮੋਰਨੀ ਦੀਆਂ ਅੱਖਾਂ ਵਿਚ ਪੈ ਜਾਂਦੇ ਹਨ। ਜਿਸ ਕਾਰਨ ਮੋਰਨੀ ਗਰਭਵਤੀ ਹੋ ਜਾਂਦੀ ਹੈ?**

*- ਲਖਵਿੰਦਰ ਹਾਲੀ ਫਰੀਦਕੋਟ*

ਇਹ ਗੱਲ ਪੂਰੇ ਪੰਜਾਬ ਵਿਚ ਪ੍ਰਚਲਤ ਹੈ। ਅਸਲ ਵਿਚ ਇਹ ਸਾਡੇ ਪੰਜਾਬੀ ਲੋਕਾਂ ਦੀ ਅਗਿਆਨਤਾ ਕਾਰਨ ਪੈਦਾ ਹੋਈ ਹੈ। ਅਸਲ ਵਿਚ ਵਿਗਿਆਨਕਾਂ ਨੇ ਇੱਕ ਦੂਜੇ ਨਾਲ ਮਿਲਣ ਵਾਲੇ ਜਾਨਵਰਾਂ ਜਾਂ ਪੌਦਿਆਂ ਨੂੰ ਇਕ ਵਰਗ ਵਿਚ ਰੱਖਿਆ ਹੁੰਦਾ ਹੈ। ਜਿਵੇਂ ਗਧੇ, ਘੋੜੇ ਤੇ ਖੱਚਰਾਂ ਜਾਨਵਰਾਂ ਦੇ ਇਕੋ ਵਰਗ ਨਾਲ ਸਬੰਧਤ ਹਨ। ਕਿਉਂਕਿ ਇਨ੍ਹਾਂ ਦੇ ਗੁਣ ਇੱਕ ਦੂਜੇ ਨਾਲ ਮਿਲਦੇ ਜੁਲਦੇ ਹੁੰਦੇ ਹਨ। ਇਸ ਤਰ੍ਹਾਂ ਬਿੱਲੀਆਂ, ਚੀਤਿਆਂ ਤੇ ਸ਼ੇਰਾਂ ਦਾ ਵਰਗ ਇਕ ਹੀ ਹੁੰਦਾ ਹੈ। ਇਨ੍ਹਾਂ ਜੀਵਾਂ ਦੇ ਜ਼ਿਆਦਾਤਰ ਗੁਣ ਇੱਕ ਹੀ ਹੁੰਦੇ ਹਨ। ਜੇ ਇੱਕ ਦੋ ਮੁੱਖ ਗੁਣਾਂ ਵਿੱਚ ਤਬਦੀਲੀ ਹੋਵੇਗੀ ਤਾਂ ਇਨ੍ਹਾਂ ਦੇ ਵਰਗ ਨੇ ਵੀ ਬਦਲ ਜਾਣਾ ਹੈ। ਮੋਰ, ਮੁਰਗਾ ਅਤੇ ਮੁਰਗਾਬੀ ਜੀਵਾਂ ਦੇ ਇੱਕੋ ਵਰਗ ਨਾਲ ਸਬੰਧਤ ਹਨ ਅਤੇ ਇਸ ਲਈ ਇਨ੍ਹਾਂ ਵਿਚ ਕਾਮ ਤ੍ਰਿਪਤੀ ਦੀਆਂ ਆਦਤਾਂ ਵੀ ਇੱਕੋ ਜਿਹੀਆਂ ਹੁੰਦੀਆਂ ਹਨ। ਮੁਰਗੇ ਮੁਰਗੀਆਂ ਨੂੰ ਤਾਂ ਚੂਚੇ ਪੈਦਾ ਕਰਨ ਲਈ ਕਾਮ ਕਿਰਿਆਵਾਂ ਕਰਦੇ ਪਿੰਡਾਂ ਦੇ ਵਸਨੀਕ ਆਮ ਹੀ ਵੇਖਦੇ ਹਨ। ਇਸ ਤਰ੍ਹਾਂ ਮੋਰ ਤੇ ਮੋਰਨੀ ਵੀ ਕਾਮ ਤ੍ਰਿਪਤੀ ਇਸੇ ਢੰਗ ਨਾਲ ਕਰਦੇ ਹਨ। ਮੋਰਨੀ ਦੁਆਰਾ ਮੋਰ ਦੇ ਆਸੂੰ ਪੀ ਕੇ ਗਰਭਵਤੀ ਹੋਣ ਦੀ ਸੰਭਾਵਨਾ ਗਲਤ ਹੈ।

**✪ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਵਿਚ ਕਿਹੜੇ-ਕਿਹੜੇ ਜੀਵ ਖਾਣ ਲਈ ਵਰਤੋਂ ਵਿਚ ਲਿਆਂਦੇ ਜਾਂਦੇ ਹਨ।**

ਧਰਤੀ ਦੇ ਬਹੁਤੇ ਵਸਨੀਕ ਮਾਸਾਹਾਰੀ ਹਨ। ਹਰੇਕ ਵਿਅਕਤੀ ਦੀ ਖੁਰਾਕ ਉਸਨੂੰ ਉਸਦੇ ਆਲੇ ਦੁਆਲੇ ਪ੍ਰਾਪਤ ਹੁੰਦੀ ਸੀ। ਸਮੁੰਦਰੀ ਕਿਨਾਰਿਆਂ ਤੇ ਰਹਿਣ ਵਾਲੇ ਜੀਵ ਸਮੁੰਦਰ ਵਿਚੋਂ ਉਪਲਬਧ ਜੀਵਾਂ ਤੇ ਜੜ੍ਹੀਆਂ-ਬੂਟੀਆਂ ਤੋਂ ਆਪਣੀ ਖੁਰਾਕ ਤਿਆਰ ਕਰਦੇ ਸਨ। ਇਸ ਲਈ ਮੱਛੀਆਂ, ਕੱਛੂਪਾਬੀਆਂ, ਡੱਡੂ, ਆਕਟੋਪਸ, ਘੋਗੇ, ਕੀੜੇ ਮਕੌੜੇ ਤੇ ਕਾਕਰੋਚ ਉਨ੍ਹਾਂ ਦੀ ਖੁਰਾਕ ਹਨ। ਜੰਗਲਾਂ ਵਿਚ ਰਹਿਣ ਵਾਲੇ ਲੋਕ ਜੰਗਲਾਂ ਵਿਚੋਂ ਮਿਲਣ ਵਾਲੇ ਸ਼ਿਕਾਰ ਤੇ ਆਪਣਾ ਗੁਜ਼ਾਰਾ ਕਰਦੇ ਹਨ। ਗੁਫ਼ਾਵਾਂ ਵਿਚ ਰਹਿਣ ਸਮੇਂ ਉੱਲੂ ਤੇ ਚਮਗਿੱਦੜ ਉਨ੍ਹਾਂ ਦੀ ਖੁਰਾਕ ਹੁੰਦੇ ਹਨ। ਅੱਜ ਵੀ ਧਰਤੀ ਦੇ ਵੱਖ ਵੱਖ ਭਾਗਾਂ ਵਿਚ ਸੱਪ, ਕਿਰਲੀਆਂ ਆਦਿ ਆਮ ਹੀ ਖਾਧੀਆਂ ਜਾਂਦੀਆਂ ਹਨ। ਧਰਤੀ ਤੇ ਪਏ ਅਕਾਲਾਂ ਸਮੇਂ ਤਾਂ ਹਰ ਕਿਸਮ ਦੇ ਜਿਉਂਦੇ ਤੇ ਮੁਰਦੇ ਜੀਵ ਦੀ ਮਨੁੱਖ ਜਾਤੀ ਵੀ ਖੁਰਾਕ ਬਣਦੇ ਰਹੇ ਹਨ।

**✪ ਬਰਸਾਤੀ ਮੌਸਮ ਵਿਚ ਸੁੱਕੀ ਚਾਦਰ ਦੇ ਕੋਨਿਆਂ ਵਿਚੋਂ ਪਾਣੀ ਰਿਸਣਾ ਕਿਵੇਂ ਸ਼ੁਰੂ ਹੋ ਜਾਂਦਾ ਹੈ।**

ਯਮੁਨਾ ਨਗਰ ਤੋਂ ਸਾਡੇ ਬਜ਼ੁਰਗ ਤਰਕਸ਼ੀਲ ਆਰ. ਪੀ. ਗਾਂਧੀ ਨੇ ਇਕ ਅਜਿਹਾ ਹੀ ਕੇਸ ਹੱਲ ਕੀਤਾ ਸੀ। ਕਿਸੇ ਇਸਤਰੀ ਨੇ ਆਪਣੇ ਘਰ ਤਖਤਪੋਸ ਤੇ ਇੱਕ ਚਾਦਰ ਵਿਛਾਈ ਹੋਈ ਸੀ। ਚਾਦਰ ਵਿਚਕਾਰ ਤੋਂ ਸੁੱਕੀ ਸੀ ਪਰ ਚਾਰੇ ਕੋਨਿਆਂ ਤੋਂ ਪਾਣੀ ਰਿਸ ਰਿਹਾ ਸੀ। ਅਸਲ ਵਿਚ ਉਸ ਇਸਤਰੀ ਨੇ ਚਾਦਰ ਦੇ ਚਾਰੇ ਕੋਨੇ ਖਾਣ ਵਾਲੇ ਲੂਣ ਦੇ ਗਾੜ੍ਹੇ ਘੋਲ ਵਿਚ ਡੁਬੋ ਕੇ ਉਸ ਚਾਦਰ ਨੂੰ ਖੁਸ਼ਕ ਕਰ ਲਿਆ ਸੀ। ਜਦੋਂ ਇਹ ਚਾਦਰ ਤਖਤਪੋਸ਼ ਤੇ ਵਿਛਾਈ ਗਈ ਤਾਂ ਸੁੱਕੀ ਚਾਦਰ ਦੇ ਚਾਰੇ ਕੋਨਿਆਂ ਨੇ ਬਰਸਾਤ ਦੇ ਪਾਣੀ ਵਿਚੋਂ ਨਮੀ ਸੋਕ ਲਈ। ਕਿਉਂਕਿ ਖਾਣ ਵਾਲਾ ਲੂਣ ਨਮੀ ਦਾ ਚੰਗਾ ਸੋਖਕ ਵੀ ਹੁੰਦਾ ਹੈ। ਇਸ ਲਈ ਇਸ ਚਾਦਰ ਦੇ ਚਾਰੇ ਕੋਨਿਆਂ ਵਿਚੋਂ ਪਾਣੀ ਰਿਸਣਾ ਸ਼ੁਰੂ ਹੋ ਗਿਆ।

## ■ ਸੋਲਰ ਊਰਜਾ ਨਾਲ ਚਲ ਸਕਦਾ ਹੈ ਤੁਹਾਡਾ ਇਨਵੈਟਰ

ਨਵੀਂ ਦਿੱਲੀ - ਜੇਕਰ ਤੁਹਾਡੇ ਘਰ 'ਚ ਇਨਵੈਟਰ ਹੈ, ਤਾਂ ਬਿਜਲੀ ਨਾ ਹੋਣ 'ਤੇ ਇਹ ਤੁਹਾਨੂੰ ਸਹੂਲਤ ਤਾਂ ਜ਼ਰੂਰ ਦਿੰਦਾ ਹੈ ਪਰ ਇਹ ਬਿਜਲੀ ਦੀ ਖਪਤ ਵੀ ਵਧਾਉਂਦਾ ਹੈ। ਇਕ ਉਪਾਅ ਹੈ ਜਿਸ ਨਾਲ ਤੁਸੀਂ ਇਨਵੈਟਰ ਦੇ ਮੱਧ 'ਚ ਬਿਜਲੀ ਖਪਤ ਘੱਟ ਕਰ ਸਕਦੇ ਹੋ। ਤੁਸੀਂ ਜੇਕਰ ਚਾਹੋ ਤਾਂ ਇਸ ਨੂੰ ਸੋਲਰ ਇਨਵੈਟਰ ਸਿਸਟਮ ਬਣਾ ਸਕਦੇ ਹੋ। ਇਸਦੇ ਲਈ ਸੋਲਰ ਪੈਨਲ ਅਤੇ ਚਾਰਜ ਕੰਟਰੋਲ ਲਗਾਉਣੇ ਹੋਣਗੇ। ਕਈ ਕੰਪਨੀਆਂ ਇਨ੍ਹਾਂ ਦਾ ਨਿਰਮਾਣ ਕਰ ਰਹੀਆਂ ਹਨ। ਖਾਸ ਗੱਲ ਇਹ ਹੈ ਕਿ ਸਰਕਾਰ ਵੀ ਰਾਜਧਾਨੀ 'ਚ ਸੋਲਰ ਇਨਵੈਟਰ ਸਿਸਟਮ ਨੂੰ ਵਧਾ ਰਹੀ ਹੈ।

ਸੋਲਰ ਇਨਵੈਟਰ ਦੇ ਜੋ ਪੈਨਲ ਲਗਾਏ ਜਾਂਦੇ ਹਨ, ਉਹ ਬਹੁਤ ਮਹਿੰਗੇ ਹਨ। ਦਿੱਲੀ ਦੇ ਚੀਫ਼ ਸਕਿਉਰਟੀ ਰਾਕੇਸ਼ ਮਹਿਤਾ ਦੇ ਅਨੁਸਾਰ ਇਸ 'ਤੇ ਸਬਸਿਡੀ ਦੇ ਪ੍ਰਸਤਾਵ 'ਤੇ ਵਿਚਾਰ ਕੀਤਾ ਜਾਵੇਗਾ। ਦਿੱਲੀ ਸਰਕਾਰ ਨੇ ਐਨਰਜੀ ਐਫੀਸ਼ੀਐਂਸੀ ਐਂਡ ਰਿਨੁਅਲ ਐਨਰਜੀ ਮੈਨੇਜਮੈਂਟ ਸੈਂਟਰ ਦੇ ਹੈਡ ਸਤੀਸ਼ ਸਬਰਵਾਲ ਦੇ ਅਨੁਸਾਰ ਜੇਕਰ ਸੋਲਰ ਇਨਵੈਟਰ ਬਣਾਉਣ ਵਾਲੀਆਂ ਕੰਪਨੀਆਂ ਅਤੇ ਸਰਕਾਰ ਦੇ ਵਿਚ ਸਹਿਮਤੀ ਹੋ ਜਾਂਦੀ ਹੈ ਤਾਂ ਅਗਲੇ 6 ਮਹੀਨੇ ਅੰਦਰ ਰਾਜਧਾਨੀ 'ਚ ਸਸਤੀਆਂ ਕੀਮਤਾਂ 'ਤੇ ਸੋਲਰ ਇਨਵੈਟਰ ਲਗਾਏ ਜਾ ਸਕਣਗੇ।

ਸੈਂਟਰ 100 ਵਾਟ ਤੱਕ ਦੀ ਸ਼ਕਤੀ ਨੇ ਸੋਲਰ ਪੈਨਲ ਨੂੰ ਵਧਾਉਣ ਦੀ ਯੋਜਨਾ 'ਤੇ ਕੰਮ ਕਰ ਰਿਹਾ ਹੈ। ਇਨ੍ਹਾਂ ਸੋਲਰ ਪੈਨਲਾਂ ਦੀ ਕੀਮਤ ਫਿਲਹਾਲ ਕਰੀਬ 15 ਹਜ਼ਰ ਰੁਪਏ ਹੈ। ਸਬਸਿਡੀ ਦੇ ਬਾਅਦ ਇਹ ਹੋਰ ਸਸਤੇ ਹੋ ਜਾਣਗੇ। 100 ਵਾਟ ਦੇ ਸੋਲਰ ਪੈਨਲ ਵਾਲੇ ਇਨਵੈਟਰ ਸਿਸਟਮ 'ਚ ਇਕ ਪੱਖਾ, ਇਕ ਬੱਲਬ ਅਤੇ ਟੀ. ਵੀ. ਚਲਾਇਆ ਜਾ ਸਕਦਾ ਹੈ। 400-500 ਵਾਟ ਤੱਕ ਦੇ ਸੋਲਰ ਪੈਨਲ ਦੀ ਕੀਮਤ 60 ਹਜ਼ਾਰ ਤੋਂ 75 ਹਜ਼ਾਰ ਰੁਪਏ ਤੱਕ ਹੈ। ਸੋਲਰ ਚਾਰਜ ਕੰਟਰੋਲਰ ਦੀ ਕੀਮਤ 300 ਰੁਪਏ ਤੋਂ ਲੈ ਕੇ 2-3 ਹਜ਼ਾਰ ਰੁਪਏ ਤੱਕ ਦੀ ਹੁੰਦੀ ਹੈ। ਤੁਹਾਨੂੰ ਆਪਣੇ ਘਰ ਦੀ ਛੱਤ 'ਤੇ ਸੋਲਰ ਪੈਨਲ ਲਗਵਾਉਣੇ ਹੋਣਗੇ। ਸੋਲਰ ਪੈਨਲ 5 ਵਾਟ ਤੋਂ 250 ਵਾਟ ਤੱਕ ਦੇ ਹੁੰਦੇ ਹਨ। ਪੈਨਲ ਦੀ ਕੀਮਤ 150 ਰੁਪਏ ਪ੍ਰਤੀ ਵਾਟ ਹੁੰਦੀ ਹੈ। ਸੋਲਰ ਪੈਨਲ ਨੂੰ ਆਪਣੇ ਘਰ 'ਚ ਰੱਖੇ ਸੋਲਰ ਚਾਰਜ ਕੰਟਰੋਲਰ ਨਾਲ ਜੋੜਿਆ ਜਾਂਦਾ ਹੈ। ਇਸਦੀ ਕੀਮਤ 300 ਰੁਪਏ ਤੋਂ ਲੈ ਕੇ 2-3 ਹਜ਼ਾਰ ਰੁਪਏ ਤੱਕ ਦੀ ਹੁੰਦੀ ਹੈ। ਸੋਲਰ ਚਾਰਜ ਕੰਟਰੋਲਰ ਬੈਟਰੀ ਨਾਲ ਜੁੜਿਆ ਹੁੰਦਾ ਹੈ। ਬੈਟਰੀ ਸੋਲਰ ਐਨਰਜੀ ਨਾਲ ਚਾਰਜ ਹੋਵੇਗੀ। ਫਿਰ ਇਨਵੈਟਰ ਨਾਲ ਬਿਜਲੀ ਉਪਕਰਨਾਂ ਨਾਲ ਪਹੁੰਚਦੀ ਹੈ। ਦਿਨ 'ਚ 8 ਘੰਟੇ ਸੋਲਰ ਪੈਨਲ ਨਾਲ ਚਾਰਜ ਹੋਣ 'ਤੇ ਤੁਹਾਡਾ ਇਨਵੈਟਰ ਕਰੀਬ 6 ਘੰਟੇ ਤੱਕ ਚੱਲ ਸਕਦਾ ਹੈ।

# ਸਿਹਤ ਦੇ ਝਰੋਖੇ 'ਚੋਂ.....

ਬਲਵੀਰ ਬਾਸੀ, ਕੈਲੇਫੋਰਨੀਆ

## ਸੰਕੇਤਾਂ ਦੇ ਮਾਧਿਅਮ ਨਾਲ ਕਰੋ ਬੱਚਿਆਂ ਨਾਲ ਗੱਲਾਂ

ਜਦੋਂ ਤੁਹਾਡਾ ਬੱਚਾ ਦੁਨੀਆਂ 'ਚ ਆਪਣੇ ਨੰਨ੍ਹੇ ਕਦਮ ਰੱਖਦਾ ਹੈ ਤਾਂ ਉਸ ਸਮੇਂ ਉਹ ਸਾਰੀਆਂ ਗੱਲਾਂ ਤੋਂ ਅਣਜਾਣ ਹੁੰਦਾ ਹੈ। ਕੁਝ ਸਮੇਂ ਬਾਅਦ ਉਹ ਆਪਣੇ ਆਲੇ-ਦੁਆਲੇ ਦੇ ਮਾਹੌਲ ਨੂੰ ਥੋੜਾ ਸਮਝਣ ਲੱਗਦਾ ਹੈ। ਉਸ ਸਮੇਂ ਉਸ ਕੋਲ ਬੋਲਣ ਦੀ ਸ਼ਕਤੀ ਨਹੀਂ ਹੁੰਦੀ। ਉਸ ਸਮੇਂ ਤੁਸੀਂ ਆਪਣੇ ਬੱਚੇ ਨੂੰ ਸੰਕੇਤਾਂ ਦੇ ਮਾਧਿਅਮ ਨਾਲ ਸਮਝਾ ਸਕਦੇ ਹੋ। ਲਗਭਗ ਸਾਰੀਆਂ ਮਾਵਾਂ ਆਪਣੇ ਬੱਚੇ ਨਾਲ ਸੰਕੇਤ ਦੇ ਮਾਧਿਅਮ ਨਾਲ ਗੱਲ ਕਰਨ ਦੀ ਕੋਸ਼ਿਸ਼ ਕਰਦੀਆਂ ਹਨ ਜਿਵੇਂ ਹੱਥ ਹਿਲਾਕੇ ਬਾਏ ਕਹਿਣਾ, ਅੱਖ ਬੰਦ ਕਰਕੇ ਸੌਣ ਦਾ ਇਸ਼ਾਰਾ ਕਰਨਾ ਆਦਿ। ਪਰ ਉਨ੍ਹਾਂ 'ਚ ਬਹੁਤ ਘੱਟ ਅਜਿਹੀਆਂ ਔਰਤਾਂ ਹੁੰਦੀਆਂ ਹਨ ਜੋ ਆਪਣੇ ਬੱਚੇ ਨੂੰ ਸੰਕੇਤਕ ਭਾਸ਼ਾ ਸਿਖਾਉਣ ਦਾ ਯਤਨ ਕਰਦੀਆਂ ਹਨ। ਜਦੋਂ ਤੱਕ ਤੁਹਾਡਾ ਬੱਚਾ ਠੀਕ ਤਰੀਕੇ ਨਾਲ ਬੋਲਣਾ ਨਹੀਂ ਸਿੱਖ ਜਾਂਦਾ ਉਦੋਂ ਤੱਕ ਤੁਸੀਂ ਸੰਕੇਤਿਕ ਭਾਸ਼ਾ ਦੇ ਮਾਧਿਅਮ ਨਾਲ ਆਪਣੀਆਂ ਭਾਵਨਾਵਾਂ ਨੂੰ ਜ਼ਿਆਦਾ ਚੰਗੀ ਤਰ੍ਹਾਂ ਸਮਝਾ ਸਕਦੇ ਹੋ। ਅਸੀਂ ਤੁਹਾਨੂੰ ਦੱਸਦੇ ਹਾਂ ਕਿ ਕਿਸ ਤਰ੍ਹਾਂ ਤੁਸੀਂ ਆਪਣੇ ਬੱਚੇ ਨੂੰ ਸੰਕੇਤਿਕ ਭਾਸ਼ਾ ਸਿਖਾ ਸਕਦੇ ਹੋ।

**ਪਹਿਲਾਂ ਖੁਦ ਸਿੱਖੋ** - ਆਪਣੇ ਬੱਚੇ ਨੂੰ ਸੰਕੇਤਿਕ ਭਾਸ਼ਾ ਸਿਖਾਉਣ ਤੋਂ ਪਹਿਲਾਂ ਤੁਹਾਨੂੰ ਇਸ ਦਾ ਗਿਆਨ ਹੋਣਾ ਬਹੁਤ ਜ਼ਰੂਰੀ ਹੈ। ਤੁਸੀਂ ਇਸਦੀ ਸ਼ੁਰੂਆਤ ਆਪਣੇ ਬੱਚੇ ਦੀਆਂ ਆਮ ਜ਼ਰੂਰਤਾਂ ਤੋਂ ਕਰ ਸਕਦੇ ਹੋ ਜਿਵੇਂ - ਮੰਮੀ, ਪਾਣੀ, ਬੋਤਲ, ਦੁੱਧ ਆਦਿ। ਇਹ ਜ਼ਰੂਰ ਧਿਆਨ ਰੱਖੋ ਕਿ ਤੁਹਾਡੇ ਘਰ ਦੇ ਸਾਰੇ ਮੈਂਬਰ ਇਕ ਹੀ ਤਰ੍ਹਾਂ ਦੇ ਸੰਕੇਤਾਂ ਦਾ ਪ੍ਰਯੋਗ ਕਰਨ। ਜਿਵੇਂ ਤੁਸੀਂ "ਬੋਤਲ" ਦੇ ਲਈ ਕਿਸੇ ਸੰਕੇਤ ਦਾ ਪ੍ਰਯੋਗ ਕਰਦੇ ਹੋ ਅਤੇ ਤੁਹਾਡੇ ਪਤੀਦੇਵ ਉਸ ਸ਼ਬਦ ਨੂੰ ਹੀ ਕਿਸੇ ਦੂਸਰੇ ਸੰਕੇਤ ਨਾਲ ਪ੍ਰਯੋਗ ਕਰਦੇ ਹਨ ਤਾਂ ਤੁਹਾਡਾ ਬੱਚਾ ਸਿੱਖ ਨਹੀਂ ਸਕੇਗਾ ਕਿਉਂਕਿ ਉਸ ਲਈ ਅਲੱਗ-ਅਲੱਗ ਸੰਕੇਤਾਂ ਨੂੰ ਸਮਝਣਾ ਔਖਾ ਹੋ ਜਾਵੇਗਾ ਅਤੇ ਤੁਹਾਡੇ ਸਾਰੇ ਯਤਨ ਅਸਫਲ ਹੋ ਜਾਣਗੇ। ਇਸ ਲਈ ਤੁਸੀਂ ਸਾਰੇ ਇਹ ਯਤਨ ਕਰੋ ਕਿ ਘਰ ਦੇ ਸਾਰੇ ਮੈਂਬਰ ਇਕ ਤਰ੍ਹਾਂ ਦੇ ਸੰਕੇਤਾਂ ਦਾ ਹੀ ਪ੍ਰਯੋਗ ਕਰਨ। ਬੱਚੇ ਨੂੰ ਮੁੱਢ ਤੋਂ ਹੀ ਇਨ੍ਹਾਂ ਸੰਕੇਤਾਂ ਦਾ ਪ੍ਰਯੋਗ ਕਰਨਾ ਸਿਖਾਓ। ਜੇਕਰ ਤੁਸੀਂ ਸਾਰੇ ਸ਼ਬਦਾਂ ਨੂੰ ਸੰਕੇਤਾਂ ਦੇ ਪ੍ਰਯੋਗ ਨਾਲ ਸਮਝਾਉਗੇ ਤਾਂ ਤੁਹਾਡਾ ਬੱਚਾ ਸਮਝ ਨਹੀਂ ਸਕੇਗਾ। ਇਸ ਲਈ ਹੌਲੀ ਹੌਲੀ ਤੁਸੀਂ ਇਸ ਨੂੰ ਸੰਕੇਤਾਂ ਨਾਲ ਜਾਣਕਾਰ ਕਰਵਾਓ। ਛੋਟੇ-ਛੋਟੇ ਸੰਕੇਤਾਂ ਨੂੰ ਤੁਹਾਡਾ ਬੱਚਾ ਅਸਾਨੀ ਨਾਲ ਅਤੇ ਜਲਦੀ ਸਿੱਖ ਲਵੇਗਾ। ਇਸ ਲਈ ਤੁਸੀਂ ਛੋਟੇ ਸੰਕੇਤਾਂ ਤੋਂ ਸ਼ੁਰੂਆਤ ਕਰੋ ਤਾਂ ਵਧੀਆ ਹੋਵੇਗਾ। ਇਸ ਤਰ੍ਹਾਂ ਤੁਹਾਡੇ ਬੱਚੇ ਦੇ ਲਈ ਸੰਕੇਤ ਸਿੱਖਣਾ ਸੌਖਾ ਹੋ ਜਾਵੇਗਾ।



**ਸੰਕੇਤਾਂ ਨੂੰ ਰੋਜ਼ ਜਾਰੀ ਰੱਖੋ** - ਜਦੋਂ ਤੁਹਾਡਾ ਬੱਚਾ ਛੋਟੇ-ਛੋਟੇ ਸੰਕੇਤਾਂ ਨੂੰ ਸਿੱਖ ਜਾਵੇ ਤਾਂ ਤੁਸੀਂ ਇਸ ਨੂੰ ਵੱਡੇ ਅਤੇ ਮੁਸ਼ਕਲ ਸੰਕੇਤ ਸਿਖਾਉਣਾ ਸ਼ੁਰੂ ਕਰੋ। ਇਨ੍ਹਾਂ ਸੰਕੇਤਾਂ ਨੂੰ ਤੁਸੀਂ ਆਪਣੇ ਰੋਜ਼ਾਨਾ ਦੇ ਜੀਵਨ ਵਿਚ



ਸ਼ਾਮਲ ਕਰੋ ਅਤੇ ਉਸ ਨੂੰ ਆਪਣੀ ਆਦਤ ਬਣਾਓ। ਜੇਕਰ ਤੁਸੀਂ ਇਨ੍ਹਾਂ ਸੰਕੇਤਾਂ ਨੂੰ ਆਪਣੇ ਬੱਚੇ ਦੇ ਨਾਲ ਰੋਜ਼ਾਨਾ ਪ੍ਰਯੋਗ ਨਹੀਂ ਕਰੋਗੇ ਤਾਂ ਤੁਹਾਡਾ ਬੱਚਾ ਇਨ੍ਹਾਂ ਨੂੰ ਸਿੱਖ ਨਹੀਂ ਸਕੇਗਾ। ਜਿਵੇਂ ਤੁਸੀਂ ਜਦੋਂ ਵੀ ਬੱਚੇ ਨੂੰ ਦੁੱਧ ਦਿਓ ਤਾਂ ਹਮੇਸ਼ਾ ਸੰਕੇਤ ਨਾਲ ਸਮਝਾਉਣ ਦੀ ਕੋਸ਼ਿਸ਼ ਕਰੋ। ਜਦੋਂ ਵੀ ਤੁਸੀਂ ਆਪਣੇ ਬੱਚੇ ਨਾਲ ਸੰਕੇਤਾਂ ਨਾਲ ਗੱਲ ਕਰੋਗੇ ਤਾਂ ਤੁਹਾਡੀਆਂ ਨਜ਼ਰਾਂ ਉਸ ਦੀਆਂ ਅੱਖਾਂ ਵੱਲ ਹੋਣੀਆਂ ਚਾਹੀਦੀਆਂ ਹਨ। ਇਸ ਨਾਲ ਤੁਹਾਡੇ ਬੱਚੇ ਦਾ ਧਿਆਨ ਤੁਹਾਡੇ ਵੱਲ ਰਹੇਗਾ। ਜਦੋਂ ਤੁਸੀਂ ਰੋਜ਼ ਇਸ ਤਰ੍ਹਾਂ ਕਰੋਗੇ ਤਾਂ ਤੁਹਾਡਾ ਬੱਚਾ ਜਲਦੀ ਹੀ ਸੰਕੇਤਾਂ ਅਤੇ ਕਿਰਿਆਵਾਂ ਨੂੰ ਸਮਝਣ ਲੱਗ ਜਾਵੇਗਾ।

**ਨਵੇਂ ਸੰਕੇਤਾਂ ਨਾਲ ਜੋੜੋ** - ਤੁਸੀਂ ਆਪਣੇ ਬੱਚੇ ਨੂੰ ਹਰ ਦੋ-ਤਿੰਨ ਹਫ਼ਤਿਆਂ ਤੋਂ ਬਾਅਦ ਨਵੇਂ ਸੰਕੇਤਾਂ ਨਾਲ ਜਾਣੂ ਕਰਵਾਓ। ਇਕ ਬੱਚੇ ਨੂੰ ਸੰਕੇਤ ਸਿੱਖਣ 'ਚ ਇੰਨਾ ਕੁ ਸਮਾਂ ਲੱਗ ਹੀ ਜਾਂਦਾ ਹੈ। ਜਿਵੇਂ ਤੁਸੀਂ ਆਪਣੇ ਹੱਥ ਨਾਲ ਕੋਈ ਵਸਤੂ ਬੱਚੇ ਨੂੰ ਦੇ ਕੇ ਵਾਪਸ ਮੰਗੋ ਤਾਂ ਖੜ੍ਹੇ ਹੋਣ ਦਾ ਸੰਕੇਤ ਕਰੋ। ਤੁਸੀਂ ਆਪਣੇ ਬੱਚੇ ਨੂੰ ਖੇਡ-ਖੇਡ 'ਚ ਵੀ ਬਹੁਤ ਕੁਝ ਸਿਖਾ ਸਕਦੇ ਹੋ। ਜਿਵੇਂ ਤੁਸੀਂ ਉਸ ਨੂੰ ਹੱਸਣ ਦਾ, ਰੋਣ ਦਾ, ਗੁੱਸੇ ਹੋਣ ਦਾ ਜਾਂ ਡਰਨ ਦਾ ਆਦਿ ਬਾਰੇ ਖੇਡਾਂ ਰਾਹੀਂ ਸਿਖਾ ਸਕਦੇ ਹੋ। ਤੁਸੀਂ ਆਪਣੇ ਚਿਹਰੇ ਦੇ ਭਾਵਾਂ ਤੋਂ ਵੀ ਉਸਨੂੰ ਕਾਫ਼ੀ ਕੁੱਝ ਸਿਖਾ ਸਕਦੇ ਹੋ।

**ਤਸਵੀਰਾਂ ਦੇ ਮਾਧਿਅਮ ਨਾਲ** - ਤੁਸੀਂ ਆਪਣੇ ਬੱਚੇ ਨੂੰ ਤਸਵੀਰਾਂ ਦੇ ਮਾਧਿਅਮ ਨਾਲ ਵੀ ਸੰਕੇਤਿਕ ਭਾਸ਼ਾ ਸਿਖਾ ਸਕਦੇ ਹੋ। ਤਸਵੀਰਾਂ ਰੰਗੀਨ ਅਤੇ ਅਕਾਰਸ਼ਿਤ ਹੋਣੀਆਂ ਚਾਹੀਦੀਆਂ ਹਨ, ਜਿਸ ਨਾਲ ਕਿ ਤੁਹਾਡਾ ਬੱਚਾ ਤੁਹਾਡੇ ਵੱਲ ਅਕਾਰਸ਼ਿਤ ਹੋ ਸਕੇ। ਜਿਵੇਂ ਕਿ "ਪਾਰਕ" ਦੀ ਤਸਵੀਰ ਜਾਂ "ਕਾਰਟੂਨ" ਦੀ ਤਸਵੀਰ ਜਿਸ 'ਚ ਅਲੱਗ ਅਲੱਗ ਭਾਵ ਹੋਣ। ਇਸ ਮਾਧਿਅਮ ਨਾਲ ਵੀ ਤੁਹਾਡਾ ਬੱਚਾ ਜਲਦੀ ਸਿੱਖ ਸਕਦਾ ਹੈ।

## ■ ਬਣਾਵਟੀ ਕੋਰਨੀਆ ਨਾਲ ਅੱਖਾਂ 'ਚ ਨਵਾਂ ਪ੍ਰਕਾਸ਼

ਜੇਕਰ ਤੁਹਾਡੀ ਕਾਰ ਦੇ ਸਾਹਮਣੇ ਵਾਲੀ ਖਿੜਕੀ 'ਚ ਤਰੇੜਾਂ ਹਨ ਤਾਂ ਤੁਹਾਨੂੰ ਦੇਖਣ 'ਚ ਦਿਕਤ ਹੁੰਦੀ ਹੈ ਅਤੇ ਤੁਸੀਂ ਠੀਕ ਤਰ੍ਹਾਂ ਕਾਰ ਨਹੀਂ ਚਲਾ ਸਕਦੇ। ਇਸ ਤਰ੍ਹਾਂ ਕੋਰਨੀਆ ਵੀ ਅੱਖਾਂ ਦੀ ਬਾਹਰ ਦੇਖਣ ਦੇ ਲਈ ਜ਼ਰੂਰੀ ਖਿੜਕੀ ਮੰਨੀ ਜਾ ਸਕਦੀ ਹੈ। ਕੋਰਨੀਆ ਅੱਖ ਦੇ ਸਾਹਮਣੇ ਇਕ ਪਾਰਦਰਸ਼ੀ ਭਾਗ ਹੁੰਦਾ ਹੈ। ਜੋ ਪੁਤਲੀ ਦੇ ਕੇਂਦਰੀ ਹਿੱਸੇ ਅਤੇ ਦੂਸਰੇ ਹੋਰ ਹਿੱਸੇ ਨੂੰ ਢੱਕ ਲੈਂਦਾ ਹੈ। ਲੈਂਸ ਦੇ ਨਾਲ ਕੋਰਨੀਆ ਰੌਸ਼ਨੀ ਨੂੰ ਪਰਾਵਰਤਿਤ ਕਰਦਾ ਹੈ, ਜੋ ਅੱਖ ਦੀ ਦੇਖਣ ਸ਼ਕਤੀ ਦਾ ਲਗਭਗ ਦੋ ਤਿਹਾਈ ਹਿੱਸਾ ਹੈ। ਕੋਰਨੀਆ ਨੂੰ ਜੇਕਰ ਕਿਸੇ ਤਰ੍ਹਾਂ ਦਾ ਨੁਕਸਾਨ ਹੋ ਜਾਵੇ ਤਾਂ ਦਿਸਣਾ ਬੰਦ ਹੋ ਜਾਂਦਾ ਹੈ। ਪਰ ਹੁਣ ਵਿਗਿਆਨਕਾਂ ਨੇ ਇਕ ਬਾਇਓਸਿਥੈਟਿਕ ਯਾਨੀ ਕਿ ਬਣਾਵਟੀ ਕੋਰਨੀਆ ਦਾ ਨਿਰਮਾਣ ਕੀਤਾ ਹੈ। ਸਵੀਡਨ ਦੇ 10 ਮਰੀਜਾਂ 'ਤੇ ਇਸ ਬਣਾਵਟੀ ਕੋਰਨੀਆ ਦਾ ਪ੍ਰਯੋਗ ਕੀਤਾ ਗਿਆ। ਸਾਰਿਆਂ ਮਰੀਜਾਂ ਦੀ ਦੇਖਣ ਦੀ ਸ਼ਕਤੀ ਬਹੁਤ ਘੱਟ ਹੋ ਗਈ ਸੀ। ਕਈਆਂ ਦਾ ਕੋਰਨੀਆ ਬਹੁਤ ਹੀ ਪਤਲਾ ਹੋ ਗਿਆ ਸੀ। ਜਦੋਂਕਿ ਦੂਸਰੇ ਲੋਕਾਂ ਦੇ ਕੋਰਨੀਆ 'ਤੇ ਜ਼ਖ਼ਮ ਦੇ ਨਿਸ਼ਾਨ ਸਨ। ਵੈਸੇ ਕੋਰਨੀਆ ਦਾ ਬਦਲਾਅ ਕੀਤਾ ਜਾ ਸਕਦਾ ਹੈ। ਵੈਸੇ ਵਿਗਿਆਨਕ ਫਾਗਰਹੋਲਮ ਨੇ ਬਣਾਵਟੀ ਕੋਰਨੀਆ ਨੂੰ ਸਭ ਤੋਂ ਪਹਿਲਾਂ ਸਿਰਫ਼ ਇਕ ਅੱਖ 'ਚ ਲਗਾਇਆ ਕਿਉਂਕਿ ਉਹ ਦੇਖਣਾ ਚਾਹੁੰਦੇ ਸਨ ਕਿ ਮਰੀਜਾਂ 'ਚ ਦੇਖਣ ਦੀ ਸ਼ਕਤੀ ਵਾਪਸ ਆਉਂਦੀ ਹੈ ਜਾਂ ਨਹੀਂ ਫਾਗਰਹੋਲਮ ਨੂੰ ਹੈਰਾਨੀ ਹੋਈ ਕਿ ਸਿਰਫ਼ ਛੇ ਹਫ਼ਤਿਆਂ ਬਾਅਦ ਹੀ ਬਣਾਵਟੀ ਕੋਰਨੀਆ ਅੱਖ ਨਾਲ ਜੁੜ ਗਿਆ ਅਤੇ ਧਾਗਾ ਕੱਢ ਦਿੱਤਾ ਗਿਆ। ਆਮ ਤੌਰ 'ਤੇ ਕੋਰਨੀਆ ਦਾਨ ਤੋਂ ਬਾਅਦ ਇਕ ਸਾਲ ਤੱਕ ਲੱਗ ਸਕਦਾ ਹੈ। ਜਦੋਂਕਿ ਕੋਰਨੀਆਂ ਅੱਖ ਦੇ ਨਾਲ ਜੁੜ ਜਾਂਦਾ ਹੈ।

ਵਿਸੇਸ ਤਰ੍ਹਾਂ ਦੇ ਮਾਈਕਰੋਸਕੋਪਾਂ ਦੇ ਨਾਲ ਅਸੀਂ ਦੇਖ ਸਕਦੇ ਹਾਂ ਕਿ ਅੱਖ ਦੇ ਅੰਦਰ ਓਪਰੇਸ਼ਨ ਦੇ ਬਾਅਦ ਕਿਵੇਂ ਇਲਾਜ ਹੋ ਰਿਹਾ ਸੀ। ਅਸੀਂ ਦੇਖਿਆ ਕਿ ਸੈਲ ਅਤੇ ਨਰਵ ਕਿਵੇਂ ਕੋਰਨੀਆ ਦੇ ਅੰਦਰ ਪਹੁੰਚਿਆ ਅਤੇ ਉਹ ਕਿਵੇਂ ਕੋਲਾਜੀਨ ਦੇ ਟਿਸ਼ੂ ਦੇ ਨਾਲ ਜੁੜੇ। ਇਸ ਤਰ੍ਹਾਂ ਇਕ ਨਵੇਂ ਅਤੇ ਸਿਹਤਮੰਦ ਕੋਰਨੀਆ ਦਾ ਵਿਕਾਸ ਹੋਇਆ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਅੱਖ ਦੇ ਅੰਦਰ ਆਮ ਤੌਰ 'ਤੇ ਕਿਸੇ ਦੂਸਰੇ ਮਰੀਜ ਦਾ ਕੋਰਨੀਆ ਦਾ ਟਰਾਂਸਪਲੈਂਟੇਸ਼ਨ ਕਰਨ ਤੋਂ ਬਾਅਦ ਉਸ ਮਰੀਜ ਦੇ ਸੈੱਲ ਯਾਨੀ ਅਜਨਬੀ ਸੈੱਲ ਮੌਜੂਦ ਹੁੰਦੇ ਹਨ ਪਰ ਸਾਡੇ ਮਾਮਲੇ 'ਚ ਅਜਿਹਾ ਨਹੀਂ ਹੁੰਦਾ ਹੈ।

ਪ੍ਰੋ. ਫਾਗਰਹੋਲਮ ਦਾ ਕਹਿਣਾ ਹੈ ਕਿ ਬਣਾਵਟੀ ਕੋਰਨੀਆ ਨੂੰ ਕੋਲਾਜੀਨ ਨਾਲ ਬਣਾਏ ਜਾਣ ਦੀ ਵਜ੍ਹਾ ਨਾਲ ਸਰੀਰ ਉਸੇ ਅਜਨਬੀ ਨਾ ਸਮਝ ਕੇ ਅਸਵੀਕਾਰ ਨਹੀਂ ਕਰਦਾ ਹੈ। ਫਾਗਰਹੋਲਮ ਪਿਛਲੇ ਦੋ ਸਾਲਾਂ 'ਚ ਆਪਣੇ ਮਰੀਜਾਂ ਦੀਆਂ ਅੱਖਾਂ ਦੀ ਜਾਂਚ ਕਰਦੇ ਰਹੇ। ਉਹ ਦੱਸਦੇ ਹਨ ਕਿ ਓਪਰੇਸ਼ਨ ਤੋਂ ਬਾਅਦ ਮਰੀਜਾਂ ਦੀਆਂ ਅੱਖਾਂ ਸੁੱਜੀਆਂ ਹੋਈਆਂ ਸਨ ਅਤੇ ਲਾਲ ਹੋ ਗਈਆਂ ਸਨ। ਪਰ ਛੇ ਮਰੀਜਾਂ 'ਚ ਦੇਖਣ ਦੀ ਸ਼ਕਤੀ ਵਧੀਆ ਹੋਈ ਹੈ।

ਜਦ ਤੁਸੀਂ ਆਪਣੀਆਂ ਅੱਖਾਂ ਦਾ ਟੈਸਟ ਕਰਵਾਉਣਾ ਚਾਹੁੰਦੇ ਹੋ ਤਦ ਤੁਹਾਨੂੰ ਦੂਰ ਲੱਗੇ ਬੋਰਡ 'ਤੇ ਅੱਖਰਾਂ ਨੂੰ ਪੜ੍ਹਨਾ ਪੈਂਦਾ ਹੈ। ਅਪਰੇਸ਼ਨ ਦੇ ਪਹਿਲੇ ਮਰੀਜ ਅੱਖਰਾਂ ਦੀ ਪਹਿਲੀ ਲਾਈਨ ਤੱਕ ਨਹੀਂ ਦੱਸਦੇ ਹਨ ਪਰ ਓਪਰੇਸ਼ਨ ਤੋਂ ਬਾਅਦ ਉਹ ਚਸ਼ਮਾ ਪਹਿਨਕੇ ਦੂਸਰੀ ਲਾਈਨ ਦੇ ਅੱਖਰ ਵੀ ਸਹੀ ਦੱਸ ਰਹੇ ਸਨ। ਲੈਂਸ ਪਹਿਨਕੇ ਉਹ ਕਈ ਹੋਰ ਅੱਖਰਾਂ ਦੀਆਂ ਲਾਈਨਾਂ ਨੂੰ ਵੀ ਦੱਸ ਰਹੇ ਸਨ।

ਪ੍ਰਯੋਗ ਦੀ ਸਫ਼ਲਤਾ ਤੋਂ ਬਾਅਦ ਹੁਣ ਅਨੁਮਾਨ ਲਗਾਇਆ ਜਾ ਰਿਹਾ ਹੈ ਕਿ ਬਣਾਵਟੀ ਕੋਰਨੀਆ 5 ਤੋਂ 6 ਸਾਲਾਂ ਦੇ ਅੰਦਰ



ਵੱਡੇ ਪੈਮਾਨੇ 'ਤੇ ਮਰੀਜਾਂ ਨੂੰ ਉਪਲਬਧ ਕਰਵਾਇਆ ਜਾ ਸਕਦਾ ਹੈ।

## ■ ਦੁੱਧ ਨਾਲ ਕੈਂਸਰ ਦਾ ਖ਼ਤਰਾ

ਆਮ ਤੌਰ 'ਤੇ ਦੁੱਧ ਨੂੰ ਸੰਪੂਰਣ ਭੋਜਨ ਮੰਨਿਆ ਜਾਂਦਾ ਹੈ। ਦੁੱਧ 'ਚ ਕਿਸੇ ਤਰ੍ਹਾਂ ਦੇ ਆਰਟੀਫੀਸ਼ਅਲ ਰੰਗ ਦੀ ਵਰਤੋਂ ਤਾਂ ਨਹੀਂ ਹੋ ਰਹੀ। ਇਸ 'ਚ ਭਰਪੂਰ ਮਾਤਰਾ 'ਚ ਪ੍ਰੋਟੀਨ, ਮੈਗਨੀਸ਼ੀਅਮ, ਪੋਟਾਸ਼ੀਅਮ ਅਤੇ ਵਿਟਾਮਿਨ ਵੀ ਮੌਜੂਦ ਹੁੰਦਾ ਹੈ, ਜੋ ਸਿਹਤ ਦੇ ਲਈ ਬਹੁਤ ਜ਼ਰੂਰੀ ਹੈ। ਇਸਦੇ ਨਾਲ ਹੀ ਦੁੱਧ ਦਾ ਕੈਲਸੀਅਮ ਦਾ ਵੀ ਵਧੀਆ ਸ੍ਰੋਤ ਮੰਨਿਆ ਗਿਆ ਹੈ ਅਤੇ ਹੱਡੀਆਂ ਨੂੰ ਮਜ਼ਬੂਤ ਬਣਾਉਣ ਦੇ ਲਈ ਰੋਜ਼ਾਨਾ ਦੁੱਧ ਪੀਣ ਦੀ ਸਲਾਹ ਦਿੱਤੀ ਜਾਂਦੀ ਹੈ। ਪਰ ਹੁਣ ਕੀਤੀ ਗਈ ਖੋਜ ਤੋਂ ਜੋ ਖੁਲਾਸੇ ਹੁੰਦੇ ਹਨ, ਉਹ ਹੈਰਾਨ ਕਰਨ ਵਾਲੇ ਹਨ। ਇਟਲੀ ਅਤੇ ਕੈਨੇਡਾ 'ਚ ਕੀਤੇ ਗਏ ਦੋ ਅਲੱਗ-ਅਲੱਗ ਸੋਧ ਦੇ ਅਨੁਸਾਰ ਬਹੁਤ ਜ਼ਿਆਦਾ ਮਾਤਰਾ 'ਚ ਦੁੱਧ ਪੀਣਾ ਸਿਹਤ ਨੂੰ ਨੁਕਸਾਨ ਪਹੁੰਚਾਉਂਦਾ ਹੈ ਅਤੇ ਇਸ ਨਾਲ ਪ੍ਰੋਸਟੇਟ ਕੈਂਸਰ ਦਾ ਖ਼ਤਰਾ ਕਈ ਗੁਣਾ ਵਧ ਜਾਂਦਾ ਹੈ। ਕੈਨੇਡਾ ਦੇ ਮਾਹਰਾਂ ਦੁਆਰਾ ਕੀਤੀ ਗਈ ਖੋਜ ਤੋਂ ਪਤਾ ਚੱਲਦਾ ਹੈ ਕਿ ਜੋ ਪੁਰਸ਼ ਦਿਨ ਭਰ 'ਚ 800 ਮਿ.ਲੀ. ਦੁੱਧ ਪੀਂਦੇ ਹਨ। ਉਨ੍ਹਾਂ 'ਚ ਪ੍ਰੋਸਟੈਟ ਕੈਂਸਰ ਦਾ ਖਤਰਾ ਆਮ ਲੋਕਾਂ ਦੇ ਮੁਕਾਬਲੇ ਦੁੱਗਣਾ ਰਹਿੰਦਾ ਹੈ। ਪ੍ਰੋਸਟੇਟ ਕੈਂਸਰ ਤੋਂ ਇਲਾਵਾ ਜ਼ਿਆਦਾ ਦੁੱਧ ਪੀਣਾ ਗਠੀਆ, ਮੂੰਹ ਦੇ ਦਾਗ, ਅਤੇ ਦਿਲ ਦੇ ਰੋਗਾਂ ਨੂੰ ਵੀ ਬੁਲਾਵਾ ਦਿੰਦਾ ਹੈ। ਪੂਰਵ 'ਚ ਨਿਊ ਇੰਗਲੈਂਡ ਜਨਰਲ 'ਚ ਛਪੀ ਇਕ ਰਿਪੋਰਟ 'ਚ ਦੱਸਿਆ ਗਿਆ ਕਿ ਦੁੱਧ 'ਚ ਮਿਲਣ ਵਾਲੇ ਪ੍ਰੋਟੀਨ ਸਰੀਰ 'ਚ ਇਸੁਲੀਨ ਦੇ ਉਤਪਾਦਨ 'ਚ ਵਾਧਾ ਕਰਦੇ ਹਨ। ਜਿਸ ਨਾਲ ਬਲੱਡ 'ਚ ਸ਼ੂਗਰ ਦੀ ਮਾਤਰਾ ਜ਼ਿਆਦਾ ਹੋ ਜਾਂਦੀ ਹੈ ਅਤੇ ਡਾਇਬਟੀਜ਼ ਦਾ ਖ਼ਤਰਾ ਵਧ ਜਾਂਦਾ ਹੈ।

**ਦੁੱਧ ਦੇ ਬੁਰੇ ਪ੍ਰਭਾਵਾਂ ਤੋਂ ਬਚਣ ਲਈ ਇਸਨੂੰ ਨਿਯਮਤ ਮਾਤਰਾ ਵਿਚ ਲੈਣਾ ਚਾਹੀਦਾ ਹੈ।**

**0-12 ਮਹੀਨੇ** - ਜਨਮ ਤੋਂ ਇਕ ਸਾਲ ਤੱਕ ਦੀ ਉਮਰ ਦੇ ਬੱਚਿਆਂ ਦਾ ਭੋਜਨ ਦੁੱਧ ਹੀ ਹੁੰਦਾ ਹੈ। ਇਸ ਉਮਰ ਦੇ ਬੱਚਿਆਂ ਨੂੰ ਗਊ ਦਾ ਦੁੱਧ ਨਹੀਂ ਪਿਆਉਣਾ ਚਾਹੀਦਾ। ਮਾਂ ਦਾ ਦੁੱਧ ਹੀ ਦਿੱਤਾ ਜਾਣਾ ਚਾਹੀਦਾ ਹੈ।

**1-3 ਸਾਲ** - ਇਸ ਉਮਰ ਦੇ ਬੱਚਿਆਂ ਨੂੰ ਰੋਜ਼ਾਨਾ 300 ਮਿ. ਲੀ. ਦੁੱਧ ਦੀ ਜ਼ਰੂਰਤ ਹੁੰਦੀ ਹੈ। 150 ਮਿ. ਲੀ. ਦੁੱਧ ਸਵੇਰੇ ਅਤੇ ਇੰਨਾ ਹੀ ਸ਼ਾਮ ਨੂੰ ਦੇਣਾ ਚਾਹੀਦਾ ਹੈ।

**4-6 ਸਾਲ** - ਇਸ ਉਮਰ ਬੱਚਿਆਂ ਨੂੰ ਲਗਭਗ 450 ਮਿ.ਲੀ. ਦੁੱਧ ਦਿੱਤਾ ਜਾਣਾ ਚਾਹੀਦਾ ਹੈ। ਫੁੱਲ ਕ੍ਰੀਮ ਦੁੱਧ ਦੀ ਜਗ੍ਹਾ ਸੈਮੀ

## ■ ਕੈਂਸਰ ਨੂੰ ਜਨਮ ਦੇਣ ਵਾਲੇ 'ਜਿੰਨ' ਦੀ ਹੋ ਗਈ ਪਛਾਣ

ਲੰਡਨ – ਖੋਜਕਾਰਾਂ ਨੇ ਉਸ 'ਜਿੰਨ' ਦੀ ਪਛਾਣ ਕਰ ਲਈ ਹੈ, ਜਿਸ ਨੂੰ ਇਨਸਾਨਾਂ 'ਚ ਹੋਣ ਵਾਲੇ ਕੈਂਸਰ ਦੇ ਰੋਗ ਨੂੰ ਜਨਮ ਦੇਣ ਲਈ ਜ਼ਿੰਮੇਵਾਰ ਮੰਨਿਆ ਜਾ ਸਕਦਾ ਹੈ। ਇਸ ਨਾਲ ਹੁਣ ਕੈਂਸਰ ਦੀ ਪਛਾਣ ਹੁੰਦੇ ਹੀ ਉਸ ਦਾ ਫੌਰੀ ਇਲਾਜ ਕਰਨਾ ਸੰਭਵ ਹੋ ਜਾਵੇਗਾ ਅਤੇ ਕਈ ਕੀਮਤੀ ਜਾਨਾਂ ਬਚਾਈਆਂ ਜਾ ਸਕਨਗੀਆਂ।

ਬਾਰਟਸ ਐਂਡ ਲੰਡਨ ਸਕੂਲ ਆਫ ਮੈਡੀਸਨ ਐਂਡ ਡੈਂਟਿਸਟਰੀ ਰਿਸਰਚ ਦੇ ਮੁਈ ਟੇਕ ਤੇ ਨੇ ਖੋਜ ਕੀਤੀ ਹੈ ਕਿ ਇਨਸਾਨਾਂ ਦੇ ਸਰੀਰ ਵਿੱਚ ਸਥਿਤ ਇੱਕ ਜੀਨ ਜਿਸ ਨੂੰ ਫੋਕਸ ਐਮ-1 (F O X M 1) ਦੇ ਰੂਪ ਵਿੱਚ ਲਿਖਿਆ ਜਾਂਦਾ ਹੈ। ਇਹ ਜਿੰਨ ਕੋਸ਼ਕਾਵਾਂ ਰਾਹੀਂ ਖੁਦ-ਬ-ਖੁਦ ਆਪਣਾ ਆਕਾਰ ਫੈਲਾਉਣ ਅਤੇ ਨਵੀਆਂ ਕੋਸ਼ਕਾਵਾਂ ਨੂੰ ਜਨਮ ਦੇਣ ਦੇ ਗੁਣ ਨੂੰ ਪ੍ਰਭਾਵਤ ਕਰਦਾ ਹੈ। ਇਸ ਨਾਲ ਸੈੱਲ ਤੇਜ਼ੀ ਨਾਲ ਵਧਣ ਲੱਗਦੇ ਹਨ ਅਤੇ ਕੈਂਸਰ ਦਾ ਜਨਮ ਹੋ ਜਾਂਦਾ ਹੈ। ਇਸ ਖੋਜ ਲਈ ਮੁਈ-ਟੇਕ ਤੇ ਅਤੇ ਉਨ੍ਹਾਂ ਦੀ ਟੀਮ ਨੇ ਇਨਸਾਨ ਦੇ ਮੂੰਹ ਦੇ ਕੁਝ ਸਟੈਮ ਸੈੱਲ ਲਏ ਅਤੇ ਉਨ੍ਹਾਂ ਦਾ ਲੈਬ ਵਿੱਚ ਪ੍ਰੀਖਣ ਕੀਤਾ। ਟੀਮ ਨੇ ਦੇਖਿਆ ਕਿ ਜੇ ਸੈੱਲਾਂ ਵਿੱਚ F O X M 1 ਦੇ ਪੱਧਰ ਨੂੰ ਵਧਾ ਦਿੱਤਾ ਜਾਵੇ ਤਾਂ ਸੈੱਲਾਂ ਦੇ ਫੈਲਣ ਦੀ ਰਫ਼ਤਾਰ ਬਹੁਤ ਤੇਜ਼ ਹੋ ਜਾਂਦੀ ਹੈ। F O X M 1 ਦਾ ਪੱਧਰ ਆਮ ਵਾਂਗ ਹੋਵੇ ਤਾਂ ਸੈੱਲਾਂ ਦੇ ਵਧਣ ਦੀ ਰਫਤਾਰ ਵੀ ਆਮ ਵਾਂਗ ਰਹਿੰਦੀ ਹੈ, ਪਰ F O X M 1 ਦਾ ਪੱਧਰ ਵੇਖਦੇ ਹੀ ਹਾਈਪਰਪਲਾਸੀਆ (ਕੈਂਸਰ ਹੋਣ ਤੋਂ ਪਹਿਲਾਂ ਦੀ ਸਥਿਤੀ) ਦੀ ਸਥਿਤੀ ਵਿਖਾਈ ਦੇਣ ਲੱਗਦੀ ਹੈ। 'ਮੁਈ-ਟੇਕ ਤੇ ਅਨੁਸਾਰ F O X M 1 ਜੀਨ ਕੈਂਸਰ ਦੇ ਪੈਦਾ ਹੋਣ ਵਿੱਚ ਅਹਿਮ ਰੋਲ ਨਿਭਾਉਂਦਾ ਹੈ। ਹੁਣ ਇਸ ਦੀ ਪਛਾਣ ਹੋ ਜਾਣ ਨਾਲ ਕੈਂਸਰ ਦੀ ਜਾਂਚ ਲਈ ਕਿੱਟ ਬਣਾਉਣਾ ਆਸਾਨ ਹੋ ਜਾਵੇਗਾ, ਜਿਸ ਦੀ ਮਦਦ ਨਾਲ ਇਹ ਪਛਾਣ ਕਾਫੀ ਪਹਿਲਾਂ ਹੀ ਹੋ ਜਾਵੇਗੀ ਤੇ ਇਲਾਜ ਵੀ ਜਲਦੀ ਹੀ ਸ਼ੁਰੂ ਹੋ ਸਕੇਗਾ। ਇਸ ਜੀਨ ਦੀ ਪਛਾਣ ਹੋ ਜਾਣ ਨਾਲ ਭਵਿੱਖ ਵਿੱਚ ਅਜਿਹਾ ਕੋਈ ਟੀਕਾ ਵੀ ਬਣਾਇਆ ਜਾ ਸਕੇਗਾ, ਜਿਸ ਨਾਲ ਕੈਂਸਰ ਨਾ ਹੋਵੇ।

ਸਿਕਮਡ ਦੁੱਧ ਜ਼ਿਆਦਾ ਵਧੀਆ ਹੁੰਦਾ ਹੈ।

**7-10 ਸਾਲ** - ਇਸ ਉਮਰ ਵਰਗ ਦੇ ਬੱਚਿਆਂ ਨੂੰ ਲਗਭਗ 600 ਮਿ.ਲੀ. ਦੁੱਧ ਰੋਜ਼ਾਨਾ ਪੀਣਾ ਚਾਹੀਦਾ ਹੈ।

**11-18 ਸਾਲ ਦੇ ਲੜਕੇ** - ਘੱਟ ਫੈਟ ਮਿਲਕ ਦੇ ਪੰਜ ਗਿਲਾਸ ਦੇਣੇ ਚਾਹੀਦੇ ਹਨ।

**11-18 ਸਾਲ ਦੀਆਂ ਲੜਕੀਆਂ** - ਘੱਟ ਫੈਟ ਮਿਲਕ ਦੇ ਚਾਰ ਗਿਲਾਸ ਪੀਣੇ ਚਾਹੀਦੇ ਹਨ।

**19 ਸਾਲ ਤੋਂ ਜ਼ਿਆਦਾ** - ਸਾਢੇ ਤਿੰਨ ਗਿਲਾਸ ਫੈਟ ਮਿਲਕ ਵਾਲੇ ਉਪਯੁਕਤ ਹਨ।

## ■ ਲੰਮੀ ਉਮਰ ਦਾ ਨੁਸਖਾ - ਕੀ ਸਟਾਟਿਨ ਹੀ ਹੈ ਉਹ ਦਵਾਈ?

ਨਵੀਂ ਦਿੱਲੀ – ਸਟਾਟਿਨ ਮਤਲਬ ਕਿ ਦਿਲ ਸੰਬੰਧੀ ਵਿਕਾਰਾਂ ਲਈ ਜਾਣ ਵਾਲੀ ਦਵਾਈ। ਕੀ ਇਹ ਦਵਾਈ ਸੱਚਮੁੱਚ ਹੀ ਉਹ ਜਾਦੂਈ ਦਵਾਈ ਹੈ, ਜੋ ਇਨਸਾਨਾਂ ਨੂੰ ਲੰਮੀ ਉਮਰ ਪ੍ਰਦਾਨ ਕਰ ਸਕਦੀ ਹੈ? ਜੇ ਕੁਝ ਵਿਅਕਤੀਆਂ ਦੀ ਗੱਲ ਮੰਨ ਲਈ ਜਾਵੇ ਤਾਂ ਇਹ ਗੱਲ ਬਿਲਕੁਲ ਸਹੀ ਹੈ।

ਵਿਗਿਆਨੀਆਂ ਦੀ ਰਾਇ ਹੈ ਕਿ ਸਟਾਟਿਨ ਵਰਗੀ ਦਵਾਈਆਂ ਨਾੜੀਆਂ ਨੂੰ ਸੁੰਗੜਨ ਅਤੇ ਉਨ੍ਹਾਂ 'ਚ ਜਮਾਅ ਦੂਰ ਕਰਨ 'ਚ ਸਹਾਇਤਾ ਪ੍ਰਦਾਨ ਕਰਦੀ ਹੈ, ਜਿਸ ਨਾਲ ਦਿਲ ਦਾ ਦੌਰਾ ਪੈਣ ਦੀ ਸੰਭਾਵਨਾ ਘੱਟ ਹੋ ਜਾਂਦੀ ਹੈ, ਪਰ ਇਹ ਦਵਾਈ ਉਨ੍ਹਾਂ ਲੋਕਾਂ ਲਈ ਵੀ ਫਾਇਦੇਮੰਦ ਹੈ, ਜਿਨ੍ਹਾਂ ਦੇ ਸਰੀਰ 'ਚ ਕੋਲੇਸਟ੍ਰੋਲ ਦੀ ਮਾਤਰਾ ਪਹਿਲਾਂ ਹੀ ਘੱਟ ਹੈ। ਜਿਨ੍ਹਾਂ ਲੋਕਾਂ ਦੇ ਸਰੀਰ 'ਚ ਜ਼ਿਆਦਾ ਕੋਲੇਸਟ੍ਰੋਲ ਦੀ ਸਮੱਸਿਆ ਹੁੰਦੀ ਹੈ, ਉਹ ਲੋਕ ਜੇ ਸਟਾਟਿਨ ਵਰਗੀ ਦਵਾਈ ਲੈਂਦੇ ਹਨ ਤਾਂ ਉਨ੍ਹਾਂ ਨੂੰ ਦਿਲ ਦਾ ਦੌਰਾ ਪੈਣ ਦੀ ਸੰਭਾਵਨਾ 15 ਫੀਸਦੀ ਘੱਟ ਹੋ ਜਾਂਦੀ।

ਇਹ ਲੋਕ ਦਿਲ ਦੀ ਸਰਜਰੀ ਤੋਂ ਵੀ ਲੱਗਭੱਗ ਬਚ ਜਾਂਦੇ ਹਨ। ਐਪਰ, ਜਿਨ੍ਹਾਂ ਲੋਕਾਂ ਦੇ ਸਰੀਰ ਵਿੱਚ ਇਹ ਸਮੱਸਿਆ ਨਹੀਂ ਹੈ, ਉਨ੍ਹਾਂ ਨੂੰ ਵੀ ਇਸ ਦਵਾਈ ਤੋਂ ਫਾਇਦਾ ਹੁੰਦਾ ਹੈ। ਇੱਕ ਨਵੀਂ ਖੋਜ ਅਨੁਸਾਰ ਇਸ ਦਵਾਈ ਨੂੰ ਲੈਣ ਤੋਂ ਪਹਿਲਾਂ ਤੋਂ ਹੀ ਘੱਟ ਕੋਲੇਸਟ੍ਰੋਲ ਦੀ ਮਾਤਰਾ ਹੋਰ ਵੀ ਘਟ ਜਾਂਦੀ ਹੈ ਅਤੇ ਦਿਲ ਦਾ ਦੌਰਾ ਪੈਂਦ ਦੀ ਸੰਭਾਵਨਾ ਨਾਂਹ ਦੇ ਬਰਾਬਰ ਹੋ ਜਾਂਦੀ ਹੈ। ਮਤਲਬ ਕਿ ਵਿਗਿਆਨੀਆਂ ਦੀ ਰਾਇ ਹੈ ਕਿ ਜਿਨ੍ਹਾਂ ਲੋਕਾਂ ਦੇ ਸਰੀਰ 'ਚ ਕੋਲੇਸਟਰੋਲ ਸੰਬੰਧੀ ਕਈ ਸਮੱਸਿਆ ਨਹੀਂ, ਉਹ ਵੀ ਇਸ ਦਵਾਈ ਦਾ ਸੇਵਨ ਕਰ ਸਕਦੇ ਹਨ। ਪਰ ਕੀ ਇਹ ਇਕਦਮ ਸੁਰੱਖਿਅਤ ਹੈ? ਹਰ ਐਲੋਪੈਥੀ ਦਵਾਈ ਵਾਂਗ ਇਸ ਦਵਾਈ ਦੇ ਵੀ ਸਾਈਡ ਇਫੈਕਟ ਹੁੰਦੇ ਹਨ। ਮਿਸਾਲ ਦੇ ਤੌਰ 'ਤੇ ਸਟਾਟਿਨ ਵਰਗੀਆਂ ਦਵਾਈਆਂ ਕਾਰਨ ਜੋੜਾਂ 'ਚ ਅਕੜੇਵਾਂ ਤੇ ਦਰਦ ਹੁੰਦਾ ਹੈ, ਪੇਟ ਖਰਾਬ ਰਹਿੰਦਾ ਹੈ ਤੇ ਗੁਰਦੇ ਵੀ ਖਰਾਬ ਹੋ ਸਕਦੇ ਹਨ।

## ■ ਵਿਕਾਸ਼ੀਲ ਦੇਸ਼ ਮੋਟਾਪੇ ਦੇ ਨਿਸ਼ਾਨੇ 'ਤੇ

ਆਰਥਿਕ ਸਹਿਯੋਗ ਅਤੇ ਵਿਕਾਸ ਸੰਗਠਨ ਯਾਨੀ ਆਈ. ਸੀ. ਡੀ. ਨੇ ਵਿਕਾਸਸ਼ੀਲ ਦੇਸ਼ਾਂ ਨੂੰ ਚਿਤਾਵਨੀ ਦਿੱਤੀ ਹੈ ਕਿ ਮੋਟਾਪੇ ਨੂੰ ਮਹਾਂਮਾਰੀ ਬਣਨ ਤੋਂ ਰੋਕਣ ਲਈ ਸਾਨੂੰ ਛੇਤੀ ਹੀ ਕੋਈ ਕਦਮ ਚੁੱਕਣਾ ਹੋਵੇਗਾ।

ਬ੍ਰਿਟੇਨ ਦੀ ਸਿਹਤ ਪੱਤਰਿਕਾ ਲਾਂਸੇਟ 'ਚ ਛਪੀ ਆਈ. ਸੀ. ਡੀ. ਦੀ ਰਿਪੋਰਟ 'ਚ ਕਿਹਾ ਗਿਆ ਹੈ ਕਿ ਗਰੀਬ ਦੇਸ਼ਾਂ ਦੇ ਲਈ ਵਧਦੇ ਮੋਟਾਪੇ ਦੇ ਖਤਰਨਾਕ ਪਰਿਣਾਮ ਨੂੰ ਝੱਲਣਾ ਬਹੁਤ ਔਖਾ ਹੋਵੇਗਾ।

ਸੰਗਠਨ ਦਾ ਕਹਿਣਾ ਹੈ ਕਿ ਬ੍ਰਾਜ਼ੀਲ ਅਤੇ ਦੱਖਣੀ ਅਫ਼ਰੀਕਾ 'ਚ ਮੋਟਾਪੇ ਦੀ ਦਰ ਔਸਤ ਨੂੰ ਪਾਰ ਕਰ ਚੁੱਕੀ ਹੈ। ਬ੍ਰਿਟੇਨ ਅਤੇ ਅਮਰੀਕਾ ਵਰਗੇ ਵਿਕਸਤ ਦੇਸ਼ਾਂ 'ਚ ਵਧਦੇ ਮੋਟਾਪੇ ਦੀ ਸਮੱਸਿਆ ਦੇ ਨਾਲ ਹੀ ਦਿਲ ਦੇ ਰੋਗ, ਕੈਂਸਰ ਅਤੇ ਸੂਗਰ ਦੇ ਖ਼ਤਰੇ ਵੀ ਵਧ ਗਏ ਹਨ।

ਹਾਲਾਂਕਿ ਭਾਰਤ 'ਚ ਇਸ ਵਰਗ 'ਚ 20 ਫੀਸਦੀ ਤੋਂ ਵੀ ਘੱਟ ਲੋਕ ਆਉਂਦੇ ਹਨ ਅਤੇ ਚੀਨ 'ਚ 30 ਫੀਸਦੀ ਤੋਂ ਵੀ ਘੱਟ ਲੋਕ ਮੋਟਾਪੇ ਦੇ ਸ਼ਿਕਾਰ ਹਨ ਪਰ ਆਈ. ਸੀ. ਡੀ. ਦੇ ਅਨੁਸਾਰ ਹੁਣ ਮੋਟਾਪਾ ਮਹਾਂਮਾਰੀ ਬਣਨ ਦੇ ਰਾਹ 'ਤੇ ਚੱਲ ਪਿਆ ਹੈ।

ਰਿਪੋਰਟ 'ਚ ਕਿਹਾ ਗਿਆ ਹੈ ਕਿ ਵਿਕਾਸ਼ੀਲ ਦੇਸ਼ਾਂ ਨੂੰ ਮੋਟਾਪੇ ਦੀ ਸਮੱਸਿਆ 'ਤੇ ਕਾਬੂ ਪਾਉਣ ਲਈ ਤੇਜ਼ੀ ਨਾਲ ਕਦਮ ਚੁੱਕਣੇ ਚਾਹੀਦੇ ਹਨ। ਵਿਕਾਸ਼ੀਲ ਦੇਸ਼ ਮੀਡੀਆ ਦੇ ਜਰੀਏ ਸਿਹਤਮੰਦ ਜੀਵਨਸ਼ੈਲੀ ਨੂੰ ਵਧਾਉਂਦੇ ਹਨ, ਸਿਹਤਮੰਦ ਭੋਜਨ ਦੇ ਲਈ ਕਰਾਂ ਨੂੰ ਘੱਟ ਕੀਤਾ ਜਾਵੇ, ਤਿਆਰ ਭੋਜਨ ਪੈਕਟਾਂ 'ਚ ਭੋਜਨ ਦੇ ਬਾਰੇ ਸਹੀ ਜਾਣਕਾਰੀ ਲਿਖੋ ਅਤੇ ਹਾਨੀਕਾਰਕ ਭੋਜਨ ਦੇ ਪ੍ਰਚਾਰ ਤੇ ਰੋਕ ਲਗਾਓ।

ਮਿਸ਼ੈਲ ਸੈਚਿਨੀ ਦਾ ਕਹਿਣਾ ਹੈ ਕਿ ਮੋਟਾਪੇ ਦੀ ਸਮੱਸਿਆ 'ਤੇ ਰੋਕ ਲਗਾਉਣ ਦੇ ਲਈ ਅਲੱਗ ਅਲੱਗ ਯਤਨ ਕਰਨ ਦੀ ਜਗ੍ਹਾ ਸਾਰਿਆਂ ਨੂੰ ਮਿਲ ਕੇ ਇਸ ਦੀ ਰੋਕ ਤੇ ਉਪਾਅ ਕਰਨ 'ਤੇ ਜ਼ੋਰ ਦੇਣਾ ਚਾਹੀਦਾ ਹੈ।

# ਗਊ ਦਾ ਪਿਸ਼ਾਬ ਤੇ ਵਿਗਿਆਨਕ ਸੋਚ

ਮੇਘ ਰਾਜ ਮਿੱਤਰ

ਰਾਮ ਲਾਲ ਮੇਰਾ ਦੋਸਤ ਸੀ। ਅਸੀਂ ਇੱਕੋ ਸਕੂਲ ਵਿਚ ਪੜ੍ਹਾਉਂਦੇ ਰਹੇ ਹਾਂ। ਸਵੇਰੇ ਹੀ ਸਕੂਲ ਆਉਣ ਸਾਰ ਉਸਦਾ ਪਹਿਲਾ ਕੰਮ ਹੁੰਦਾ ਸੀ ਸਕੂਲ ਦੇ ਬਗੀਚੇ ਵਿਚੋਂ ਫੁੱਲ ਤੋੜਨਾ ਤੇ ਸੂਰਜ ਦੇਵਤਾ ਨੂੰ ਭੇਂਟ ਕਰ ਦੇਣਾ। ਸਾਨੂੰ ਇਸ ਗੱਲ ਨਾਲ ਦੁੱਖ ਪਹੁੰਚਦਾ ਸੀ। ਬਗੀਚੇ ਵਿਚ ਮਿਹਨਤ ਨਾਲ ਲਗਾਏ, ਖਿੜੇ ਫੁੱਲ ਹਜ਼ਾਰਾਂ ਵਿਦਿਆਰਥੀਆਂ ਨੂੰ ਖੁਸ਼ੀ ਦਿੰਦੇ ਸਨ। ਅਸੀਂ ਗੱਲਾਂ ਗੱਲਾਂ ਵਿਚ ਉਸ ਤੱਕ ਆਪਣਾ ਰੋਸ ਵੀ ਪੁਚਾ ਦਿੰਦੇ ਸਾਂ। ਪਰ ਉਸਨੇ ਕਦੇ ਗੁੱਸਾ ਨਹੀਂ ਸੀ ਕੀਤਾ।

ਉਹ ਸਕੂਲ ਆਉਣ ਤੋਂ ਪਹਿਲਾਂ ਰੋਜ਼ਾਨਾ ਗਊਸ਼ਾਲਾ ਵਿਚ ਪਹੁੰਚਦਾ ਅਤੇ ਗਊ ਦੇ ਇੱਕ ਕਿਲੋ ਚੋਂਦੇ ਦੁੱਧ ਦਾ ਨਾਸ਼ਤਾ ਕਰਦਾ। ਅਸੀਂ ਉਸਨੂੰ ਕਹਿਣਾ "ਰਾਮ ਲਾਲ ਤੂੰ ਪੰਜਾਹ ਸਾਲ ਦੀ ਉਮਰ ਵਿਚ ਐਨਾ ਦੁੱਧ ਕਿਵੇਂ ਹਜ਼ਮ ਕਰ ਲੈਂਦਾ ਹੈ?" ਤਾਂ ਉਸਨੇ ਕਹਿਣਾ ਮੈਂ ਹਰ ਰੋਜ਼ ਵੀਹ ਕਿਲੋਮੀਟਰ ਸਾਈਕਲ ਵੀ ਚਲਾਉਂਦਾ ਹਾਂ। ਖੈਰ ਸਾਨੂੰ ਉਸਦੀ ਇਹ ਗੱਲ ਤਾਂ ਜਚ ਜਾਂਦੀ ਕਿ ਕਸਰਤ ਉਸਦੇ ਦੁੱਧ ਨੂੰ ਹਜ਼ਮ ਤਾਂ ਕਰ ਦਿੰਦੀ ਹੋਊ ਪਰ ਉਸ ਵਲੋਂ ਬਗੈਰ ਉਬਾਲੇ ਤੋਂ ਹੀ ਦੁੱਧ ਪੀ ਜਾਣਾ ਕਦੇ ਵੀ ਸਾਡੀ ਸਤੁੰਸ਼ਟੀ ਨਾ ਕਰਵਾਉਂਦਾ।

ਅੱਜ ਵਿਗਿਆਨ ਦੀਆਂ ਖੋਜਾਂ ਨੇ ਸਮੁੱਚੀ ਦੁਨੀਆਂ ਨੂੰ ਤਾਂ ਇਕ ਪਿੰਡ ਦੇ ਰੂਪ ਵਿਚ ਬਦਲ ਦਿੱਤਾ ਹੈ ਪਰ ਸਾਡੇ ਅਲੱਗ ਅਲੱਗ ਖਿੱਤਿਆਂ ਦੇ ਅੰਧ ਵਿਸ਼ਵਾਸ ਉਸੇ ਤਰ੍ਹਾਂ ਹੀ ਮੌਜੂਦ ਨੇ। ਸਾਨੂੰ ਦੂਸਰਿਆਂ ਦੇ ਅੰਧਵਿਸ਼ਵਾਸਾਂ ਉਪਰ ਤਾਂ ਹਾਸਾ ਆਉਂਦਾ ਹੈ ਪਰ ਆਪਣੇ ਅੰਧਵਿਸ਼ਵਾਸਾਂ ਵੇਲੇ ਅਸੀਂ ਚੁੱਪ ਵੱਟ ਲੈਂਦੇ ਹਾਂ।



ਸਮਾਂ ਬੀਤਦਾ ਗਿਆ। ਇੱਕ ਦਿਨ ਉਹ ਕਹਿਣ ਲੱਗਿਆ ਕਿ "ਬਾਦਾਮ ਬਹੁਤ ਗਰਮ ਹੁੰਦੇ ਹਨ।" ਮੈਂ ਖੁਰਾਕੀ ਵਸਤਾਂ ਵਿਚ ਵੱਧ ਘੱਟ ਕੈਲੋਰੀਆਂ ਦੀ ਹੋਂਦ ਵਿਚ ਤਾਂ ਯਕੀਨ ਰੱਖਦਾ ਸਾਂ। ਪਰ ਬਾਦਾਮਾਂ ਦੇ ਗਰਮ ਹੋਣ ਦੀ ਗੱਲ ਮੈਨੂੰ ਜਚੀ ਨਹੀਂ। ਮੈਂ ਉਸਨੂੰ ਕਿਹਾ ਕਿ ਮੈਂ ਕਿੰਨੇ ਬਾਦਾਮ ਤੈਨੂੰ ਖਾ ਕੇ ਵਿਖਾਵਾਂ। ਉਹ ਕਹਿਣ ਲੱਗਿਆ ਕਿ ਤੂੰ ਵੀਹ ਬਾਦਾਮ ਨਹੀਂ ਖਾ ਸਕਦਾ। ਖੈਰ ਸਾਡੀ ਸੌ ਰੁਪਏ ਦੀ ਸ਼ਰਤ ਲੱਗ ਗਈ। ਉਸਨੇ ਬਾਦਾਮ ਮੰਗਵਾ ਲਏ। ਇੱਕ ਇੱਕ ਕਰਕੇ ਉਹ ਮੇਰੇ ਹੱਥ ਤੇ ਰੱਖਦਾ ਰਿਹਾ ਤੇ ਮੈਂ ਬਾਦਾਮ ਖਾਂਦਾ ਗਿਆ। ਇਸ ਤਰ੍ਹਾਂ ਕਰਦੇ ਹੋਏ ਉਸ ਦਿਨ ਮੈਂ ਦੋ ਵਾਰ ਵੀਹ ਵੀਹ ਬਾਦਾਮ ਖਾ ਕੇ ਦੋ ਸੌ ਰੁਪਏ ਉਸ ਤੋਂ ਜਿੱਤ ਲਏ।

ਅਗਲੇ ਦਿਨ ਉਹ ਕਹਿਣ ਲੱਗਿਆ ਕਿ "ਗਊ ਦਾ ਪੇਸ਼ਾਬ ਸਰੀਰ ਨੂੰ ਬਹੁਤ ਠੰਡ ਪਹੁੰਚਾਉਂਦਾ ਹੈ।" ਮੈਂ ਆਖਿਆ ਕਿਵੇਂ ਪੁਚਾਉਂਦਾ ਹੈ ਠੰਡ? ਉਹ ਕਹਿਣ ਲੱਗਿਆ ਕਿ "ਜੇ ਤੂੰ ਮੇਰੇ ਨਾਲ ਸੌ ਰੁਪਏ ਦੀ ਸ਼ਰਤ ਲਾ ਲਵੇ ਤਾਂ ਮੈਂ ਤੈਨੂੰ ਗਊ ਦਾ ਪਿਸ਼ਾਬ ਪੀ ਕੇ ਵਿਖਾ ਸਕਦਾ ਹਾਂ।" ਦੋ ਸੌ ਰੁਪਏ ਮੈਂ ਉਸ ਤੋਂ ਤਾਜੇ ਤਾਜੇ ਹੀ ਜਿੱਤੇ ਸਨ। ਇਸ ਲਈ ਮੈਂ ਇਹ ਨਜ਼ਾਰਾ ਵੇਖਣ ਲਈ ਵੀ ਤਿਆਰ ਹੋ ਗਿਆ। ਪਿੰਡ ਸੰਘੇੜੇ ਦੀ ਗਊਸ਼ਾਲਾ ਵਿਚੋਂ ਗਊ ਮੂਤਰ ਦਾ ਇੱਕ ਜੱਗ ਲਿਆਂਦਾ ਗਿਆ। ਰਾਮ ਲਾਲ ਨੇ ਉਸੇ ਵੇਲੇ ਗਲਾਸ ਭਰ ਲਿਆ ਤੇ ਪੀ ਗਿਆ ਅਤੇ ਮੈਥੋਂ ਆਪਣੇ ਸੌ ਰੁਪਏ ਮੁੜਵਾ ਲਏ। ਇਸਦੇ ਨਾਲ ਹੀ ਇੱਕ ਹੋਰ ਐਮ. ਏ. ਬੀ. ਐਡ. ਅਧਿਆਪਕ ਕਹਿਣ ਲੱਗਿਆ "ਸਾਡੇ ਇੱਕ ਸੌ ਰੁਪਏ ਤੇਰੀ ਜੇਬ ਵਿਚ ਰਹਿ ਗਏ ਨੇ ਉਹ ਵੀ ਅਸੀਂ ਮੁੜਵਾਉਣੇ ਹਨ।" ਮੈਂ ਕਿਹਾ "ਕਿ ਇੱਕ ਗਲਾਸ ਤੂੰ ਪੀ ਲੈ।" ਉਸੇ ਸਮੇਂ ਉਸਨੇ ਗਊ ਦੇ ਪਿਸ਼ਾਬ ਦਾ ਗਿਲਾਸ ਡੀਕ ਲਾ ਕੇ ਪੀ ਲਿਆ।

ਇਸ ਗੱਲ ਨੂੰ ਬੀਤਿਆ ਦੋ ਦਹਾਕੇ ਹੋ ਗਏ। ਕੁਝ ਦਿਨ ਪਹਿਲਾਂ ਹੀ ਮੈਨੂੰ ਮਾਨਸਾ ਤੋਂ ਫੋਨ ਆਇਆ ਡਾਕਟਰ ਸੁਰਿੰਦਰ ਕਹਿਣ ਲੱਗਿਆ ਮਾਨਸਾ ਵਿਚ ਇੱਕ ਜਥੇਬੰਦੀ ਨੇ ਸ਼ਬੀਲ ਲਾਈ ਹੋਈ ਹੈ ਤੇ ਉਹ ਲੋਕਾਂ ਨੂੰ ਗਊ ਦਾ ਪਿਸ਼ਾਬ ਮੁਫ਼ਤ ਪਿਲਾ ਰਹੇ ਹਨ। ਉਹ ਕਹਿੰਦੇ ਹਨ ਕਿ "ਗਊ ਦਾ ਪਿਸ਼ਾਬ ਜੇ ਰੋਜ਼ਾਨਾ ਪੀਤਾ ਜਾਵੇ ਤਾਂ ਕੈਂਸਰ, ਸ਼ੂਗਰ, ਗੁਰਦੇ ਫੇਲ ਹੋ ਜਾਣਾ, ਟੀ. ਬੀ. ਅਤੇ ਦਿਲ ਦੀਆਂ ਬਿਮਾਰੀਆਂ ਵਰਗੇ ਭਿਆਨਕ ਰੋਗ ਕਦੇ ਹੋ ਹੀ ਨਹੀਂ ਸਕਦੇ। ਜੇ ਕਿਸੇ ਨੂੰ ਪਹਿਲਾਂ ਹੋਏ ਹਨ ਉਹ ਸਦਾ ਲਈ ਇਨ੍ਹਾਂ ਬਿਮਾਰੀਆਂ ਤੋਂ ਛੁਟਕਾਰਾ ਪਾ ਸਕਦੇ ਹਨ।" ਇਸ ਗੱਲ ਨੇ 7-8 ਸਾਲ ਪਹਿਲਾ ਅੰਧਰੰਗ ਕਾਰਨ ਵਿਛੜੇ ਮੇਰੇ ਦੋਸਤ ਰਾਮ ਲਾਲ ਦਾ ਮੁਹਾਂਦਰਾ ਮੇਰੇ ਸਾਹਮਣੇ ਲਿਆ ਖੜਾਇਆ।

ਰਾਮ ਲਾਲ ਦੇ ਗਊ ਦਾ ਪਿਸ਼ਾਬ ਪੀ ਜਾਣ ਤੋਂ ਸਾਡੇ ਵਿਚ ਇਸ ਵਿਸ਼ੇ ਬਾਰੇ ਵਿਚਾਰ ਵਟਾਂਦਰਾ ਕਈ ਮਹੀਨੇ ਲਗਾਤਾਰ ਜਾਰੀ ਰਿਹਾ ਸੀ। ਮੈਨੂੰ ਪਤਾ ਸੀ ਹਰ ਕਿਸੇ ਜੀਵ ਦਾ ਪਿਸ਼ਾਬ ਇੱਕ ਕਿਸਮ ਦਾ ਉਸਦਾ ਖੂਨ ਹੀ ਹੁੰਦਾ ਹੈ। ਗੁਰਦੇ ਸੌ ਲਿਟਰ ਖੂਨ ਵਿਚੋਂ ਵਾਰ ਵਾਰ ਛਾਣ ਕੇ ਸਿਰਫ਼ ਇੱਕ ਲਿਟਰ ਪਿਸ਼ਾਬ ਅਲੱਗ ਕਰਦੇ ਹਨ। ਪਿਸ਼ਾਬ ਵਿਚ ਉਨ੍ਹਾਂ ਸਭ ਪਦਾਰਥਾਂ ਦੀ ਕੁਝ ਨਾ ਕੁਝ ਮਾਤਰਾ ਰਹਿ ਜਾਂਦੀ ਹੈ ਜੋ ਖੂਨ ਵਿਚ ਹੁੰਦੀ ਹੈ। ਮੇਰੇ ਦੇਸ਼ ਦੇ ਵਸਨੀਕ ਪਿਸ਼ਾਬ ਨੂੰ ਤਾਂ ਪਵਿੱਤਰ ਕਹਿੰਦੇ ਹਨ ਪਰ ਗਊ ਮਾਸ ਖਾਣਾ ਉਹ ਗੁਨਾਹ ਸਮਝਦੇ ਹਨ ਪਰ ਕਿਉਂ? ਸਾਡੇ ਦੇਸ਼ ਵਿਚ ਗਊ ਦੇ ਪਿਸ਼ਾਬ ਦੀ ਮਹੱਤਤਾ ਇਸ ਕਰਕੇ ਹੈ ਕਿਉਂਕਿ ਸਾਡੇ ਦੇਸ਼ ਦੇ ਲੋਕ ਗਊ ਨੂੰ ਮਾਤਾ ਕਹਿ ਕੇ ਪੂਜਦੇ ਰਹੇ ਹਨ। ਭਾਵੇ ਅੱਜ ਦੇ ਮਸ਼ੀਨਰੀ ਯੁੱਗ ਨੇ ਗਊ ਦੀ ਮਹੱਤਤਾ ਨੂੰ ਘੱਟ ਕਰ ਦਿੱਤਾ ਹੈ।

ਅੱਜ ਸਾਡੇ ਦੇਸ਼ ਵਿਚ ਗਊ ਦੇ ਪਿਸ਼ਾਬ ਦੀ ਵਰਤੋਂ ਹਜ਼ਾਰਾਂ ਪਦਾਰਥਾਂ ਵਿਚ ਕੀਤੀ ਜਾ ਰਹੀ ਹੈ। ਸੁਰਖੀ, ਬਿੰਦੀ, ਵਾਲਾਂ ਦਾ ਤੇਲ, ਸੰਦਲ ਦੀ ਲੱਕੜ, ਆਯੁਰਵੈਦ ਦੀਆਂ ਦਵਾਈਆਂ, ਕੋਕੇ ਕੋਲੇ ਤੇ ਪੈਪਸੀ ਦੀ ਥਾਂ ਪਿਸ਼ਾਬ ਦਾ ਡਰਿੰਕ। ਇੱਕ ਦਿਨ ਮੇਰੇ ਬੇਟੇ ਨੂੰ ਨੀਂਦ ਨਹੀਂ ਸੀ ਆ ਰਹੀ ਉਸਨੇ ਸੌਣ ਦਾ ਬੜਾ ਯਤਨ ਕੀਤਾ ਪਰ ਪਤਾ ਨਹੀਂ ਕਿਉਂ ਉਹ ਫਿਰ ਉਠ ਬੈਠਦਾ। ਉਸਨੇ ਕਮਰੇ ਵਿਚ ਕਿਸੇ ਮਰੀ ਹੋਈ ਚੂਹੀ ਜਾਂ ਛਿਪਕਲੀ ਨੂੰ ਲੱਭਣ ਦਾ ਯਤਨ ਵੀ ਕੀਤਾ ਪਰ ਉਸਦੇ ਸਮਝ ਕੁਝ ਨਹੀਂ ਸੀ ਆ ਰਿਹਾ। ਸਵੇਰੇ ਘਰ ਵਿਚ ਆਇਆ ਮੇਰਾ ਪੋਤਾ ਸਿਰਹਾਣੇ ਲਾਗੇ ਟੇਬਲ ਤੇ ਪਈ ਸ਼ੀਸ਼ੀ ਨੂੰ ਪੜ੍ਹ ਕੇ ਕਹਿਣ ਲੱਗਿਆ "ਰਾਤੀ ਸਾਰਿਕਾ ਚਾਚੀ ਨੇ ਆਪਣੇ ਵਾਲਾਂ ਨੂੰ ਜੋ ਬਾਬਾ ਰਾਮਦੇਵ ਦਾ ਤੇਲ ਲਾਇਆ ਸੀ ਉਸ ਵਿਚ ਗਊ ਦਾ ਪਿਸ਼ਾਬ ਹੈ।" ਫਿਰ ਵਿਸ਼ਵ ਨੂੰ ਸਮਝ ਆਇਆ ਕਿ ਅਸਲ ਵਿਚ ਮਾਜਰਾ ਕੀ ਸੀ। ਕਹਿੰਦੇ ਨੇ ਉਤਰਾਖੰਡ ਦੀ ਸਰਕਾਰ ਨੇ ਤਾਂ ਮੱਝਾਂ ਤੇ ਗਊਆਂ ਦੇ ਦੁੱਧ ਦੀ ਤਰ੍ਹਾਂ ਹੀ ਗਊ ਦਾ ਪਿਸ਼ਾਬ ਘਰਾਂ ਵਿਚੋਂ ਖਰੀਦਣ ਵਾਲੀਆਂ ਡੇਰੀਆਂ ਦੇ ਪ੍ਰਬੰਧ ਵੀ ਕਰਨੇ ਸ਼ੁਰੂ ਕਰ ਦਿੱਤੇ ਹਨ।

ਕਿਸੇ ਵੇਲੇ ਮੈਂ ਸੁਣਿਆ ਸੀ ਕਿ ਅਰਬ ਦੇ ਵਸਨੀਕ ਉੱਠਾਂ ਦੇ ਪਿਸ਼ਾਬ ਨੂੰ ਦਵਾਈਆਂ ਵਿਚ ਵਰਤਦੇ ਹਨ ਤੇ ਸੁਡਾਨ ਦੇ ਲੋਕ ਬੱਕਰੀਆਂ ਦੇ ਪਿਸ਼ਾਬ ਨੂੰ ਮਹੱਤਵਪੂਰਨ ਮੰਨਦੇ ਹਨ। ਨਾਈਜ਼ੀਰੀਆ ਵਿਚ ਯੂਰਬਾ ਭਾਸ਼ਾਈ ਲੋਕ ਬੱਚਿਆਂ ਨੂੰ ਪੈਂਦੇ ਮਿਰਗੀ ਦੇ ਦੌਰੇ ਰੋਕਣ ਲਈ ਉਨ੍ਹਾਂ ਦੇ ਮੂੰਹ ਵਿਚ ਗਊ ਦਾ ਪਿਸ਼ਾਬ ਪਾ ਦਿੰਦੇ ਹਨ। ਪਰ ਇਕ ਗੱਲ ਜੋ ਮੇਰੀ ਸਮਝ ਤੋਂ ਬਾਹਰ ਹੈ ਉਹ ਇਹ ਹੈ ਕਿ ਜੇ ਅਰਬ ਦੇ ਵਸ਼ਨੀਕਾਂ ਨੂੰ ਗਊ ਦਾ ਪਿਸ਼ਾਬ ਪੀਣ ਲਈ ਕਿਹਾ ਜਾਵੇ ਤਾਂ ਉਹ ਪੂਰੀ ਤਰ੍ਹਾਂ ਨਾਂਹ ਕਰ ਜਾਣਗੇ ਪਰ ਜੇ ਭਾਰਤੀ ਲੋਕਾਂ ਨੂੰ ਉੱਠ ਜਾਂ ਬੱਕਰੀ ਦਾ ਪੇਸ਼ਾਬ ਪੀਣ ਦੀ ਸਲਾਹ ਦਿੱਤੀ ਜਾਵੇ ਤਾਂ ਉਹ ਕਹਿਣਗੇ "ਜੇ ਮੂੰਹ ਚੱਜ ਦਾ ਨਹੀਂ ਤਾਂ ਗੱਲ ਤਾਂ ਚੱਜ ਦੀ ਕਰ ਲਿਆ ਕਰ।"

ਅੱਜ ਵਿਗਿਆਨ ਦੀਆਂ ਖੋਜਾਂ ਨੇ ਸਮੁੱਚੀ ਦੁਨੀਆਂ ਨੂੰ ਤਾਂ ਇਕ ਪਿੰਡ ਦੇ ਰੂਪ ਵਿਚ ਬਦਲ ਦਿੱਤਾ ਹੈ ਪਰ ਸਾਡੇ ਅਲੱਗ ਅਲੱਗ ਖਿੱਤਿਆਂ ਦੇ ਅੰਧ ਵਿਸ਼ਵਾਸ ਉਸੇ ਤਰ੍ਹਾਂ ਹੀ ਮੌਜੂਦ ਨੇ। ਸਾਨੂੰ ਦੂਸਰਿਆਂ ਦੇ ਅੰਧਵਿਸ਼ਵਾਸਾਂ ਉਪਰ ਤਾਂ ਹਾਸਾ ਆਉਂਦਾ ਹੈ ਪਰ ਆਪਣੇ ਅੰਧਵਿਸ਼ਵਾਸਾਂ ਵੇਲੇ ਅਸੀਂ ਚੁੱਪ ਵੱਟ ਲੈਂਦੇ ਹਾਂ।

ਇਸ ਵਿਚ ਪੂਰੀ ਸਚਾਈ ਹੈ ਕਿ ਗਊ ਜਾਂ ਹੋਰ ਜੀਵਾਂ ਦੇ ਪਿਸ਼ਾਬ ਵਿਚ ਦੋ ਦਰਜਨ ਤੋਂ ਵੱਧ ਤੱਤ ਤੇ ਯੌਗਿਕ ਪਾਏ ਜਾਂਦੇ ਹਨ। ਇਨ੍ਹਾਂ ਵਿਚ ਨਾਈਟ੍ਰੋਜਨ, ਸਲਫਰ, ਅਮੋਨੀਆ, ਕਾਪਰ, ਆਇਰਨ, ਯੂਰੀਆ, ਯੂਰਿਕ ਐਸਿਡ, ਫਾਸਫੇਟ, ਸੋਡੀਅਮ, ਪੋਟਾਸ਼ੀਅਮ ਆਦਿ ਪ੍ਰਮੁੱਖ ਹਨ। ਕੀ ਇਹ ਸਾਰੇ ਹੀ ਮਨੁੱਖੀ ਸਿਹਤ ਲਈ ਫਾਇਦੇਮੰਦ ਹਨ? ਨਹੀਂ ਇਹ ਅਸੰਭਵ ਹੈ ਜੇ ਇਨ੍ਹਾਂ ਵਿਚੋਂ ਕੁਝ ਸਾਡੀ ਸਿਹਤ ਲਈ ਲਾਭਦਾਇਕ ਵੀ ਹੋਣਗੇ ਤਾਂ ਕੁਝ ਜ਼ਰੂਰ ਹੀ ਨੁਕਸਾਨਦਾਇਕ ਵੀ ਹੋਣਗੇ। ਸੋ ਲੋੜ ਹੈ ਇਹ ਜਾਨਣ ਦੀ ਕਿ ਕਿਹੜੇ ਲਾਭਦਾਇਕ ਹਨ ਤੇ ਕਿਹੜੇ ਨੁਕਸਾਨ ਕਰਦੇ ਹਨ।

ਕਈ ਵਾਰ ਵੱਡੀ ਉਮਰ 'ਚ ਗਊਆਂ ਦੇ ਗੁਰਦੇ ਵੀ ਫੇਲ ਹੋ ਜਾਂਦੇ ਹਨ ਤੇ ਉਹ ਖੂਨ ਦਾ ਵਧੀਆ ਢੰਗ ਨਾਲ ਫਿਲਟਰ ਨਹੀਂ ਕਰ ਸਕਦੀਆਂ। ਅਜਿਹੀਆਂ ਹਾਲਤਾਂ ਵਿਚ ਕਈ ਬਿਮਾਰੀਆਂ ਦੇ ਜਰਮ ਦੀ ਮਨੁੱਖੀ ਸਰੀਰ ਵਿਚ ਦਾਖਲ ਹੋਣ ਦਾ ਅੰਦੇਸ਼ਾ ਬਣਿਆ ਰਹਿੰਦਾ ਹੈ।

ਅਸਲੀਅਤ ਇਹ ਹੈ ਕਿ ਭਾਰਤ ਵਿਚ ਗਊ ਮਾਸ ਦੀ ਵਰਤੋਂ ਰੋਕਣ ਲਈ ਗਊ ਮੂਤਰ ਦੇ ਫਾਇਦਿਆਂ ਦਾ ਪ੍ਰਚਾਰ ਇਕ ਗਿਣੀ ਮਿਥੀ ਯੋਜਨਾ ਰਾਹੀ ਕੀਤਾ ਜਾ ਰਿਹਾ ਹੈ। ਇਥੋਂ ਤਾਂ ਗਊਆਂ ਦੇ ਟਰੱਕਾਂ ਨੂੰ ਲੈ ਜਾਣੋ ਰੋਕਣ ਲਈ ਮਨੁੱਖੀ ਸਰੀਰਾਂ ਨੂੰ ਅੱਗ ਦੀ ਭੇਂਟ ਕਰਕੇ ਇਹ ਸਿੱਧ ਕੀਤਾ ਜਾਂਦਾ ਹੈ ਕਿ ਜਾਨਵਰਾਂ ਦੀ ਕੀਮਤ ਮਨੁੱਖਾਂ ਨਾਲੋਂ ਕਿਤੇ ਜ਼ਿਆਦਾ ਹੈ। ਅਜਿਹੀਆਂ ਕਈ ਘਟਨਾਵਾਂ ਉੱਤਰ ਭਾਰਤ ਦੇ ਕਈ ਖਿੱਤਿਆਂ ਵਿਚ ਹੋਈਆਂ ਹਨ। ਪਰ ਕਦੇ ਵੀ ਸਰਕਾਰਾਂ ਨੇ ਜਾਂ ਅਦਾਲਤਾਂ ਨੇ ਇਨ੍ਹਾਂ ਘਟਨਾਵਾਂ ਤੇ ਕਦੇ ਵੀ ਕੋਈ ਗੰਭੀਰ ਕਾਰਵਾਈ ਨਹੀਂ ਕੀਤੀ।

ਬਾਬਾ ਰਾਮਦੇਵ ਜੀ ਵੀ ਆਪਣੀਆਂ ਦਵਾਈਆਂ ਵਿਚ ਗਊ ਮੂਤਰ ਦੀ ਵਰਤੋਂ ਵੱਡੇ ਪੱਧਰ ਤੇ ਕਰ ਰਿਹਾ ਹੈ। ਅੱਧਾ ਲਿਟਰ ਗਊ ਦਾ ਪਿਸ਼ਾਬ ਸੱਤਰ ਰੁਪਏ ਵਿਚ ਵੇਚਿਆ ਜਾ ਰਿਹਾ ਹੈ। ਹਜ਼ਾਰਾਂ ਵਪਾਰੀਆਂ ਨੇ ਗਊ ਮੂਤਰ ਦਾ ਵਿਉਪਾਰ ਕਰਨ ਲਈ ਹਜ਼ਾਰਾਂ ਹੀ ਦੁਕਾਨਾਂ ਖੋਲ ਲਈਆਂ ਹਨ।

ਚਰਕ, ਧੰਨਵੰਤਰੀ ਵਰਗੇ ਸਾਡੇ ਪੁਰਾਣੇ ਵੇਦ ਆਪਣੇ ਸਮੇਂ ਦੇ ਤਜਰਬੇਕਾਰ ਤੇ ਬੁੱਧੀਮਾਨ ਵਿਅਕਤੀ ਸਨ ਉਨ੍ਹਾਂ ਨੇ ਬਹੁਤ ਸਾਰੇ ਲਾਭਦਾਇਕ ਨੁਕਸ਼ੇ ਆਪਣੀਆਂ ਪੁਸਤਕਾਂ ਵਿਚ ਦਰਸਾਏ ਹਨ। ਪਰ ਸੋਚਣ ਵਾਲੀ ਗੱਲ ਹੈ ਕਿ ਉਹ ਕਿਹੜੇ ਸਮੇਂ ਵਿਚ ਹੋਏ ਹਨ ਉਸ ਸਮੇਂ ਵਿਗਿਆਨ ਦੀਆਂ ਖੋਜਾਂ ਦੀ ਕੀ ਹਾਲਤ ਸੀ। ਮੈਂ ਇਹ ਗੱਲ ਦਾਅਵੇ ਨਾਲ ਕਹਿ ਸਕਦਾ ਹਾਂ ਕਿ 100-200 ਸਾਲ ਪਹਿਲਾਂ ਸਾਡੇ ਪੁਰਖਿਆਂ ਕੋਲ ਤਾਂ ਜੂੰਆਂ ਮਾਰਨ ਲਈ ਵੀ ਕੋਈ ਦਵਾਈ ਨਹੀਂ ਸੀ। ਫਿਰ ਉਹ ਸਰੀਰ ਦੇ ਅੰਦਰੂਨੀ ਜਰਮਾਂ ਨੂੰ ਕਿਵੇਂ ਮਾਰ ਸਕਦੇ ਹਨ?

1935 ਵਿਚ ਸਾਡੇ ਦੇਸ਼ ਵਿਚ ਔਸਤ ਉਮਰ ਹੀ 35 ਸਾਲ ਸੀ। ਚਰਕ ਹੁਰਾਂ ਦੇ ਜਮਾਨੇ ਵਿਚ ਔਸਤ ਆਯੂ ਸਿਰਫ਼ 20 ਸਾਲ ਸੀ। ਅੱਜ ਦੇ ਵਿਗਿਆਨ ਨੇ ਸਾਡੇ ਦੇਸ਼ ਵਿਚ ਹੀ ਔਸਤ ਉਮਰ 65 ਸਾਲਾਂ ਨੂੰ ਪੁਚਾ ਦਿੱਤੀ ਹੈ। ਜਾਪਾਨੀ ਇਸਤਰੀਆਂ ਦੀ ਔਸਤ ਆਯੂ 88 ਵਰ੍ਹੇ ਹੋ ਚੁੱਕੀ ਹੈ।

ਚਰਕ ਵਰਗੇ ਵਿਦਵਾਨ ਦੋ ਹਜ਼ਾਰ ਸਾਲ ਪਹਿਲਾਂ ਹੋਏ ਹਨ। ਉਸ ਸਮੇਂ ਉਨ੍ਹਾਂ ਕੋਲ ਜਰਮਾਂ ਦਾ ਪਤਾ ਕਰਨ ਲਈ ਨਾ ਤਾਂ ਖੁਰਦਬੀਨਾਂ ਸਨ ਤੇ ਨਾ ਹੀ ਬਿਮਾਰੀਆਂ ਦਾ ਪਤਾ ਲਾਉਣ ਲਈ ਐਕਸ ਰੇ, ਤੇ ਅਲਟਰਾ ਸਾਊਂਡ ਸਨ। ਰਸਾਇਣਕ ਪ੍ਰਯੋਗਸ਼ਾਲਾਵਾਂ ਦਾ ਨਾਂ ਨਿਸ਼ਾਨ ਤੱਕ ਨਹੀਂ ਸੀ। ਸੋ ਅਜਿਹੇ ਸਮਿਆਂ ਵਿਚ ਜਰਮਾਂ ਨਾਲ ਹੋਣ ਵਾਲੀਆਂ ਬਿਮਾਰੀਆਂ ਦਾ ਕੋਈ ਪਤਾ ਨਹੀਂ ਸੀ।

ਅੱਜ ਤੋਂ ਸੱਠ ਸਾਲ ਪਹਿਲਾਂ ਸਾਡੇ ਦੇਸ਼ ਵਿਚ ਹੀ ਟੀ. ਬੀ. ਦਾ ਇਲਾਜ ਵੀ ਨਹੀਂ ਸੀ। ਪਰ ਗਊ ਮੂਤਰ ਤਾਂ ਉਦੋਂ ਵੀ ਵੱਧ ਮਾਤਰਾ ਵਿਚ ਸੀ ਕਿਉਂਕਿ ਉਸ ਸਮੇਂ ਅਮਰੀਕਨ ਨਸਲਾਂ ਤਾਂ ਸਾਡੇ ਦੇਸ਼ ਵਿਚ ਆਈਆਂ ਹੀ ਨਹੀਂ ਸਨ। ਜੇ ਉਸ ਸਮੇਂ ਟੀ. ਬੀ. ਦਾ ਇਲਾਜ ਹੁੰਦਾ ਤਾਂ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਦੀ ਪਤਨੀ ਕਮਲਾ ਨਹਿਰੂ ਅਤੇ ਪਾਕਿਸਤਾਨੀ ਆਗੂ ਜਿਨਾਹ ਵੀ ਟੀ. ਬੀ. ਨਾਲ ਨਾ ਮਰਦੇ।

ਭਾਵੇ ਅਮਰੀਕਨ ਨਸਲ ਦੀਆਂ ਗਊਆਂ ਖਾਂਦੀਆਂ ਤਾਂ ਭਾਰਤੀ ਚਾਰਾ ਹੀ ਹਨ ਪਰ ਪਿਸ਼ਾਬ ਪੀਣ ਦੇ ਮਸਲੇ ਉਨ੍ਹਾਂ ਨਾਲ ਭੇਦਭਾਵ ਕਿਉਂ ਕੀਤਾ ਜਾਂਦਾ ਹੈ।

ਅੱਜ ਸਾਡੇ ਗਊ ਭਗਤਾਂ ਨੇ ਸਾਡੇ ਸ਼ਹਿਰਾਂ ਦੀਆਂ ਹਾਲਤਾਂ ਅਖੌਤੀ ਨਰਕਾਂ ਨਾਲੋਂ ਭੈੜੀਆਂ ਕਰ ਰੱਖੀਆਂ ਹਨ। ਜਿਸ ਪਾਸੇ ਵੀ ਜਾਓ 'ਗਊ ਜਾਏ' ਰਸਤਾ ਰੋਕੀ ਖੜੇ ਨਜ਼ਰ ਆਉਣਗੇ। ਪਿਛਲੇ ਮਹੀਨੇ ਹੀ ਮੇਰਾ 78 ਸਾਲਾਂ ਚਾਚਾ ਇਨ੍ਹਾਂ ਦੀ ਭੇਂਟ ਚੜਦਾ ਚੜਦਾ ਮਸਾ ਹੀ ਬਚਿਆ ਹੈ। ਕਿਹੜਾ ਸ਼ਹਿਰ ਹੈ ਜਿਥੇ ਹਰ ਸਾਲ 40-50 ਬੰਦੇ ਇਨ੍ਹਾਂ ਦਾ ਸ਼ਿਕਾਰ ਹੋ ਕੇ ਲੱਤਾਂ ਬਾਹਾਂ ਤੁੜਵਾਉਂਦੇ ਨਹੀਂ? ਸਭ ਤੋਂ ਵੱਧ ਦੇਵੀ ਦੇਵਤਿਆਂ ਤੇ ਧਾਰਮਿਕ ਸਥਾਨਾਂ ਵਾਲੇ ਦੇਸ਼ਾਂ ਵਿਚ ਹੀ ਅਜਿਹੀਆਂ ਬਿਮਾਰੀਆਂ ਤੇ ਦੁਰਘਟਨਾਵਾਂ ਵੀ ਸਭ ਤੋਂ ਵਧੇਰੇ ਹੁੰਦੀਆਂ ਹਨ।

ਬਹੁਤੇ ਸਾਰੇ ਵਿਦੇਸ਼ੀ ਸੈਲਾਨੀਆਂ ਨੂੰ ਸ਼ਹਿਰਾਂ ਵਿਚ ਘੁੰਮਦੀਆਂ ਇਨ੍ਹਾਂ ਗਊਆਂ ਦੀਆਂ ਫੋਟੋਆਂ ਖਿੱਚਦੇ ਮੈਂ ਅੱਖੀ ਤੱਕਿਆ ਹੈ। ਕਈ ਵਾਰੀ ਮੈਂ ਉਨ੍ਹਾਂ ਨੂੰ ਇਸਦਾ ਕਾਰਨ ਵੀ ਪੁੱਛਿਆ ਉਨ੍ਹਾਂ ਦਾ ਜੁਆਬ ਹੁੰਦਾ ਹੈ ਕਿ "ਇਹ ਅਜੀਬ ਵਰਤਾਰਾਂ ਹੈ ਸਾਡੇ ਦੇਸ਼ਾਂ ਵਿਚ ਤਾਂ ਪਸ਼ੂ ਸੜਕ ਤੇ ਆ ਹੀ ਨਹੀਂ ਸਕਦੇ।"

ਅੱਜ ਵਿਗਿਆਨ ਦਾ ਯੁੱਗ ਹੈ। ਆਪਣੇ ਆਪ ਨੂੰ ਸਿਹਤਮੰਦ ਰੱਖਣ ਲਈ ਸਾਨੂੰ ਵਿਗਿਆਨਕ ਸੋਚ ਹੀ ਅਪਨਾਉਣੀ ਚਾਹੀਦੀ ਹੈ। ਵਿਗਿਆਨਕ ਸੋਚ ਕਹਿੰਦੀ ਹੈ ਕਿ ਕੋਈ ਵੀ ਚੀਜ਼ ਮੂੰਹ ਵਿਚ ਪਾਉਣ ਤੋਂ ਪਹਿਲਾਂ ਉਸ ਵਿਚ ਮੌਜੂਦ ਰਸਾਇਣਕ ਪਦਾਰਥਾਂ ਦਾ ਵਿਸ਼ਲੇਸ਼ਣ ਹੋਣਾ ਚਾਹੀਦਾ ਹੈ। ਸਿਰਫ਼ ਫ਼ਾਇਦੇਮੰਦ ਪਦਾਰਥ ਹੀ ਸਾਡੇ ਅੰਦਰ ਜਾਣੇ ਚਾਹੀਦੇ ਹਨ। ਹਾਨੀਕਾਰਕ ਰਸਾਇਣਕ ਪਦਾਰਥ ਨਹੀਂ ਜਾਣੇ ਚਾਹੀਦੇ।

ਗਊ ਦੇ ਪੇਸ਼ਾਬ ਦਾ ਵੀ ਦੁਨੀਆਂ ਦੀਆਂ ਵੱਖ ਵੱਖ ਪ੍ਰਯੋਗਸ਼ਾਲਾਵਾਂ ਵਿਚ ਰਸਾਇਣਕ ਪ੍ਰੀਖਣ ਹੋਣਾ ਚਾਹੀਦਾ ਹੈ। ਇਸ ਪ੍ਰੀਖਣ ਦੇ ਨਾਲ ਨਾਲ ਪ੍ਰੀਖਣ ਕਰਨ ਵਾਲਿਆਂ ਦੀ ਨੀਅਤ ਵੀ ਧਿਆਨ ਵਿਚ ਰੱਖਣੀ ਚਾਹੀਦੀ ਹੈ। ਕਿ ਕੌਣ ਕਿਸ ਚੀਜ਼ ਦਾ ਪ੍ਰਚਾਰ ਕਿਸ ਨੀਅਤ ਨਾਲ ਕਰ ਰਿਹਾ ਹੈ? ਥੋੜੀ ਜਿਹੀ ਘੋਖਵੀ ਨਜ਼ਰ ਗਊ ਦੇ ਪਿਸ਼ਾਬ ਸਬੰਧੀ ਸਾਡਾ ਨਜ਼ਰੀਆ ਦਰੁਸਤ ਕਰ ਸਕਦੀ ਹੈ।

ਗੋ ਮੂਤਰ, ਗੰਗਾਜਲ, ਅਯੁੱਧਿਆ ਜਾਂ ਗੋਧਰਾ ਕਿਸੇ ਪਾਰਟੀ ਲਈ ਸਿਆਸਤ ਦੀ ਟੀਸੀ ਤੇ ਪਹੁੰਚਣ ਲਈ ਪੌੜੀ ਦੇ ਟੰਬੇ ਵੀ ਤਾਂ ਹੋ ਸਕਦੇ ਨੇ।

e/; fj;Noh

# ਗੁੱਸੇ ਖੋਰ ਭੂਤ

ਇਕ ਦਿਨ ਮੈਂ ਅੱਧੀ ਛੁੱਟੀ ਹੀ ਸਕੂਲੋਂ ਘਰ ਵਾਪਿਸ ਆਉਣਾ ਸੀ, ਜਦੋਂ ਮੈਂ ਛੁੱਟੀ ਲਈ ਇਜ਼ਾਜਤ ਲੈਣ ਪ੍ਰਿੰਸੀਪਲ ਦਫਤਰ ਪੁੱਜਾ ਤਾਂ ਉਥੇ ਪਹਿਲਾਂ ਹੀ ਮੇਰੇ ਮੁਹੱਲੇ ਦੇ ਦੋ ਆਦਮੀ ਆਏ ਹੋਏ ਸਨ। ਜਦੋਂ ਮੈਂ ਉਹਨਾਂ ਨੂੰ ਇਥੇ ਆਉਣ ਦਾ ਕਾਰਨ ਪੁੱਛਿਆ ਤਾਂ ਉਹਨਾਂ ਮੈਨੂੰ ਜਲਦੀ ਛੁੱਟੀ ਲੈ ਕੇ ਨਾਲ ਚੱਲਣ ਲਈ ਕਿਹਾ। ਮੇਰੇ ਪੁੱਛਣ ਤੇ ਉਹਨਾਂ ਦੱਸਿਆ ਕਿ ਉਹਨਾਂ ਦੀ ਰਿਸ਼ਤੇਦਾਰੀ ਵਿੱਚ ਘਰ ਵਿੱਚ ਤਰ੍ਹਾਂ-ਤਰ੍ਹਾਂ ਦੀਆਂ ਘਟਨਾਵਾਂ ਹੋ ਰਹੀਆਂ ਹਨ। ਇਸ ਲਈ ਉਹਨਾਂ ਮੈਨੂੰ ਜਲਦੀ ਨਾਲ ਚੱਲਣ ਲਈ ਕਿਹਾ, ਪਰ ਮੈਨੂੰ ਘਰ ਵਿੱਚ ਕੁਝ ਕੰਮ ਹੋਣ ਕਰਕੇ ਉਹਨਾਂ ਨੂੰ ਸ਼ਾਮ ਦਾ ਸਮਾਂ ਦਿੱਤਾ। ਮੈਂ ਇਹਨਾਂ ਘਟਨਾਵਾਂ ਬਾਰੇ ਪਹਿਲਾਂ ਵੀ ਉਹਨਾਂ ਤੋਂ ਸੁਣਿਆ ਸੀ। ਉਹ ਦੋਵੇਂ ਤਰਕਸ਼ੀਲ ਸੋਚ ਵਾਲੇ ਵਿਅਕਤੀ ਸਨ, ਉਹਨਾਂ ਨੇ ਪਹਿਲਾਂ ਆਪਣੀ ਕੋਸ਼ਿਸ਼ ਕੀਤੀ ਸੀ ਪਰ ਉਹਨਾਂ ਨੂੰ ਸਫਲਤਾ ਨਾ ਮਿਲੀ ਕਿਉਂਕਿ ਉਸ ਘਰ ਦੇ ਸਾਰੇ ਮੈਂਬਰ ਅੰਧ ਵਿਸਵਾਸ਼ੀ ਸਨ। ਉਹਨਾਂ ਮੈਨੂੰ ਦੱਸਿਆ ਕਿ ਇਕ ਵਾਰ ਉਹਨਾਂ ਪੰਚਾਇਤ ਵਿਚ ਵੀ ਆਪਣਾ ਪੱਖ ਰੱਖਿਆ ਸੀ ਪਰ ਹੈਰਾਨਗੀ ਦੀ ਗੱਲ ਇਹ ਹੋਈ ਕਿ ਉਹ ਸਾਰੇ ਪੰਚਾਇਤੀ ਮੈਂਬਰਾਂ ਨੇ ਇਸਨੂੰ ਕੋਈ ਭੂਤ-ਪ੍ਰੇਤ ਦਾ ਸਾਇਆ ਦੱਸਿਆ।

ਚਾਰ ਕੁ ਵਜੇ ਅਸੀਂ ਚਾਰ ਜਾਣੇ ਹਰਜਿੰਦ, ਗਗਨਾ, ਗੋਰਾ ਅਤੇ ਮੈਂ ਫਾਜਿਲਕਾ ਤੋਂ ਰਵਾਨਾ ਹੋ ਗਏ। ਅਸੀਂ ਠਗਣੀ ਪਿੰਡ, ਜੋ ਕਿ ਫਾਜਿਲਕਾ ਤੋਂ 5 ਕੁ ਕਿਲੋਮੀਟਰ ਦੂਰ ਸੀ, ਸਵਾ ਕੁ ਚਾਰ ਵਜੇ ਪਹੁੰਚ ਗਏ। ਦੇਖਣ ਨੂੰ ਪਰਿਵਾਰ ਠੀਕ-ਠਾਕ ਲੱਗਦਾ ਸੀ-ਨਾ ਜ਼ਿਆਦਾ ਅਮੀਰ ਨਾ ਗਰੀਬ। ਉਸ ਘਰ ਵਿਚ ਦੋ ਕਮਰੇ, ਇੱਕ ਬੈਠਕ ਅਤੇ ਖੁੱਲਾ ਵਿਹੜਾ ਸੀ। ਸਾਨੂੰ ਜਾਂਦਿਆਂ ਹੀ ਉਹਨਾਂ ਬਾਹਰ ਵਿਹੜੇ ਵਿਚ ਬਿਠਾਇਆ। ਘਰ ਦੇ ਸਾਰੇ ਜੀਅ ਸਹਿਮੇ-ਸਹਿਮੇ ਅਤੇ ਚਿਹਰੇ ਮੁਰਝਾਏ ਹੋਏ ਸਨ। ਉਹਨਾਂ ਦੇ ਚਿਹਰਿਆਂ ਦੇ ਹਾਵ-ਭਾਵ ਚੋਂ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਸੀ ਕਿ ਉਹ ਕਿਸੇ ਵੱਡੇ ਸੰਕਟ ਵਿੱਚੋਂ ਲੰਘ ਰਹੇ ਹਨ। ਘਰ ਵਿੱਚ ਕੁੱਲ ਛੇ ਜੀਅ ਸਨ, ਦੋ ਭੈਣਾਂ, ਇਕ ਭਰਾ, ਉਹਨਾਂ ਦੇ ਮਾਤਾ-ਪਿਤਾ ਤੇ ਇਕ ਬਜ਼ੁਰਗ ਬਾਬਾ ਜੋ ਕਿ ਉਹਨਾਂ ਦਾ ਰਿਸ਼ਤੇਦਾਰ ਸੀ। ਸਾਡੇ ਜਾਣ ਤੇ ਘਰ ਦੇ ਮੁਖੀ ਦਾ ਭਰਾ ਵੀ ਉਥੇ ਆ ਗਿਆ। ਹਰਜਿੰਦਰ ਸਿੰਘ ਨੇ ਉਹਨਾਂ ਨੂੰ ਜਦੋਂ ਮੇਰੇ ਬਾਰੇ ਦੱਸਿਆ ਤਾਂ ਉਹਨਾਂ ਨੇ ਮੇਰੇ ਚੇਹਰੇ ਵੱਲ ਬੜੀ ਗਹੁ ਨਾਲ ਵੇਖਿਆ ਕਿ ਜਿਵੇਂ ਉਹਨਾਂ ਨੂੰ ਕਾਲੀ ਰਾਤ ਵਿੱਚ ਕੋਈ ਰੋਸ਼ਨੀ ਦਿਖਾਈ ਦਿੱਤੀ ਹੋਵੇ। ਅਸੀਂ ਪਰਿਵਾਰ ਦੇ ਮੈਂਬਰਾਂ ਨੂੰ ਪੂਰਾ ਸਹਿਯੋਗ ਦੇਣ ਲਈ ਕਿਹਾ। ਅਸੀਂ ਉਹਨਾਂ ਨੂੰ ਯਕੀਨ ਦਵਾਇਆ ਕਿ ਅਸੀਂ ਘਰ ਵਿੱਚ ਹੋ ਰਹੀਆਂ ਘਟਨਾਵਾਂ ਨੂੰ ਰੋਕ ਦਿਆਂਗੇ ਕਿਉਂਕਿ ਉਹਨਾਂ ਦਾ ਵਿਸ਼ਵਾਸ ਜਿੱਤਣਾ ਬਹੁਤ ਜ਼ਰੂਰੀ ਸੀ। ਘਰ ਵਿੱਚ ਹੋ ਰਹੀਆਂ ਘਟਨਾਵਾਂ ਬਾਰੇ ਤਾਂ ਮੈਂ ਪਹਿਲਾਂ ਹੀ ਹਰਜਿੰਦਰ ਸਿੰਘ ਤੇ ਗੋਰਾ ਸਿੰਘ ਕੋਲੋਂ ਜਾਣ ਚੁੱਕਿਆ ਸੀ। ਘਟਨਾਵਾਂ ਉਹਨਾਂ ਦੀ ਵੱਡੀ ਕੁੜੀ ਪਰਮਜੀਤ ਵਲੋਂ ਕੀਤੀਆਂ ਜਾ ਰਹੀਆਂ ਸਨ, ਜੋ ਕਿ ਅਰਨੀ ਵਾਲਾ ਪਿੰਡ ਵਿਆਹੀ ਹੋਈ ਸੀ। ਵਿਆਹ ਤੋਂ ਤਕਰੀਬਨ 15 ਦਿਨ ਬਾਅਦ ਹੀ ਉਸਨੂੰ ਦੌਰੇ ਪੈਣ ਲੱਗ ਪਏ ਸੀ। ਘਰਦਿਆਂ ਨੇ ਡਾਕਟਰੀ ਇਲਾਜ ਵੀ ਕਰਵਾਇਆ ਅਤੇ ਬਹੁਤ ਸਾਰੇ ਟੈਸਟ ਵੀ ਕੀਤੇ ਪਰ ਕੋਈ ਵੀ ਸ਼ਿਕਾਇਤ ਨਜ਼ਰ ਨਾ ਆਈ। ਡਾਕਟਰਾਂ ਦੇ ਅਨੁਸਾਰ ਉਸਦਾ ਦਿਮਾਗ ਬਿਲਕੁਲ ਠੀਕ ਕੰਮ ਕਰ ਰਿਹਾ ਸੀ ਪਰ ਘਰਦਿਆਂ ਨੇ ਸਮਝਿਆ ਕਿ ਇਹ ਡਾਕਟਰਾਂ ਦੇ ਵੱਸ ਦੀ ਗੱਲ ਨਹੀਂ। ਕੁੜੀ ਨੂੰ ਤਾਂ ਕੋਈ ਭੂਤ ਚਿੰਬੜ ਗਿਆ ਹੈ। ਸਹੁਰੇ ਘਰ ਵਿੱਚ ਹੀ ਉਸਦੇ ਵਾਲ ਕੱਟਣੇ ਸ਼ੁਰੂ ਹੋ ਗਏ ਸਨ। ਉਸਦਾ ਪਤੀ ਵੀ ਉਸ ਤੇ ਸ਼ੱਕੀ ਨਜ਼ਰ ਨਾਲ ਦੇਖਦਾ ਸੀ ਤੇ ਇਸ ਵਿਸ਼ੇ ਤੇ ਕਈ ਵਾਰ ਉਹਨਾਂ ਵਿਚਕਾਰ ਝੜਪ ਵੀ ਹੋਈ। ਆਖਿਰ ਕੁੜੀ ਪੇਕੇ ਆ ਗਈ। ਕਈ ਪੰਚਾਇਤਾਂ ਹੋਈਆਂ। ਪੰਚਾਇਤਾਂ ਵਿੱਚ ਵੀ ਉਸਦੇ ਵਾਲ ਕੱਟਣੇ ਸ਼ੁਰੂ ਹੋ ਗਏ। ਪੰਚਾਇਤਾਂ ਨੇ ਵੀ ਉਸਤੇ ਕਿਸੇ ਗੈਬੀ ਸ਼ਕਤੀ ਦਾ ਪ੍ਰਕੋਪ ਹੀ ਸਮਝਿਆ। ਉਸਦਾ ਪਤੀ ਅਤੇ ਸਹੁਰੇ ਪਰਿਵਾਰ ਵਾਲੇ ਤਲਾਕ ਦਾ ਜ਼ੋਰ ਪਾਉਣ ਲੱਗੇ। ਆਖਿਰ ਨੂੰ ਉਹਨਾਂ ਦਾ ਤਲਾਕ ਹੋ ਗਿਆ। ਤਲਾਕ ਤੋਂ ਬਾਅਦ 10-15 ਦਿਨ ਤਾਂ ਸੁੱਖ-ਸ਼ਾਂਤੀ ਨਾਲ ਬੀਤੇ ਲੇਕਿਨ ਇਸ ਤੋਂ ਬਾਅਦ ਘਟਨਾਵਾਂ ਦਾ ਸਿਲਸਿਲਾ ਫਿਰ ਸ਼ੁਰੂ ਹੋ ਗਿਆ। ਹੁਣ ਵਾਲਾਂ ਦੀ ਥਾਂ ਉਸਦੇ ਕੱਪੜੇ ਕੱਟਣੇ ਸ਼ੁਰੂ ਹੋ ਗਏ। ਪੁਰਾਣੇ ਤਾਂ ਕੀ ਨਵੇਂ ਪਾਏ ਕੱਪੜੇ ਵੀ ਕੱਟੇ ਜਾਂਦੇ। ਦੂਰ ਰੋਜ਼ ਘਰ ਵਿੱਚ ਨਵੀਂ ਹੀ ਘਟਨਾ ਵਾਪਰਦੀ, ਕਦੇ ਉਸਦੇ ਪੈਰੀਂ ਪਾਏ ਸੈਂਡਲ, ਚੱਪਲਾਂ ਅਤੇ ਜੁੱਤੀ ਕੱਟੀ ਜਾਂਦੀ, ਕਦੇ ਟਰੰਕ 'ਚ ਪਏ ਪੈਸੇ ਪਾੜੇ ਹੋਏ ਮਿਲਦੇ। ਪਰਿਵਾਰ ਧਾਰਮਿਕ ਸੀ ਤੇ ਕੁੜੀ ਸਮੇਤ ਘਰ ਦੇ ਕਈ ਮੈਂਬਰ ਸਵੇਰੇ-ਸ਼ਾਮ ਪਾਠ ਕਰਦੇ ਸਨ ਪਰ ਇਕ ਦਿਨ ਤਾਂ ਗੁਰੂ ਗ੍ਰੰਥ ਸਾਹਿਬ ਦੇ ਗੁਟਕੇ ਹੀ ਪਾੜੇ ਹੋਏ ਮਿਲੇ। ਘਰ ਦੇ ਮੈਂਬਰ ਇਸ ਉਪਰੀ ਸ਼ੈਅ ਤੋਂ ਬੜੇ ਦੁਖੀ ਸਨ। ਉਹਨਾਂ ਦੀ ਇਹ ਹਾਲਤ, ਉਹਨਾਂ ਦੇ ਚੇਹਰਿਆਂ ਤੋਂ ਸਾਫ ਝਲਕਦੀ ਸੀ। ਉਹਨਾਂ ਨੇ ਸਾਨੂੰ ਵਿਹੜੇ 'ਚ ਬਿਠਾਇਆ ਤੇ ਘਰ ਵਿੱਚ ਹੋ ਰਹੀਆਂ ਘਟਨਾਵਾਂ ਬਾਰੇ ਵਿਸਥਾਰ ਨਾਲ ਦੱਸਿਆ। ਕੁੜੀ ਦੇ ਚਾਚੇ ਨੇ ਬਾਹਰ ਪਿਆ ਕੂਲਰ ਦਿਖਾਇਆ ਜਿਹੜਾ ਉਸ ਭੂਤ ਨੇ ਤੋੜ-ਭੰਨ ਦਿੱਤਾ ਸੀ। ਕੁੜੀ ਦੀ ਮਾਂ ਨੇ ਦੋ ਗੰਢਾਂ ਕੱਟੇ ਹੋਏ ਕੱਪੜਿਆਂ ਦੀਆਂ ਦਿਖਾਈਆਂ। ਅਸੀਂ ਉਹ ਕੱਟੇ ਹੋਏ ਕੱਪੜੇ ਬੜੇ ਗਹੁ ਨਾਲ ਦੇਖੇ। ਕੱਟੇ ਹੋਏ ਕੱਪੜਿਆਂ ਵਿਚੋਂ ਜਿਹੜੇ ਪੁਰਾਣੇ ਸਨ ਉਹ ਤਾਂ ਲੀਰੋ-ਲੀਰ ਕੀਤੇ ਹੋਏ ਸਨ ਪਰ ਜਿਹੜੇ ਨਵੇਂ ਕੱਪੜੇ ਸਨ ਤੇ ਜਿਹੜੇ ਹੱਥਾਂ ਨਾਲ ਪਾੜੇ ਨਹੀਂ ਸਨ ਜਾ ਸਕਦੇ, ਉਹ ਕਿਸੇ ਤੇਜ਼ਦਾਰ ਹਥਿਆਰ ਚਾਕੂ ਜਾਂ ਬਲੇਡ ਨਾਲ ਵਿਚਕਾਰੋਂ ਗੋਲ-ਗੋਲ ਕੱਟ ਲਾਏ ਹੋਏ ਸਨ। ਘਰ ਵਿੱਚ ਘੱਟੋ-ਘੱਟ 50 ਹਜ਼ਾਰ ਦਾ ਨੁਕਸਾਨ ਹੋ ਚੁੱਕਿਆ ਸੀ ਤੇ ਘਰਦਿਆਂ ਦੀ ਹਾਲਤ ਬੜੀ ਤਰਸਯੋਗ ਬਣੀ ਹੋਈ ਸੀ। ਉਹ ਇਸ ਭੂਤ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਸਨ। ਕੁੜੀ ਦਾ ਚਾਚਾ ਤਰਕਸ਼ੀਲ ਸੋਚ ਵਾਲਾ ਹੋਣ ਕਰਕੇ ਉਹਨਾਂ ਨੇ ਜ਼ਿਆਦਾ ਬਾਬਿਆਂ ਤੇ ਤਾਂਤਰਿਕਾਂ ਨੂੰ ਤਾਂ ਨਹੀਂ ਲੁੱਟ ਕਰਵਾਈ ਲੇਕਿਨ ਕੁੜੀ ਦੀ ਮਾਂ ਨੇ ਉਸ ਤੋਂ ਚੋਰੀ-ਛੁਪੇ ਕੁਝ ਤਾਂਤਰਿਕਾਂ ਅਤੇ ਬਾਬਿਆਂ ਨੂੰ ਜ਼ਰੂਰ ਦਿਖਾਇਆ ਪਰ ਘਟਨਾਵਾਂ ਰੁਕਣ ਦੀ ਬਜਾਏ ਸਗੋਂ ਵਧ ਰਹੀਆਂ ਸਨ। ਸਾਨੂੰ ਪਤਾ ਸੀ ਕਿ ਘਟਨਾਵਾਂ ਕੁੜੀ ਕਰ ਰਹੀ ਹੈ ਸੋ ਅਸੀਂ ਘਰਦਿਆਂ ਤੋਂ ਇਜ਼ਾਜਤ ਲੈ ਕੇ ਕੁੜੀ ਨੂੰ ਬੈਠਕ ਵਿੱਚ ਬਿਠਾਇਆ ਤੇ ਉਸ ਤੋਂ ਪੁੱਛ-ਗਿੱਛ ਸ਼ੁਰੂ ਕਰ ਦਿੱਤੀ। ਮੇਰੇ ਨਾਲ ਗੋਰਾ ਸਿੰਘ ਸੀ ਉਹ ਤਰਕਸ਼ੀਲ ਤਾਂ ਨਹੀਂ ਸੀ ਪਰ ਉਹ ਭੂਤਾਂ-ਪ੍ਰੇਤਾਂ ਵਿਚ ਬਿਲਕੁਲ ਵਿਸ਼ਵਾਸ਼ ਨਹੀਂ ਕਰਦਾ ਸੀ। ਪਹਿਲਾਂ ਤਾਂ ਅਸੀਂ ਉਸ ਕੁੜੀ ਨੂੰ ਭਰੋਸਾ ਦਵਾਇਆ ਕਿ ਅਗਰ ਉਹ ਸਾਨੂੰ ਸੱਚ ਦੱਸ ਦੇਵੇਗੀ ਤਾਂ ਉਹ ਉਸਦੀ ਪੂਰੀ ਮਦਦ ਕਰਨਗੇ, ਜੋ ਉਸਦੀ ਇੱਛਾ ਹੈ। ਜਿਸਦੀ ਪੂਰਤੀ ਨਾ ਹੋਣ ਕਾਰਨ ਉਹ ਘਟਨਾਵਾਂ ਕਰ ਰਹੀ ਹੈ। ਉਹ ਇੱਛਾ ਪੂਰੀ ਕਰਨ ਲਈ ਉਸਦੇ ਪਰਿਵਾਰਿਕ ਮੈਂਬਰਾਂ ਨਾਲ ਗੱਲ ਕਰਨਗੇ। ਉਹ ਦੇਖਣ ਨੂੰ ਭੋਲੀ ਲੱਗਦੀ ਹੈ। ਹੌਲੀ-ਹੌਲੀ ਅਸੀਂ ਉਸਦਾ ਵਿਸ਼ਵਾਸ਼ ਜਿੱਤਣ ਵਿੱਚ ਕਾਮਯਾਬ ਹੋ ਗਏ। ਉਸਨੇ ਦੱਸਿਆ ਕਿ ਉਸਦਾ ਪਤੀ ਠੰਡਾ ਸੀ ਤੇ ਉਥੇ ਉਸਨੂੰ ਸਰੀਰਕ ਸੁੱਖ ਨਹੀਂ ਸੀ ਮਿਲ ਰਿਹਾ ਸਗੋਂ ਉਸਦਾ

ਪਤੀ ਉਸ ਤੇ ਸ਼ੱਕ ਕਰਦਾ ਸੀ ਕਿ ਉਹ ਉਸਦੇ ਛੋਟੇ ਭਰਾ ਨਾਲ ਮਾੜੀ ਹੈ। ਜਿਸ ਕਰਕੇ ਉਸਦਾ ਪਤੀ ਉਸਨੂੰ ਮਾਰਦਾ ਕੁੱਟਦਾ ਸੀ ਤੇ ਉਸਦੇ ਸਹੁਰੇ ਤੇ ਸੱਸ ਦਾ ਵਿਉਹਾਰ ਵੀ ਉਸ ਪ੍ਰਤੀ ਚੰਗਾ ਨਹੀਂ ਸੀ। ਜਦੋਂ ਅਸੀਂ ਉਸਨੂੰ ਸਹੁਰੇ ਘਰ ਦੌਰੇ ਪੈਣ ਵਾਲੀ ਗੱਲ ਪੁੱਛੀ ਤਾਂ ਉਸਨੇ ਦੱਸਿਆ ਕਿ ਉਸਨੂੰ ਦੌਰੇ ਤਾਂ ਨਹੀਂ ਪੈਂਦੇ ਸਨ ਲੇਕਿਨ ਰਾਤ ਨੂੰ ਇਸ ਤਰ੍ਹਾਂ ਮਹਿਸੂਸ ਹੁੰਦਾ ਸੀ ਕਿ ਜਿਵੇਂ ਉਸ ਤੇ ਕਿਸੇ ਨੇ ਭਾਰ ਪਾਇਆ ਹੋਵੇ ਤੇ ਉਸਨੂੰ ਨੱਪਿਆ ਹੋਵੇ। ਉਹ ਦੌਰੇ ਪੈਣ ਦਾ ਢੌਂਗ ਹੀ ਕਰਦੀ ਸੀ ਜਿਸ ਕਾਰਨ ਡਾਕਟਰੀ ਰਿਪੋਟਾਂ ਵਿਚ ਵੀ ਕੁਝ ਨਹੀਂ ਸੀ ਆਇਆ। ਜਦੋਂ ਅਸੀਂ ਪੁੱਛਿਆ ਕਿ ਉਸਦਾ ਤਲਾਕ ਹੋਣ ਦੇ ਬਾਵਜੂਦ ਵੀ ਉਹ ਘਟਨਾਵਾਂ ਕਿਉਂ ਕਰ ਰਹੀ ਹੈ। ਅਗਰ ਉਸਦੀ ਕੋਈ ਇੱਛਾ ਹੈ ਤਾਂ ਦੱਸ ਦੇਵੇ ਲੇਕਿਨ ਸਾਨੂੰ ਉਸਤੋਂ ਕੋਈ ਤਸੱਲੀਬਖ਼ਸ਼ ਉੱਤਰ ਨਾ ਮਿਲਿਆ। ਅਸੀਂ ਉਸ ਤੋਂ ਅੱਗੇ ਤੋਂ ਘਟਨਾਵਾਂ ਨਾ ਕਰਨ ਦਾ ਵਾਅਦਾ ਲਿਆ। ਬਾਅਦ ਵਿੱਚ ਅਸੀਂ ਉਸਦੇ ਚਾਚੇ ਨੂੰ ਬੁਲਾ ਕੇ ਉਸਦਾ ਛੇਤੀ ਵਿਆਹ ਕਰਨ ਲਈ ਕਿਹਾ। ਉਸਦਾ ਘਰ ਵਿਚ ਘਟਨਾਵਾਂ ਕਰਨ ਦਾ ਮੁੱਖ ਕਾਰਨ ਉਸਦੀ ਸੈਕਸ-ਤ੍ਰਿਪਤੀ ਦੀ ਘਾਟ ਸੀ। ਸਹੁਰੇ ਘਰ ਵਿਚ ਵੀ ਉਸਨੂੰ ਉਸਦੇ ਪਤੀ ਤੋਂ ਇਹ ਸੁੱਖ ਨਹੀਂ ਮਿਲਿਆ ਸੀ, ਦੂਸਰਾ ਕਾਰਨ ਉਹ ਬੜੀ ਭੋਲੀ-ਭਾਲੀ ਲੜਕੀ ਸੀ ਤੇ ਆਪਣੇ ਘਰਦਿਆਂ ਮੈਂਬਰਾਂ ਨਾਲ ਆਪਣੇ ਵਿਆਹ ਬਾਰੇ ਨਹੀਂ ਸੀ ਗੱਲ ਕਰ ਸਕਦੀ ਜਿਸ ਕਾਰਨ ਉਹ ਅੰਦਰੋਂ-ਅੰਦਰੀ ਘੁੱਟਦੀ ਰਹਿੰਦੀ ਸੀ ਤੇ ਉਸਦਾ ਸੁਭਾਅ ਚਿੜਚਿੜਾ ਹੋ ਗਿਆ ਸੀ। ਉਹ ਇਹ ਘਟਨਾਵਾ ਗੁੱਸੇ ਵਿਚ ਕਰਦੀ ਸੀ ਤੇ ਆਪਣਾ ਗੁੱਸਾ ਕੱਪੜਿਆਂ ਤੇ ਘਰ ਦੇ ਦੂਜੇ ਸਮਾਨ ਤੇ ਕੱਢਦੀ ਸੀ। ਘਰਦਿਆਂ ਦਾ ਭੂਤਾਂ-ਪ੍ਰੇਤਾਂ ਵਿਚ ਯਕੀਨ ਨੇ ਉਸਦਾ ਕੰਮ ਸੁਖਾਲਾ ਕਰ ਦਿੱਤਾ। ਸਾਡੇ ਸਮਝਾਉਣ ਤੇ ਕਿ ਭੂਤ-ਪ੍ਰੇਤ ਕੁਝ ਨਹੀਂ ਹੁੰਦੇ, ਇਹ ਸਿਰਫ ਵਹਿਮ-ਭਰਮ ਹਨ ਤਾਂ ਉਸਨੇ ਘਟਨਾਵਾਂ ਬੰਦ ਕਰ ਦਿੱਤੀਆਂ।

ਸਾਡੇ ਸਮਝਾਉਣ ਤੇ ਕਿ ਅਗਰ ਉਸਨੇ ਘਰ ਵਿਚ ਦੁਬਾਰਾ ਘਟਨਾ ਕੀਤੀ ਤਾਂ ਉਹ ਘਰ ਦੇ ਮੈਂਬਰਾਂ ਨੂੰ ਦੱਸ ਦੇਣਗੇ ਕਿ ਘਟਨਾਵਾਂ ਉਹ ਹੀ ਕਰਦੀ ਹੈ। ਇਹ ਗੱਲ ਮੰਨਣ ਤੋਂ ਬਾਅਦ ਉਹ ਸਹਿਮ ਗਈ ਤੇ ਅਸੀਂ ਉਸ ਤੋਂ ਘਟਨਾਵਾਂ ਨਾ ਕਰਨ ਦਾ ਵਾਅਦਾ ਲਿਆ ਤੇ ਪਰਿਵਾਰ ਦੇ ਮੈਂਬਰਾਂ ਨੂੰ ਤਸੱਲੀ ਦਿੱਤੀ ਕਿ ਅੱਜ ਤੋਂ ਬਾਅਦ ਘਟਨਾਵਾਂ ਨਹੀਂ ਹੋਣਗੀਆਂ। ਇਹ ਸੁਣ ਕੇ ਪਰਿਵਾਰ ਦੇ ਮੈਂਬਰਾਂ ਦੇ ਚਿਹਰਿਆਂ ਤੇ ਖੁਸ਼ੀ ਦੀ ਲਹਿਰ ਪ੍ਰਗਟ ਹੋ ਗਈ। ਉਹਨਾਂ ਇਹ ਪੁੱਛਣ ਦੀ ਕੋਸ਼ਿਸ਼ ਕੀਤੀ ਕਿ ਘਟਨਾਵਾਂ ਕੌਣ ਕਰ ਰਿਹਾ ਹੈ ਪਰ ਅਸੀਂ ਉਹਨਾਂ ਦੇ ਪ੍ਰਸ਼ਨ ਟਾਲ-ਮਟੋਲ ਕੇ ਉਤਰ ਦੇ ਦਿੱਤਾ ਪਰ ਅਸੀਂ ਪਰਿਵਾਰ ਦੇ ਮੈਂਬਰਾਂ ਤੋਂ ਵੀ ਵਾਅਦਾ ਲਿਆ ਕਿ ਉਹ ਕਿਸੇ ਬਾਬੇ ਜਾ ਤਾਂਤਰਿਕ ਕੋਲ ਨਹੀਂ ਜਾਣਗੇ ਕਿਉਂਕਿ ਉਹ ਤਾਂ ਸਿਰਫ ਠੱਗ ਹੁੰਦੇ ਹਨ। ਅਸੀਂ ਪਰਿਵਾਰ ਦੇ ਮੈਂਬਰਾਂ ਨੂੰ ਸਮਝਾ ਕੇ ਤਕਰੀਬਨ 6 ਕੁ ਵਜੇ ਉਥੋਂ ਰਵਾਨਾ ਹੋ ਗਏ। ਅੱਜ ਛੇ ਮਹੀਨੇ ਹੋ ਚੁੱਕੇ ਹਨ। ਉਸ ਘਰ ਵਿੱਚ ਇਸ ਤੋਂ ਬਾਅਦ ਕੋਈ ਘਟਨਾ ਨਹੀਂ ਹੋਈ ਤੇ ਅਸੀਂ ਇਕ ਘਰ ਅੰਧ ਵਿਸ਼ਵਾਸ ਦੀ ਦਲਦਲ ਵਿੱਚੋਂ ਕੱਢ ਲਿਆ।

– ***ਅੰਗਰੇਜ਼ ਸਿੰਘ*** ਤਰਕਸ਼ੀਲ ਸੁਸਾਇਟੀ (ਰਜਿ.) ਭਾਰਤ,
ਜੋਨ-ਫਾਜਿਲਕਾ, ਮੋਬਾਇਲ ਨੰ: 99144-21388

## ਕੀ ਤੂੰ ਡੀ ਸੀ ਲੱਗਾਂ?

ਮੇਰੇ ਨਾਲ ਚੌਥੀ ਕਲਾਸ ਵਿੱਚ ਪੜਦਾ ਮੇਰੇ ਘਰਾਂ ਤੋਂ ਕੁਝ ਦੂਰ ਘਰ ਵਿੱਚ ਆਪਣੇ ਬਿਰਧ ਮਾਂ ਅਤੇ ਬਾਪ ਨਾਲ ਰਹਿੰਦਾ ਅਤੇ ਘਰ ਵਿੱਚ ਅੰਤਾਂ ਦੀ ਗਰੀਬੀ ਤੇ ਫਿਰ ਫੇਲ ਹੋ ਜਾਣਾ ਵਰਗੇ ਮਸਲਿਆ ਨੇ ਉਸ ਲੜਕੇ ਨੂੰ ਇਹਨਾਂ ਉਲਝਾਇਆ ਕਿ ਉਹ ਪੰਜਵੀਂ ਕਲਾਸ ਵਿੱਚ ਹੀ ਨਸ਼ੇ ਕਰਨ ਲਗਾ ਸਕੂਲ ਵਿੱਚ ਉਸ ਨੂੰ ਸਾਰੇ ਨਸ਼ੇੜੀ ਕਹਿਣ ਲੱਗ ਪਏ ਜਦੋਂ ਵੀ ਕਿਸੇ ਨੇ ਉਸ ਨੂੰ ਨਸ਼ੇ ਕਰਨ ਤੋਂ ਰੋਕਣਾ ਤਾਂ ਉਸ ਨੇ ਕਹਿਣਾ, ਕਿ ਤੂੰ ਡੀ ਸੀ ਲੱਗਾਂ ਮੇਰੀ ਜੋ ਮਰਜ਼ੀ ਮੈਂ ਕਰਾਂ। ਮੈਂ ਤੈਥੋਂ ਮੰਗ ਕੇ ਖਾਂਦਾ ਹਾਂ। ਟੀਚਰਾਂ ਨੇ ਉਸ ਨੂੰ ਨਾ ਸੁਧਰਦਾ ਦੇਖ ਕੇ ਉਸ ਦਾ ਨਾਮ ਸਕੂਲ ਵਿੱਚੋਂ ਕੱਟ ਦਿੱਤਾ ਉਸ ਨੇ ਜ਼ਿੰਦਗੀ ਵਿਚ ਹਰ ਨਸ਼ਾ ਕੀਤਾ। ਗੋਲੀਆਂ, ਕੈਪਸੂਲ, ਸ਼ੀਸ਼ੀਆਂ ਜਿਨਾਂ ਵਿੱਚ ਖੰਘ ਦੀ ਦਵਾ ਹੁੰਦੀ ਹੈ ਉਸ ਨੂੰ ਚਾਹ ਨਾਲ ਪੀਣਾ, ਸਮੈਕ, ਪੌਸਤ, ਚਰਸ, ਇਹ ਨਸ਼ੇ ਉਸ ਨੇ ਲਗਾਤਾਰ ਕੀਤੇ ਇਕ ਦਿਨ ਐਸਾ ਆਇਆ ਕਿ ਇਹ ਚੀਜ਼ਾਂ ਉਸ ਨੂੰ ਨਸ਼ਾ ਨਾ ਕਰਨ ਲੱਗੀਆਂ ਤਾਂ ਉਹ ਹੋਰ ਜ਼ਿਆਦਾ ਮਾਤਰਾ ਵਿੱਚ ਨਸ਼ਾ ਕਰਨ ਲਗਾ। ਅੰਤ ਉਸ ਨੂੰ ਹੁਣ ਇਹ ਸਾਰੀਆਂ ਨਸ਼ੇ ਵਾਲੀਆਂ ਚੀਜਾਂ ਨਸ਼ਾ ਨਾ ਕਰਦੀਆਂ ਤਾਂ ਉਸ ਨੇ ਆਪਣੇ ਘਰ ਪਈ ਫਸਲਾਂ ਤੇ ਛਿੜਕਨ ਵਾਲੀ ਥੋੜੀ ਜਿਹੀ ਦਵਾਈ ਕੱਚ ਦੇ ਗਲਾਸ ਵਿੱਚ ਪਾਈ ਥੋੜਾ ਪਾਣੀ ਪਾਇਆ ਤੇ ਪੀ ਗਿਆ ਤੇ ਉਸ ਦੇ ਦੱਸਣ ਅਨੁਸਾਰ ਇਸ ਦਵਾਈ ਨੇ ਉਸ ਨੂੰ ਪੂਰਾ ਨਸ਼ਾ ਕੀਤਾ ਤੇ ਹੁਣ ਉਹ ਥੋੜੀ ਥੋੜੀ ਸਪਰੇਅ ਪੀ ਲੈਂਦਾ ਫਿਰ ਉਹ ਖਮੋਸ਼ ਹੋ ਗਿਆ ਗੁਮਸੁਮ ਰਹਿਣ ਲੱਗ ਪਿਆ। ਇੱਕ ਦਿਨ ਪਤਾ ਨਹੀਂ ਕਿਧਰ ਚਲਿਆ ਗਿਆ ਤੇ ਹੁਣ ਪੂਰੇ 20 ਸਾਲ ਬਾਅਦ ਵਾਪਿਸ ਆਇਆ ਉਸ ਦੀ ਮਾਤਾ ਪਿੰਡ ਵਾਲੀਆਂ ਦੁਕਾਨਾਂ ਤੋਂ ਉਸ ਨੂੰ ਬੀੜੀਆਂ ਲਿਆ ਕੇ ਦਿੰਦੀ ਤੇ ਉਹ ਮੰਜੇ ਉਪਰ ਬੈਠਾ ਗੁਮਸੁੰਮ ਪੀਈ ਜਾਂਦਾ। ਗਲੀ ਵਿੱਚ ਲੰਘਣ ਵਾਲਿਆਂ ਵੱਲ ਝਾਕਦਾ ਪਰ ਬੋਲਦਾ ਕੁਝ ਨਾ। ਇਸੇ ਤਰ੍ਹਾਂ ਕੁਝ ਸਮਾਂ ਬੀਤਣ ਤੇ ਉਸ ਦੀ ਮਾਤਾ ਇਕ ਦਿਨ ਮੇਰੇ ਕੋਲ ਆਈ ਤੇ ਕਹਿਣ ਲੱਗੀ ਕਿ ਤੂੰ ਏਨੇ ਕੇਸ ਹੱਲ ਕੀਤੇ ਨੇ ਜੇ ਕਿਤੇ ਮੇਰੇ ਮੁੰਡੇ ਨੂੰ ਵੀ ਮੱਤ ਦੇਵੇ, ...ਤੇ ਆਖੇ ਲੱਗਜੇ। ਉਸ ਮਾਤਾ ਦੀ ਆਵਾਜ਼ ਵਿੱਚ ਡਾਢੀ ਬੇਬੱਸੀ ਸੀ ਮੈਂ ਉਸ ਦੇ ਨਾਲ ਉਸ ਦੇ ਘਰ ਗਿਆ ਤੇ ਉਸ ਆਪਣੇ ਕਲਾਸ ਫੈਲੋ ਨਾਲ ਹੱਥ ਮਿਲਾਇਆ। ਮੈਂ ਉਸ ਦਾ ਹਾਲ ਚਾਲ ਪੁੱਛਿਆ ਉਸ ਨੇ ਸਿਰ ਹਲਾ ਕੇ ਮੱਥੇ ਉੱਪਰ ਹੱਥ ਰੱਖ ਲਿਆ ਨੀਵੀਂ ਪਾ ਕੇ ਬੈਠ ਗਿਆ। ਮੈਂ ਉਸ ਨੂੰ ਫਿਰ ਪੁੱਛਿਆ ਅੱਜ ਕੱਲ੍ਹ ਕੀ ਕਰਦਾ ਹੈ, ਤਾਂ ਉਸਨੇ ਕਿਹਾ ਕਿ ਕੁਝ ਨਹੀਂ। ਮੈਂ ਉਸ ਨੂੰ ਕੋਈ ਕੰਮ ਕਾਰ ਘਰਦਾ ਹੀ ਕਰਨ ਲਈ ਕਿਹਾ। ਉਸ ਨੇ ਕਿਹਾ ਕਿ ਤੂੰ ਡੀ ਸੀ ਲੱਗਾਂ? ਮੈਂ ਕਿਹਾ ਮੈਂ ਡੀ ਸੀ ਨਹੀਂ ਲਗਾ ਪਰ ਤੈਨੂੰ ਕੰਮ ਤੇ ਲਾਉਣਾ ਫਰੀਦਕੋਟ ਵਿਖੇ। ਉਠ ਤਕੜਾ ਹੋ ਵਹਿਲਾ ਬੰਦਾ, ਜਵਾਨ ਚੰਗਾ ਨਹੀਂ ਲਗਦਾ। ਫਿਰ ਉਸਦੀ ਭਰਜਾਈ ਜੋ ਪੱਠੇ ਕੁਤਰ ਰਹੀ ਸੀ ਨੂੰ ਮੈਂ ਦੇਖਿਆ ਜੋ ਪਹਿਲਾਂ ਪੱਠਿਆਂ ਵਾਲੀ ਮਸ਼ੀਨ ਨੂੰ ਰੁਗ ਲਾਉਦੀ ਫਿਰ ਅੱਗੇ ਜਾ ਕੇ ਮਸ਼ੀਨ ਗੇੜਦੀ ਮੈਂ ਕਿਹਾ ਤੇਰੀ ਭਰਜਾਈ ਐਨੀ ਔਖੀ ਹੋਈ ਜਾਂਦੀ ਹੈ ਕਿ ਤੂੰ ਰੁਗ ਵੀ ਨਹੀਂ ਲਾ ਸਕਦਾ ਤੇ ਹੋਰ ਕਈ ਗੱਲਾਂ ਕਰਕੇ ਮੈਂ ਵਾਪਿਸ ਆ ਗਿਆ। ਤਿੰਨਾਂ ਦਿਨਾਂ ਬਾਅਦ ਉਸਦੀ ਮਾਤਾ ਨੇ ਸਾਡੇ ਘਰ ਆ ਕੇ ਦੱਸਿਆ ਕਿ ਉਹ ਅੱਜ ਸਾਡੇ ਨਾਲ ਪੱਠੇ ਲੈਣ ਗਿਆ ਸੀ ਤੇ ਫਿਰ ਮੈਂ ਉਸ ਨੂੰ ਉਸ ਦੇ ਘਰ ਜਾ ਕੇ ਉਸ ਦੀ ਥੋੜੀ ਜਿਹੀ ਪੁੱਛ ਪੜਤਾਲ ਕੀਤੀ ਤਾਂ ਉਸ ਵਿੱਚ ਕਾਫੀ ਸੁਧਾਰ ਆਇਆ। ਅੱਜ ਕੱਲ ਉਹ ਮਿਸਤਰੀਆਂ ਨਾਲ ਦਿਹਾੜੀ ਕਰਦਾ ਹੈ ਨਸ਼ੇ ਘੱਟ ਕਰਦਾ ਹੈ ਕਦੇ ਕਦੇ ਕੋਈ ਨਸ਼ਾ ਨਹੀਂ ਕਰਦਾ ਉਸ ਦਾ ਪ੍ਰੀਵਾਰ ਖੁਸ਼ ਹੈ ਇਸ ਤਰ੍ਹਾਂ ਮੇਰੀ ਥੋੜੀ ਜਿਹੀ ਕੋਸ਼ਿਸ਼ ਨੇ ਉਸ ਦੀਆਂ ਸੁੱਤੀਆਂ ਉਮੰਗਾਂ ਨੂੰ ਜਗਾਇਆ ਅੱਜ ਦਿਹਾੜੀ ਜਾਣ ਲਗਾ ਮੁੱਖ ਰਸਤੇ ਵਿੱਚ ਮਿਲਿਆ ਹੱਥ ਵਿੱਚ ਮੋਬਾਇਲ ਫੜੀ ਜਿਸ ਤੇ ਉਹ ਗਾਣੇ ਸੁਣਦਾ ਜਾ ਰਿਹਾ ਸੀ। ਮੇਰਾ ਹਾਸਾ ਨਿਕਲਿਆ ਤੇ ਉਹ ਮੈਨੂੰ ਹੱਥ ਚੁੱਕ ਅੱਗੇ ਵੱਧ ਗਿਆ। ਸ਼ਾਇਦ ਉਹ ਲੇਟ ਹੋ ਰਿਹਾ ਹੋਵੇਗਾ।

– *ਲਖਵਿੰਦਰ ਹਾਲੀ*

# ਸਰਗਰਮੀਆਂ

ਤਰਕਸ਼ੀਲ ਸੁਸਾਇਟੀ ਭਾਰਤ ਦੀ ਇਕਾਈ ਫਰੀਦਕੋਟ ਵੱਲੋਂ ਬਾਬਾ ਸੇਖ ਫਰੀਦ ਅਗਮਨ ਪੁਰਬ ਤੇ ਸੱਤਵਾਂ ਤਰਕਸ਼ੀਲ ਨਾਟਕ ਮੇਲਾ ਕਰਵਾਇਆ ਗਿਆ ਮੇਲੇ ਦੀ ਸ਼ੁਰੂਆਤ ਦਰਸ਼ਨ ਸਿਵੀਆ ਨੇ ਕੀਤੀ। ਅਕਾਸ਼ਦੀਪ ਵਲੋਂ ਜਾਦੂ ਦੇ ਟ੍ਰਿਕ ਕੀਤੇ ਗਏ। ਏਨੇ ਨੂੰ ਅਮਰ ਆਸ਼ਰਮ ਪੂਰੀ ਤਰ੍ਹਾਂ ਭਰ ਚੁੱਕਾ ਸੀ।

ਅਮਰ ਇਕਬਾਲ ਲੁਧਿਆਨਾ ਵਲੋਂ ਬਹੁਤ ਹੀ ਵਧੀਆ ਜਾਦੂ ਦੇ ਟ੍ਰਿਕ ਕੀਤੇ ਗਏ ਗੁਰਜਿੰਦਰ ਡੋਹਕ ਦੀ ਟੀਮ ਵਲੋਂ ਨਾਟਕ ਕਿਸਾ ਇਕਬਾਲ ਦਾ ਤੇ ਕ੍ਰੋਉਗ੍ਰਾਫੀ ਲੱਖ ਪਾਖੰਡੀ ਬਾਰੇ ਪੇਸ਼ ਕੀਤੀਆਂ ਗਈਆਂ ਅਜਮੇਰ ਔਲਖ ਦੀ ਟੀਮ ਵਲੋਂ ਨਾਟਕ 'ਅਵੈਸਲੇ ਯੁਧਾ ਦੀ ਨਾਇਕਾ' ਤੇ 'ਬੇਗਾਨੇ ਬੋਹੜ ਦੀ ਛਾਂ' ਪੇਸ਼ ਕੀਤੇ ਗਏ ਮਾਸਟਰ ਮੇਘ ਰਾਜ ਮਿੱਤਰ ਬਾਨੀ ਤਰਕਸ਼ੀਲ ਸੁਸਾਇਟੀ ਭਾਰਤ ਵਲੋਂ ਕੀਤੀ ਗਈ ਦਿਲ ਟੁੰਬਣੀ ਤਕਰੀਰ ਨੇ ਲੋਕਾਂ ਨੂੰ ਸੋਚਣ ਲਈ ਮਜ਼ਬੂਰ ਕਰ ਦਿੱਤਾ ਆਖਰ ਤੇ ਗੈਬੀ ਸ਼ਕਤੀ ਦੇ ਦਾਅਵੇਦਾਰਾਂ ਨੂੰ ਇਕ ਕਰੋੜ ਦੇ ਇਨਾਮ ਦੀ ਪੇਸ਼ਕਸ਼ ਕੀਤੀ ਗਈ ਮੇਲੇ ਤੇ ਇਕੱਤਰ ਹੋਇਆ ਇਕੱਠ ਇਸ ਗੱਲ ਦੀ ਗਵਾਹੀ ਭਰਦਾ ਸੀ ਕਿ ਲੋਕ ਪਹਿਲਾਂ ਨਾਲੋਂ ਵਧੇਰੇ ਤਰਕਸ਼ੀਲਾਂ ਦੇ ਹੱਕ ਵਿਚ ਆ ਰਹੇ ਹਨ। ਮੰਚ ਦਾ ਸੰਚਾਲਣ ਜਗਪਾਲ ਸਿੰਘ ਬਰਾੜ ਅਤੇ ਇਕਾਈ ਪ੍ਰਧਾਨ ਲਖਵਿੰਦਰ ਹਾਲੀ ਵਲੋਂ ਕੀਤਾ ਗਿਆ। ਮੇਲੇ ਨੂੰ ਕਾਮਯਾਬ ਕਰਨ ਲਈ ਸੁਖਚੈਨ ਥਾਂਦੇਵਾਲਾ, ਬਲਕਾਰ ਮੰਡ, ਜਸਵੀਰ ਰਾਣਾ, ਕੁਲਵੰਤ ਸਿੰਘ ਮਾਨ, ਸੁਭਾਸ਼ ਗਰੋਵਰ ਵਲੋਂ ਵਿਸ਼ੇਸ ਸਹਿਯੋਗ ਦਿੱਤਾ।

*– ਲਖਵਿੰਦਰ ਹਾਲੀ*

*ਪ੍ਰਧਾਨ ਤਰਕਸ਼ੀਲ ਸੁਸਾਇਟੀ ਭਾਰਤ ਇਕਾਈ ਫਰੀਦਕੋਟ*

*98761-63421*

ਦੋ ਅਕਤੂਬਰ ਮਹਾਤਮਾ ਗਾਂਧੀ ਦੇ ਜਨਮ ਵਜੋਂ ਮਨਾਇਆ ਜਾਂਦਾ ਹੈ ਪਰ ਅਸੀਂ ਤਰਕਸ਼ੀਲਾਂ ਨੇ ਜੋ ਕੁਝ ਪੜ੍ਹਿਆ ਹੈ ਉਸ ਅਨੁਸਾਰ ਤਾਂ ਮਹਾਤਮਾ ਗਾਂਧੀ ਜੀ ਦੀ ਭੂਮਿਕਾ ਅੰਗਰੇਜ਼ਾਂ ਨੂੰ ਇਕ ਸਮਝੌਤੇ ਰਾਹੀ ਇਸ ਦੇਸ਼ ਵਿਚੋਂ ਬਾਹਰ ਕੱਢਣ ਦੀ ਰਹੀ ਹੈ। ਅੰਗਰੇਜ਼ ਤਾਂ ਮਹਾਤਮਾ ਗਾਂਧੀ ਜੀ ਨੂੰ ਇੰਗਲੈਂਡ ਤੇ ਮਹਾਰਾਣੀ ਐਲਿਜਾਬੈਥ ਦਾ ਇੱਕ ਸੁਭਚਿੰਤਕ ਹੀ ਮੰਨਦੇ ਸਨ। ਇਸ ਗੱਲ ਦਾ ਸਭ ਤੋਂ ਵੱਡਾ ਸਬੂਤ ਤਾਂ ਉਹ ਚਿੱਠੀ ਹੈ ਜਿਹੜੀ ਮਹਾਤਮਾ ਗਾਂਧੀ ਨੂੰ 20 ਮਾਰਚ 1931 ਨੂੰ ਅੰਗਰੇਜ਼ ਸਰਕਾਰ ਦੇ ਅੰਦਰੂਨੀ ਸੁਰੱਖਿਆ ਲਈ ਜ਼ਿੰਮੇਵਾਰ ਸਭ ਤੋਂ ਵੱਡੇ ਅਫ਼ਸਰ ਨੇ ਲਿਖੀ ਸੀ। ਇਸ ਲਈ ਭਾਵੇਂ ਆਜਾਦ ਸਪੋਰਟਸ ਕਲੱਬ ਚੀਮਨਾ ਤਹਿਸੀਲ ਜਗਰਾਉਂ ਦੇ ਸੱਦੇ ਤੇ ਅਸੀਂ ਦੋ ਅਕਤੂਬਰ ਨੂੰ ਤਰਕਸ਼ੀਲ ਮੇਲਾ ਲਾਇਆ। fJ; gq̄rokw d/ w[Zy p[bko/ soeFhb nkr{ w/x oki fwZso ;B.T[BQK nkgD/ ;zp̄XB ftZu n:[ZfXnk wkwb/ T[Zs/ nkJ/ c?;b/ B{z wzdGkrk eoko fdzfdnK fejk fe fJ; c?;b/ Bkb fJZe tko fco ndkbsh fBnK gqpzXK s/ ;tkb fuzBQ bZr frnk j?. T[BQK ਉੱਤਰ ਪ੍ਰਦੇਸ਼ ਦੀ ਹਾਈਕੋਰਟ ਵਲੋਂ ਅਯੁੱਧਿਆ ਮਸਲੇ ਤੇ ਆਸਥਾ ਨੂੰ ਭਾਰਤੀ ਸੰਵਿਧਾਨ ਤੋਂ ਉੱਪਰ ਰੱਖੇ ਜਾਣ ਨੂੰ ਘਟੀਆ ਫੈਸਲਾ ਕਰਾਰ ਦਿੱਤਾ ਜਿਸ ਵਿਚ ਹਾਈਕੋਰਟ ਦੇ ਜੱਜਾਂ ਵਲੋਂ ਕਾਨੂੰਨੀ ਨੁਕਤਿਆਂ ਨੂੰ ਅੱਖੋਂ ਪ੍ਰੋਖੇ ਕੀਤਾ ਗਿਆ। ਇਸ ਫੈਸਲੇ ਨਾਲ ਇਥੋਂ ਦੇ ਵੱਡੇ ਸੰਤਾਂ ਵਲੋਂ ਕੀਤੇ ਬਲਾਤਕਾਰ, ਕਤਲ ਵਰਗੀਆਂ ਕੋਝੀਆਂ ਘਟਨਾਵਾਂ ਆਸਥਾ ਦੇ ਪਰਨੇ ਥੱਲੇ ਢੱਕ ਦਿੱਤੀਆਂ ਜਾਣ ਦਾ ਖਦਸਾ ਪ੍ਰਗਟ ਕੀਤਾ। ਹਰਵਿੰਦਰ ਦੀਵਾਨਾ ਦੀ ਟੀਮ ਵਲੋਂ ਨਾਟਕ ਖੇਡੇ ਗਏ। ਲੋਕਾਂ ਦੇ ਵੱਡੇ ਇਕੱਠ ਨੇ ਪੂਰੇ ਪੰਜ ਘੰਟੇ ਇਸ ਤਰਕਸ਼ੀਲ ਮੇਲੇ ਤੋਂ ਅੰਧ ਵਿਸਵਾਸਾਂ ਵਿਚੋਂ ਬਾਹਰ ਨਿਕਲਣ ਦਾ ਸਬਕ ਲਿਆ।

- ;Zsgkb

## ਵਿਗਿਆਨ ਜੋਤ ਦੇ ਲਾਈਫ਼ ਮੈਂਬਰ

346. अजीत सिंह चक्की वाले
गांव: मलेका, Teh. & Distt. सिरसा (हरियाणा)

347. ਬਸੰਤ ਸਿੰਘ ਪੁੱਤਰ ਪ੍ਰੀਤਮ ਸਿੰਘ ਬੋਪਾਰਾਏ
ਪਿੰਡ : ਪੰਡੋਰੀ, ਜ਼ਿਲ੍ਹਾ : ਬਰਨਾਲਾ

## ਜ਼ਰੂਰੀ ਸੂਚਨਾ

ਤਰਕਸ਼ੀਲ ਸੁਸਾਇਟੀ ਭਾਰਤ (ਰਜਿ.) ਦੇ ਸਮੂਹ ਮੈਂਬਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸੁਸਾਇਟੀ ਦੇ ਕੰਮ-ਕਾਰ ਨੂੰ ਹੋਰ ਬਿਹਤਰ ਬਣਾਉਣ ਲਈ ਦਫ਼ਤਰੀ ਪ੍ਰਬੰਧਕ ਦੇ ਤੌਰ 'ਤੇ ਸਾਥੀ ਓਮ ਪ੍ਰਕਾਸ਼ ਦੀ ਨਿਯੁਕਤੀ ਕੀਤੀ ਗਈ ਹੈ। ਸੁਸਾਇਟੀ ਮੈਂਬਰ ਓਮ ਪ੍ਰਕਾਸ਼ ਨਾਲ ਉਸ ਦੇ ਫੋਨ ਨੰਬਰ 90419-38353 ਉਤੇ ਸੰਪਰਕ ਕਰਕੇ ਆਪਣੀਆਂ ਸਰਗਰਮੀਆਂ ਜਾਂ ਹੋਰ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਸਾਂਝੀ ਕਰ ਸਕਦੇ ਹਨ

## ਇੱਕ ਪਾਠਕ ਹੋਰ........

*ਅਦਾਰਾ 'ਵਿਗਿਆਨ ਜੋਤ' ਪਿਛਲੇ ਦਸ ਵਰ੍ਹਿਆਂ ਤੋਂ ਵਿਗਿਆਨਕ ਸੋਚ ਨੂੰ ਘਰ-ਘਰ ਪਹੁੰਚਾਉਣ ਲਈ ਯਤਨਸ਼ੀਲ ਹੈ। ਇਸ ਲੋਕ-ਪੱਖੀ ਉਪਰਾਲੇ ਵਿੱਚ ਤੁਹਾਡੇ ਯੋਗਦਾਨ ਦੀ ਬਹੁਤ ਜ਼ਰੂਰਤ ਹੈ। ਸਾਰੇ ਪਾਠਕਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਰਿਸ਼ਤੇਦਾਰਾਂ, ਦੋਸਤਾਂ-ਮਿੱਤਰਾਂ ਵਿੱਚੋਂ ਘੱਟੋ-ਘੱਟ ਇੱਕ ਹੋਰ ਵਿਅਕਤੀ ਨੂੰ ਇਸ ਦਾ ਮੈਂਬਰ ਬਣਾਉਣ ਵਿੱਚ ਸਹਾਈ ਹੋਣ। ਸਾਡੇ ਸਮਾਜ ਦਾ ਕਲਿਆਣ ਤਾਹੀਓਂ ਹੋ ਸਕਦਾ ਹੈ ਜੇ ਵਿਗਿਆਨਕ ਸੋਚ ਵਾਲੇ ਵਿਅਕਤੀਆਂ ਦੀ ਗਿਣਤੀ ਵਧੇਰੇ ਹੋਵੇਗੀ।*


**"ਸਾਡਾ ਉਦੇਸ਼ : ਲੁੱਟ ਅਤੇ ਜਬਰ ਦਾ ਨਾਸ਼"**
**ਤਰਕਸ਼ੀਲ, ਇਨਕਲਾਬੀ ਅਤੇ ਹੋਰ ਅਗਾਂਹਵਧੂ ਨਾਟਕਾਂ, ਕੋਰੀਓਗ੍ਰਾਫੀਆਂ ਅਤੇ ਗੀਤ ਸੰਗੀਤ ਲਈ ਸੰਪਰਕ ਕਰੋ।**

**ਲੋਕ ਕਲਾ ਮੰਚ ਜ਼ੀਰਾ (ਰਜਿ:)**

**ਨਿਰਦੇਸ਼ਕ :- ਮੇਘ ਰਾਜ ਰੱਲਾ**

**ਮੋਬਾਇਲ :- 98558-30400**

# ਚੁੰਬਕ ਦਾ ਇਤਿਹਾਸ



ਪਿਆਰੇ ਬੱਚਿਓ ਤੁਸੀਂ ਬਹੁਤ ਵਾਰ ਚੁੰਬਕ ਨਾਲ ਲੋਹੇ ਦੇ ਛੋਟੇ ਛੋਟੇ ਟੁਕੜਿਆਂ ਨੂੰ ਖਿਚਿਆਂ ਹੋਵੇਗਾ। ਕੀ ਕਦੇ ਸੋਚਿਆ ਹੈ ਕਿ ਚੁੰਬਕ ਹੈ ਕੀ? ਇਸ ਦਾ ਪਤਾ ਕਿਵੇਂ ਲੱਗਿਆ? ਆਓ ਜਾਣੀਏ ਇਸ ਬਾਰੇ।

ਅੱਜ ਤੋਂ 4000 ਸਾਲ ਪਹਿਲਾਂ ਉਤਰੀ ਯੂਨਾਨ ਦੇ ਇਕ ਸ਼ਹਿਰ ਮੈਗਨੀਸ਼ੀਆ ਵਿਚ ਇਕ ਆਜੜੀ ਰਹਿੰਦਾ ਸੀ ਜਿਸ ਦਾ ਨਾਮ ਸੀ 'ਮੈਗਨਸ'। ਉਸ ਕੋਲ ਇਕ ਸੋਟੀ ਸੀ ਜਿਸ ਦੇ ਹੇਠਲੇ ਸਿਰੇ ਤੇ ਲੋਹਾ ਲੱਗਿਆ ਹੋਇਆ ਸੀ। ਇਕ ਦਿਨ ਭੇਡਾਂ ਚਰਾਉਣ ਵੇਲੇ ਸੋਟੀ ਇਕ ਕਾਲੇ ਪੱਥਰ ਨਾਲ ਚਿਪਕ ਗਈ। ਕਾਲਾ ਪੱਥਰ ਬੜੇ ਕਮਾਲ ਦਾ ਸੀ। ਲੋਹੇ ਨੂੰ ਆਪਣੇ ਵੱਲ ਖਿਚ ਲੈਂਦਾ ਸੀ। ਇਸ ਲਈ ਇਸ ਕਾਲੇ ਪੱਥਰ ਦਾ ਯੂਨਾਨੀ ਨਾਮ 'ਲੋਡ ਸਟੋਨ' ਰੱਖਿਆ ਗਿਆ ਜਿਸ ਦਾ ਅਰਥ ਹੈ 'ਖਿੱਚਣ ਵਾਲਾ ਪੱਥਰ'। ਬਾਅਦ ਵਿਚ ਇਸ ਕਾਲੇ ਪੱਥਰ ਦਾ ਨਾਮ ਮੈਗਨੀਸ਼ੀਆ ਸ਼ਹਿਰ ਵਿਚ ਰਹਿਣ ਵਾਲੇ ਉਸ ਆਜੜੀ ਮੈਗਨਸ਼ ਦੇ ਨਾਂ ਉਤੇ ਮੈਗਨੇਟਾਈਟ ਰੱਖਿਆ ਗਿਆ। ਜਿਸ ਨੂੰ ਅੱਜ ਕੱਲ ਚੁੰਬਕ ਕਹਿੰਦੇ ਹਨ।

ਸ਼ੁਰੂ ਵਿਚ ਇਸ ਨੂੰ ਜਾਦੂ ਵਾਲਾ ਪੱਥਰ ਸਮਝਿਆ ਜਾਂਦਾ ਰਿਹਾ। ਅਸਲ ਵਿਚ ਸ਼ੁਰੂਆਤ ਦਾ ਜ਼ਿਆਦਾ ਕੰਮ ਚੁੰਬਕ ਉਤੇ ਯੂਨਾਨੀਆਂ ਤੇ ਚੀਨੀਆਂ ਨੇ ਕੀਤਾ। 4500 ਸਾਲ ਪਹਿਲਾਂ ਚੀਨ ਨੇ ਕੰਪਾਸ ਦੀ ਖੋਜ ਕਰ ਲਈ ਸੀ। ਰੋਮਨ ਵਿਗਿਆਨੀ ਪਲਿਨੀ ਇੰਡਸ ਨਦੀ ਦੇ ਨੇੜੇ ਇਕ ਪਹਾੜੀ ਬਾਰੇ ਲਿਖਦਾ ਹੈ ਜੋ ਉਸ ਕੋਲ ਦੀ ਲੰਘਣ ਵਾਲੀਆਂ ਲੋਹੇ ਦੀਆਂ ਕਿਸ਼ਤੀਆਂ ਨੂੰ ਆਪਣੇ ਵੱਲ ਖਿੱਚ ਲੈਂਦੀ ਸੀ। ਯੂਨਾਨੀ ਵਿਗਿਆਨੀ ਆਰਕਮੀਡਜ਼, ਚੁੰਬਕ ਦੀ ਵਰਤੋਂ ਦੁਸ਼ਮਣ ਦੇ ਜਹਾਜ਼ਾਂ ਵਿਚੋਂ ਕਿੱਲਾ ਬਾਹਰ ਕੱਢਣ ਵਾਸਤੇ ਕਰਦਾ ਸੀ ਤਾਂ ਜੋ ਉਹ ਸਮੁੰਦਰ ਵਿਚ ਡੁੱਬ ਜਾਣ। ਹੁਣ ਤੱਕ ਪਤਾ ਲੱਗ ਚੁੱਕਾ ਸੀ ਕਿ ਮੈਗਨੇਟਾਈਟ ਮੁੱਖ ਤੌਰ ਤੇ ਲੋਹੇ ਦੇ ਆਕਸਾਈਡਾਂ ਦਾ ਬਣਿਆ ਹੋਇਆ ਸੀ।

ਪ੍ਰੰਤੂ ਸਭ ਤੋਂ ਪਹਿਲਾਂ ਵਿਗਿਆਨਕ ਸਿਧਾਂਤ 1269 ਈ: ਵਿਚ ਇਕ ਸੈਨਿਕ ਪੀਟਰ ਪੇਰੇਗਰੀਨਸ ਨੇ ਦਿੱਤਾ। ਬੜਾ ਹਿੰਮਤੀ ਤੇ ਵਿਗਿਆਨਕ ਸੋਚ ਰੱਖਣ ਵਾਲਾ ਸੀ ਪੀਟਰ। ਉਸ ਨੇ ਮੈਗਨੇਟਾਈਟ ਬਾਰੇ ਉਸ ਸਮੇਂ ਗਿਆਤ ਸਭ ਕੁਝ ਲਿਖਿਆ। ਕਹਿੰਦੇ ਹਨ ਕਿ ਇਹ ਉਸ ਨੇ ਉਸ ਸਮੇਂ ਲਿਖਿਆ ਜਦੋਂ ਉਹ ਲੁਕੇਰਿਆ ਦੀ ਕੰਧ ਦੇ ਬਾਹਰ ਸੈਨਿਕ ਸੀ ਜੋ ਕਿ ਘਿਰੀ ਹੋਈ ਸੀ ਅਤੇ ਜਿਸ ਦੇ ਅੰਦਰਲੇ ਪਾਸੇ ਲੋਕ ਭੁੱਖ ਨਾਲ ਮਰ ਰਹੇ ਸੀ।

ਚੁੰਬਕ ਦੇ ਇਤਿਹਾਸ ਵਿਚ ਅੰਗਰੇਜ਼ ਡਾਕਟਰ ਅਤੇ ਭੌਤਿਕ ਵਿਗਿਆਨ ਵਿਗਿਆਨੀ ਗਿਲਬਰਟ ਦੇ ਯੋਗਦਾਨ ਨੂੰ ਕੌਣ ਭੁੱਲ ਸਕਦਾ ਹੈ। 1600 ਈ: ਵਿਚ ਚੁੰਬਕ ਦੀਆਂ ਵਿਸ਼ੇਸ਼ਤਾਵਾਂ ਉਪਰ ਉਸ ਨੇ ਆਪਣਾ ਬਹੁਤਾ ਸਮਾਂ ਲਾਇਆ। ਕਿਵੇਂ ਗਰਮ ਕਰਨ ਉਪਰ ਚੁੰਬਕ ਦੀ ਚੁੰਬਕਤਾ ਖਤਮ ਹੁੰਦੀ ਹੈ ਅਤੇ ਧਰਤੀ ਵੀ ਇਕ ਵੱਡੇ ਚੁੰਬਕ ਦੀ ਤਰ੍ਹਾਂ ਕੰਮ ਕਰਦੀ ਹੈ ਇਹ ਸਭ ਗਿਲਬਰਟ ਦੀ ਹੀ ਦੇਣ ਹੈ। ਅਸਲ ਵਿਚ 'ਚੁੰਬਕੀ ਧਰੁਵ' ਸ਼ਬਦ ਦੀ ਵਰਤੋਂ ਵੀ ਪਹਿਲੀ ਵਾਰ ਗਿਲਬਰਟ ਨੇ ਹੀ ਕੀਤੀ। ਉਸ ਨੇ ਦੇਖਿਆ ਕਿ ਜਦੋਂ ਚੁੰਬਕ ਨੂੰ ਸੁਤੰਤਰ ਰੂਪ ਵਿਚ ਲਟਕਾਇਆ ਜਾਂਦਾ ਹੈ ਤਾਂ ਚੁੰਬਕ ਹਮੇਸ਼ਾ ਉਤਰ-ਦੱਖਣ ਦਿਸ਼ਾ ਵਿਚ ਵਿਰਾਮ ਅਵੱਸਥਾ ਵਿਚ ਆਉਂਦੀ ਹੈ।

ਹੁਣ ਚੁੰਬਕ ਬਾਰੇ ਬਹੁਤ ਕੁਝ ਪਤਾ ਸੀ। ਵੱਖਰੇ-ਵੱਖਰੇ ਉਪਕਰਨਾਂ, ਖਿਡੌਣਿਆਂ ਵਿਚ ਚੁੰਬਕ ਦੀ ਵਰਤੋਂ ਹੋਣ ਲੱਗੀ। 18ਵੀਂ ਸਦੀ ਤੱਕ ਚੁੰਬਕ ਅਤੇ ਬਿਜਲੀ ਵਿਚ ਕੋਈ ਸਬੰਧ ਨਹੀਂ ਸਮਝਿਆ ਜਾਂਦਾ ਸੀ ਪਰ 1820 ਵਿਚ ਓਰਸਟੈਂਡ ਨੇ ਸਿੱਧ ਕਰਕੇ ਸਭ ਨੂੰ ਹੈਰਾਨ ਕਰ ਦਿੱਤਾ ਕਿ ਇਕ ਬਿਜਲੀ ਕਰੰਟ ਵਾਹਕ ਚਾਲਕ ਦੇ ਦੁਆਲੇ ਚੁੰਬਕੀ ਖੇਤਰ ਹੁੰਦਾ ਹੈ। ਬਹੁਤ ਮਹਾਨ ਖੋਜ ਸੀ ਇਹ ਓਰਸਟੈਂਡ ਦੀ ਚੁੰਬਕ ਦੇ ਇਤਿਹਾਸ ਵਿਚ ਇਹ ਇਕ ਕ੍ਰਾਂਤੀ ਸੀ ਜਿਸ ਨੇ ਪੂਰੇ ਵਿਸ਼ਵ ਦਾ ਧਿਆਨ ਆਪਣੇ ਵੱਲ ਖਿੱਚਿਆ। ਇਸ ਤੋਂ ਬਾਅਦ ਦੀਆਂ ਖੋਜਾਂ ਰੇਡੀਓ, ਟੀ. ਵੀ., ਬਿਜਲੀ ਘੰਟੀ, ਸਾਲੇਨਾਈਡ ਆਦਿ ਓਰਸਲੈਂਡ ਦੇ ਤੱਥ ਉਪਰ ਹੀ ਨਿਰਭਰ ਕਰਦੀਆਂ ਹਨ ਅੱਜ ਅਜਿਹਾ ਕੋਈ ਖੇਤਰ ਨਹੀਂ ਜਿੱਥੇ ਚੁੰਬਕ ਦੀ ਵਰਤੋਂ ਨਾ ਹੁੰਦੀ ਹੋਵੇ।

– ਸੋਨੀ ਸਿੰਗਲਾ (ਸਾਇੰਸ ਅਧਿਆਪਕ)
ਗਰੇਵਾਲ ਸਟਰੀਟ, ਸਿਨੇਮਾ ਰੋਡ ਮਾਨਸਾ, ਮੋਬਾਇਲ 94653-84271

## ■ 2012 ਤੋਂ ਪੁਲਾੜ ਯਾਤਰਾ ਸ਼ੁਰੂ, ਰਨਵੇ ਤਿਆਰ

ਪੁਲਾੜ 'ਚ ਜਾਣ ਦਾ ਸੁਪਨਾ ਦੇਖਣ ਵਾਲੇ ਯਾਤਰੀਆਂ ਦਾ ਸੁਪਨਾ ਹੁਣ ਪੂਰਾ ਹੋਣ ਵਾਲਾ ਹੈ। 2012 'ਚ ਵਰਜਨ ਗੈਲੈਕਿਟਕ ਸਪੇਸ ਯਾਤਰਾ ਦੀ ਫਲਾਈਟ ਸ਼ੁਰੂ ਕਰੇਗਾ। ਵਿਮਾਨਾਂ ਦੇ ਲਈ ਨਵਾਂ ਰਨਵੇ ਤਿਆਰ ਹੋ ਗਿਆ ਹੈ।

ਜੇਕਰ ਵਰਜਨ ਐਟਲੈਟਿਕ ਪ੍ਰਿਥਵੀ ਦੀਆਂ ਹਵਾਵਾਂ 'ਤੇ ਸੈਰ ਕਰਾਉਣ ਦੇ ਲਈ ਹੈ ਤਾਂ ਵਰਜਨ ਗੈਲੈਕਿਟਕ ਦਾ ਵਾਅਦਾ ਹੈ ਕਿ 2012 ਤੋਂ ਉਹ ਲੋਕਾਂ ਨੂੰ ਪੁਲਾੜ ਘੁਮਾ ਜਾਵੇਗਾ। ਕੰਪਨੀ ਦੇ ਮਾਲਕ ਰਿਚਰਡ ਬ੍ਰੈਂਸਨ ਨੇ ਅਮਰੀਕਾ ਦੇ ਨਿਊ ਮੈਕਸੀਕੋ 'ਚ ਨਵੇਂ ਰਨਵੇ ਦਾ ਉਦਘਾਟਨ ਕੀਤਾ, ਬ੍ਰੈਂਸਨ ਨੇ ਕਿਹਾ, "ਇਹ ਸਪੇਸ ਏਜ ਦਾ ਦੂਸਰਾ ਦੌਰ ਹੈ ਅਤੇ ਸਾਨੂੰ ਮਾਣ ਹੈ ਕਿ ਅਸੀਂ ਕਹਾਣੀ ਦੇ ਇਸ ਮੋੜ 'ਤੇ ਆਪਣਾ ਯੋਗਦਾਨ ਦੇ ਰਹੇ ਹਾਂ। ਜਿਥੋਂ ਸ਼ਾਇਦ ਹਰ ਰੋਜ਼ ਪੁਲਾੜ 'ਚ ਫਲਾਈਟ ਰਵਾਨਾ ਹੋਵੇਗੀ। ਇਹੀ ਨਹੀਂ, ਵਿਗਿਆਨਕ, ਐਕਸਪਲੋਰਰ ਸਾਡੇ ਘਰ ਦੇ ਅੱਗੇ ਅਤੇ ਨਵੇਂ ਢੰਗ ਲੱਭਣਗੇ। ਮੌਕੇ 'ਤੇ ਮੌਜੂਦ ਨੀਲ ਆਰਮਸਟਰਾਂਗ ਦੇ ਨਾਲ ਚੰਦ 'ਤੇ ਕਦਮ ਰੱਖਣ ਵਾਲੇ ਐਡਵਿਨ ਨੇ ਇਸ ਗੱਲ ਨੂੰ ਲੈ ਕੇ ਖੁਸ਼ੀ ਪ੍ਰਗਟ ਕੀਤੀ ਕਿ ਆਮ ਲੋਕ ਪੁਲਾੜ 'ਚ ਜਾਣਗੇ।

2012 'ਚ ਪੁਲਾੜ ਯਾਤਰੀ ਸਪੇਸਸ਼ਿਪ 2 ਜਾਂ ਵੀ. ਐਸ. ਐਸ. 'ਚ ਸਵਾਰ ਹੋਣਗੇ। ਇਸ 'ਚ ਛੇ ਯਾਤਰੀਆਂ ਦੇ ਲਈ ਜਗ੍ਹਾ ਹੈ ਅਤੇ ਇਸ ਦੀ ਟੈਸਟਿੰਗ ਇਸ ਸਾਲ ਖਤਮ ਹੋਈ।

# ਦਰੱਖ਼ਤਾਂ ਦੀ ਕਹਾਣੀ

ਘਰ ਦੀ ਛੋਟੀ ਜਿਹੀ ਬਗੀਚੀ ਵਿਚ ਲਾਏ ਬੂਟਿਆਂ ਨੂੰ ਪਾਣੀ ਦਿੰਦੇ ਹੋਏ ਮੈਂ ਸੋਚ ਰਿਹਾ ਸੀ ਕਿ ਇਹ ਸਾਡੇ ਜੀਵਨ ਵਿਚ ਕਿੰਨਾ ਉਤਸ਼ਾਹ ਅਤੇ ਸਕਾਰਾਤਮਕ ਦ੍ਰਿਸ਼ਟੀਕੋਣ ਪੈਦਾ ਕਰਦੇ ਹਨ। ਇੰਨੇ ਨੂੰ ਮੇਰੇ ਤਿੰਨ ਸਾਲ ਦੇ ਬੇਟੇ ਨੇ ਆ ਕੇ ਪੁੱਛਿਆ "ਪਾਪਾ ਜੀ, ਤੁਸੀਂ ਕੀ ਕਰ ਰਹੇ ਹੋ? ਮੈਂ ਕਿਹਾ, "ਪੁੱਤਰ ਜੀ ਬੂਟਿਆਂ ਨੂੰ ਪਾਣੀ ਦੇ ਰਿਹਾ ਹਾਂ।" ਉਸਨੇ ਪੁੱਛਿਆ, "ਪਾਣੀ ਕਿਉਂ ਦੇ ਰਹੇ ਹੋ?" ਪ੍ਰਸ਼ਨ ਤਾਂ ਸੌਖਾ ਹੀ ਸੀ ਪਰ ਬੱਚੇ ਨੂੰ ਸਮਝਾਉਣ ਲਈ ਸ਼ਬਦ ਨਹੀਂ ਸੁੱਝ ਰਹੇ ਸਨ, ਇਸ ਲਈ ਵੈਸੇ ਹੀ ਕਹਿ ਦਿੱਤਾ, "ਬੂਟਿਆਂ ਨੂੰ ਪਿਆਸ ਲੱਗੀ ਸੀ ਤਾਂ ਇਸ ਲਈ।" ਬਾਲ-ਮਨ ਵਿਚ ਤਾਂ ਜਿਵੇਂ ਹਲਚਲ ਮੱਚ ਗਈ, ਥੋੜ੍ਹਾ ਚੁੱਪ ਰਹਿਣ ਤੋਂ ਬਾਅਦ ਫਿਰ ਉਸਨੇ ਪੁੱਛਿਆ, "ਇਹ ਪਾਣੀ ਕਿਵੇਂ ਪੀਂਦੇ ਹਨ ਇਨ੍ਹਾਂ ਦਾ ਮੂੰਹ ਕਿਥੇ ਹੈ? ਤੁਹਾਨੂੰ ਕਿਵੇਂ ਪਤਾ ਲੱਗਿਆ ਕਿ ਇਨ੍ਹਾਂ ਨੂੰ ਪਿਆਸ ਲੱਗੀ ਹੈ?" ਇੰਨੇ ਸਾਰੇ ਸਵਾਲ ਇਕੋ ਬਾਰ ਹੀ ਆਏ ਹੁਣ ਤਾਂ ਟਾਲਣਾ ਮੁਸ਼ਕਲ ਸੀ ਸੋਚਿਆ ਸ਼ੁਰੂ ਕਿਥੋਂ ਕਰਾਂ। ਮੈਂ ਕਿਹਾ, "ਪੁੱਤਰ ਜੀ ਬੂਟਿਆਂ ਦਾ ਮੂੰਹ ਸਾਡੇ ਮੂੰਹ ਵਰਗਾ ਨਹੀਂ ਹੁੰਦਾ, ਪਰ ਇਨ੍ਹਾਂ ਦੀਆਂ ਜੜ੍ਹਾਂ ਜ਼ਮੀਨ ਦੇ ਅੰਦਰ ਹੁੰਦੀਆਂ ਹਨ ਜਿਨ੍ਹਾਂ ਨਾਲ ਇਹ ਪਾਣੀ ਪੀਂਦੇ ਹਨ। ਜਦੋਂ ਵੀ ਮਿੱਟੀ ਸੁੱਕ ਜਾਂਦੀ ਹੈ ਇਹ ਕਮਲਾ ਜਾਂਦੇ ਹਨ ਤਾਂ ਸਾਨੂੰ ਪਤਾ ਲੱਗ ਜਾਂਦਾ ਹੈ ਕਿ ਇਨ੍ਹਾਂ ਨੂੰ ਪਿਆਸ ਲੱਗੀ ਹੈ।" ਹੁਣ ਉਸਦਾ ਅਗਲਾ ਸਵਾਲ ਸੀ, "ਪਾਪਾ ਜੀ ਇਨ੍ਹਾਂ ਨੂੰ ਖਾਣਾ ਕਦੋਂ ਦਿੰਦੇ ਹੋ?"



ਇਹ ਸਵਾਲ ਪਿਛਲੇ ਸਾਰੇ ਸਵਾਲਾਂ ਨਾਲੋਂ ਔਖਾ ਲੱਗਿਆ। ਸੋਚਿਆ ਸਿੱਧਾ ਹੀ ਕਹਿ ਦਿਆਂ ਕਿ ਸੂਰਜ ਦੀ ਰੌਸ਼ਨੀ ਤੋਂ ਬੂਟੇ ਕਲੋਰੋਫਿਲ ਦੀ ਮਦਦ ਨਾਲ ਆਪਣਾ ਭੋਜਨ ਖੁਦ ਬਣਾਉਂਦੇ ਹਨ ਪਰ ਸਾਹਮਣੇ ਖੜ੍ਹੇ ਬੱਚੇ ਨੂੰ ਸਮਝ ਨਹੀਂ ਆਇਗਾ। ਫਿਰ ਵਿਚਾਰ ਆਇਆ ਕਿ ਝਿੜਕ ਦੇਵਾਂ। ਪਰ ਮਨ ਨਹੀਂ ਮੰਨਿਆ। ਮੈਂ ਕਿਹਾ, "ਬੂਟਿਆਂ ਨੂੰ ਖਾਣਾ ਦੇਣ ਦੀ ਲੋੜ ਨਹੀਂ ਹੁੰਦੀ। ਇਹ ਆਪਣਾ ਖਾਣਾ ਖੁਦ ਬਣਾ ਲੈਂਦੇ ਹਨ। ਬੇਟੇ ਨੇ ਫਿਰ ਪੁੱਛਿਆ, "ਪਾਪਾ ਜੀ ਇਨ੍ਹਾਂ ਕੋਲ ਨਾ ਬਰਤਨ ਹੈ ਤੇ ਨਾ ਹੀ ਕੋਈ ਖਾਣਾ ਬਣਾਉਣ ਵਾਲਾ ਹੋਰ ਸਮਾਨ, ਫਿਰ ਖਾਣਾ ਕਿਵੇਂ ਬਣਾਉਂਦੇ ਹਨ?"

ਹੁਣ ਮੈਨੂੰ ਲਗ ਰਿਹਾ ਸੀ ਕਿ ਬੱਚੇ ਦਾ ਹਰ ਸਵਾਲ ਮੇਰੇ ਲਈ ਜਵਾਬ ਦੇਣ ਵਿਚ ਸਹਾਈ ਹੋਣ ਵਾਲਾ ਹੈ। ਇੰਨਾ ਹੀ ਨਹੀਂ ਮੈਂ ਇਹ ਵੀ ਸੋਚ ਰਿਹਾ ਸੀ ਕਿ ਬੇਸ਼ੱਕ ਸਵਾਲ ਬੱਚੇ ਦੇ ਹਨ ਪਰ ਇਹ ਸਾਨੂੰ ਸਭ ਨੂੰ ਸੋਚਣ ਲਈ ਕਿੰਨਾ ਮਜਬੂਰ ਕਰਦੇ ਹਨ। ਥੋੜ੍ਹੇ ਦਿਨ ਪਹਿਲਾਂ ਪੜ੍ਹੇ ਲੇਖ ਦਾ ਧਿਆਨ ਆਇਆ ਜਿਸ ਵਿਚ ਸਪੱਸ਼ਟ ਕੀਤਾ ਗਿਆ ਸੀ ਕਿ ਭੋਜਨ ਲਈ ਅਸੀਂ ਬਨਸਪਤੀ ਅਤੇ ਸਿਰਫ਼ ਬਨਸਪਤੀ ਤੇ ਹੀ ਨਿਰਭਰ ਹਾਂ। ਸ਼ਾਕਾਹਾਰੀਆਂ ਲਈ ਇਹ ਨਿਰਭਰਤਾ ਪ੍ਰਤੱਖ ਹੀ ਹੈ ਅਤੇ ਮਾਸਾਹਾਰੀਆਂ ਲਈ ਅਪ੍ਰਤੱਖ ਰੂਪ ਵਿਚ। ਸੋ ਇਹ ਖੁਦ ਲਈ ਤਾਂ ਭੋਜਨ ਬਣਾਉਂਦੇ ਹੀ ਹਨ ਸਾਡੇ ਲਈ ਵੀ ਇੰਤਜ਼ਾਮ ਕਰਦੇ ਹਨ।

ਮੈਂ ਫਿਰ ਬੇਟੇ ਨੂੰ ਦੱਸਿਆ ਕਿ ਇਨ੍ਹਾਂ ਨੂੰ ਭੋਜਨ ਬਣਾਉਣ ਲਈ ਕਿਸੇ ਵੀ ਬਰਤਨ ਦੀ ਲੋੜ ਨਹੀਂ, ਇਹ ਸੂਰਜ ਦੀਆਂ ਕਿਰਨਾਂ ਦੇ ਨਾਲ ਆਪਣਾ ਭੋਜਨ ਬਣਾ ਲੈਂਦੇ ਹਨ। ਇਹ ਨਾ ਕੇਵਲ ਆਪਣੇ ਲਈ ਸਗੋਂ ਸਾਡੇ ਲਈ ਵੀ ਭੋਜਨ ਬਣਾਉਂਦੇ ਹਨ। ਆਪਣੀ ਗੱਲ ਨੂੰ ਹੋਰ ਸਪੱਸ਼ਟ ਕਰਨ ਲਈ ਮੈਂ ਦੱਸਿਆ ਕਿ ਅੰਬ, ਅਮਰੂਦ, ਟਮਾਟਰ ਕੱਦੂ, ਲੌਕੀ, ... ਇਹ ਸਭ ਅਸੀਂ ਹੀ ਖਾਂਦੇ ਹਾਂ। ਬੱਚਾ ਚੁੱਪ ਹੋ ਗਿਆ ਮੇਰੀ ਗੱਲਬਾਤ ਉਨ੍ਹਾਂ ਲਈ ਬੋਝਿਲ ਹੋ ਗਈ ਲੱਗਦੀ ਸੀ।

ਅਚਾਨਕ ਉਹ ਕਹਿ ਉਠਿਆ, "ਪਾਪਾ ਜੀ ਤੁਸੀਂ ਇਨ੍ਹਾਂ ਦੇ ਕੱਪੜੇ ਗਿੱਲੇ ਕਰ ਦਿੱਤੇ। "ਉਸਦਾ ਇਹ ਸਵਾਲ ਉਸਦੇ ਬਾਲ ਮਨ ਦੀ ਸਹਿਜਤਾ ਅਤੇ ਸਰਲਤਾ ਵੱਲ ਇਸ਼ਾਰਾ ਕਰ ਰਿਹਾ ਸੀ। ਮੈਂ ਕਿਹਾ, "ਆਪਾ ਕਿਹੜੇ ਕੱਪੜੇ ਗਿਲੇ ਕਰ ਦਿੱਤੇ? ਉਹ ਬੋਲਿਆ, "ਇਹ ਹਰੇ-ਹਰੇ ਕੱਪੜੇ।" ਮੈਨੂੰ ਸ਼ਾਇਰ ਦੀਆਂ ਇਹ ਲਾਈਨਾਂ ਯਾਦ ਆ ਗਈਆਂ-

ਬੱਚਿਆਂ ਦੇ ਛੋਟੇ ਹੱਥਾਂ ਨੂੰ
ਚੰਨ ਸਿਤਾਰੇ ਛੂਹ ਲੈਣ ਦਿਓ
ਚਾਰ ਕਿਤਾਬਾਂ ਪੜ੍ਹ ਕੇ ਉਹ ਵੀ
ਸਾਡੇ ਵਰਗੇ ਹੋ ਜਾਣਗੇ।

g/FeF L i;tho p/rwg[oh,
ਸੰਦਰਭ ਵਿਚੋਂ ਧੰਨਵਾਦ ਸਹਿਤ


## ਹੁਣ ਵਿਗਿਆਨ ਜੋਤ ਮੁਫ਼ਤ ਪ੍ਰਾਪਤ ਕਰੋ

ਇੱਕੋ ਵੇਲੇ ਤਰਕਭਾਰਤੀ ਪ੍ਰਕਾਸ਼ਨ ਜਾਂ ਵਿਸ਼ਵਭਾਰਤੀ ਪ੍ਰਕਾਸ਼ਨ ਦੀਆਂ 500/- ਰੁਪਏ ਦੀਆਂ ਕਿਤਾਬਾਂ ਡਾਕ ਰਾਹੀਂ ਮੰਗਵਾਉਣ ਵਾਲੇ ਵਿਅਕਤੀ ਨੂੰ ਇੱਕ ਸਾਲ ਲਈ ਵਿਗਿਆਨ ਜੋਤ ਮੁਫ਼ਤ ਭੇਜਿਆ ਜਾਵੇਗਾ ਅਤੇ 5000/- ਰੁਪਏ ਦੀਆਂ ਕਿਤਾਬਾਂ ਮੰਗਵਾਉਣ ਵਾਲੇ ਨੂੰ ਲਾਈਫ ਭਰ ਲਈ ਮੈਗਜ਼ੀਨ ਵਿਗਿਆਨ ਜੋਤ ਮੁਫ਼ਤ ਭੇਜਿਆ ਜਾਵੇਗਾ।

*-ਅਦਾਰਾ 'ਵਿਗਿਆਨ ਜੋਤ'*

## ਜ਼ਰੂਰੀ ਸੂਚਨਾ

**'ਤਰਕਭਾਰਤੀ ਪ੍ਰਕਾਸ਼ਨ ਬਰਨਾਲਾ'** ਦਾ ਆਨਲਾਈਨ ਬੈਂਕ ਖ਼ਾਤਾ ਨੰਬਰ **658 020 110 000 010** ਹੈ। **ਬੈਂਕ ਆਫ਼ ਇੰਡੀਆ** ਦੇ ਇਸ ਖ਼ਾਤਾ ਨੰਬਰ ਵਿੱਚ ਤੁਸੀਂ ਪੈਸੇ ਜਮ੍ਹਾ ਕਰਵਾਕੇ ਵੀ ਵਿਗਿਆਨ ਜੋਤ ਆਪਣੇ ਘਰ ਲਗਵਾ ਸਕਦੇ ਹੋ ਜਾਂ ਕਿਤਾਬਾਂ ਮੰਗਵਾ ਸਕਦੇ ਹੋ। ਤੁਸੀਂ ਸਾਨੂੰ ਟੈਲੀਫ਼ੋਨ ਰਾਹੀਂ ਜਾਂ ਲਿਖਤੀ ਇਹ ਸੂਚਨਾ ਦੇਣੀ ਹੈ ਕਿ ਅਸੀਂ ਪੈਸੇ ਜਮ੍ਹਾ ਕਰਵਾ ਦਿੱਤੇ ਹਨ।

# ਕਾਵਿ ਕਿਆਰੀ



## ਕਿਤਾਬ

ਕਿਤਾਬ ਪੜ੍ਹਦੇ-ਪੜ੍ਹਦੇ ਅਸੀਂ ਪਹਾੜ
ਚੜ੍ਹ ਗਏ,
ਪਹੁੰਚੇ ਅਸਮਾਨ 'ਤੇ ਅਤੇ ਅੱਗੇ ਵਧ ਗਏ।

ਕਿਤਾਬ ਉਡਾਤੀ ਹੈ
ਸਿਤਾਰੋਂ ਮੇਂ ਕਭੀ,
ਬੁਲਾਤੀ ਰਹਿਤੀ ਹੈ
ਇਸ਼ਾਰੋਂ ਮੇਂ ਕਭੀ।

ਸਵਾਲ ਹੈਂ ਕਈ,
ਜਵਾਬ ਦਿਓ ਮੁਝੇ,
ਕਿਤਾਬ ਦਿਓ ਮੁਝੇ,
ਕਿਤਾਬ ਦਿਓ ਮੁਝੇ।

ਨਵੀਂ-ਨਵੀਂ ਕਹਾਣੀਆਂ,
ਰਿਲੀਜ਼ ਹੋਤੀ ਹੈਂ,
ਕਿਤਾਬੇਂ ਇਸ ਲਈ ਬਹੁਤ,
ਅਜ਼ੀਜ ਹੋਤੀ ਹੈਂ।

ਹਮ ਨੇ ਜੋ ਕਿਤਾਬ ਸੇ ਪਿਆਰ ਕੀਆ,
ਬਿਨ ਤੇਰੇ ਸਮੁੰਦਰ ਪਾਰ ਕੀਆ।

**ਗੁਲਜ਼ਾਰ**

## ਪੱਥਰ ਪੂਜਾ

ਉਮਰ ਬੀਤ ਗਈ ਸਾਰੀ ਪੱਥਰ ਪੂਜਾ ਕਰਦੇ ਦੀ,
ਰਹੀ ਨਾ ਕਮਾਈ 'ਚ ਬਰਕਤ ਮੜ੍ਹੀਏ ਦੀਵੇ ਧਰਦੇ ਦੀ।
ਪਰਨੋਟਾਂ ਤੇ ਲੱਗ-ਲੱਗ 'ਗੂਠੇ ਲਕੀਰਾਂ ਘਸ ਚੱਲੇ,
ਜ਼ਮੀਨ ਵੀ ਜਾਂਦੀ ਖੁਰਦੀ ਗਹਿਣੇ ਧਰਦੇ ਦੀ।
ਜਨਤਾ ਪ੍ਰੇਮ ਪੁਆਇਆ ਸਾਡਾ ਨਸ਼ਿਆਂ ਨਾਲ,
ਮਿਲਦੀ ਪਈ ਏ ਸਜ਼ਾ ਪਤਾ ਨੀ ਕਿਸ ਗੁਨਾਹਾਂ ਦੀ,
ਬਾਬਿਆਂ ਹਾਲਤ ਮਾੜੀ ਕਰਤੀ ਸਰਦੇ ਬਰਦੇ ਦੀ।
'ਵਿਗਿਆਨ ਜੋਤ' ਵਾਲਾ ਹੀ ਰਸਤਾ ਲਾਊ ਸਿਰੇ,
ਮਿਹਨਤ ਰੰਗ ਲਿਆਊ, ਕਿਸਮਤ ਹੱਥੋਂ ਹਰਦੇ ਦੀ।

*- ਪ੍ਰਸ਼ੋਤਮ ਪੱਤੋ*

## ਕੋਈ ਮਹੱਤਵ ਨਹੀਂ

ਸੁਪਨ-ਮਈ ਮੰਡਲ
ਮ੍ਰਿਤਕ ਪੇਸ਼ੀਆਂ
ਕਰਮ-ਕਾਂਡ
ਗੈਬੀ ਸ਼ਕਤੀਆਂ
ਸਵਰਗੀ ਧਰਵਾਸੇ
ਨਰਕੀ ਡਰਾਵੇ
ਭਰਮੀਂ ਜ਼ਾਲ
ਲੁੱਟਣ ਦੇ ਢੰਗ
ਹੁੰਦੇ ਨੇ ਇਹ
ਅੰਧ ਵਿਸ਼ਵਾਸ...

ਫਿਰਕਾ ਪ੍ਰਸਤੀ
ਰੂੜ੍ਹੀ ਵਾਦੀ
ਬੁੱਤ ਪ੍ਰਸਤੀ
ਵਿਅਕਤੀ ਪੂਜਾ
ਹੁੰਦੇ ਨੇ ਇਹ
ਪਖੰਡ ਦੇ ਲਿਬਾਸ...

ਨੀਲਿਆਂ, ਪੀਲਿਆਂ
ਭਗਵਿਆਂ ਤੇ ਬਗਲਿਆਂ
ਠੱਗਾਂ ਦੇ ਅੱਗੇ
ਮੱਥੇ ਰਗੜਨ ਦਾ
ਕੋਈ ਮਹੱਤਵ ਨਹੀਂ
ਏਸ ਅੰਨ੍ਹੀ ਤੇ
ਲਾਈ ਲੱਗ ਸੋਚ
ਤੋਂ ਬਚੋ
ਹੈ ਨਿਰਾਸਤਾ ਦਾ
ਇਹ ਕੇਵਲ ਅਹਿਸਾਸ

*- ਤੇਜਾ ਸਿੰਘ ਰੌਂਤਾ*

## ਖਹਿੜਾ ਛੱਡ ਦਿਓ ਬਾਬਿਆਂ ਦਾ



ਤਰਕ ਦਾ ਫੇਰ ਕੇ ਆਰਾ
ਰੁੱਖੜਾ ਵੱਢ ਦਿਓ ਬਾਬਿਆਂ ਦਾ
ਹੱਥ ਜੋੜ ਕੇ ਬੇਨਤੀ ਬੀਬੀਓ
ਖਹਿੜਾ ਛੱਡ ਦਿਓ ਬਾਬਿਆਂ ਦਾ

ਦਿਨ ਰਾਤ ਲੋਕਾਂ ਨੂੰ ਲੁੱਟਦੇ ਕਰੀ ਕਮਾਈ
ਜਾਂਦੇ ਨੇ,
ਦੂਣੀ ਜਾਇਦਾਦ ਇਹ ਆਪਣੀ ਨਿੱਤ
ਵਧਾਈ ਜਾਂਦੇ ਨੇ,
ਰਲ ਕੇ ਹੱਲ ਕੋਈ ਕਰੀਏ,
ਇਨ੍ਹਾਂ ਬੇ-ਹਿਸਾਬਿਆਂ ਦਾ
ਹੱਥ ਜੋੜ ਕੇ ਬੇਨਤੀ ਬੀਬੀਓ
ਖਹਿੜਾ ਛੱਡ ਦਿਓ ਬਾਬਿਆਂ ਦਾ

ਮੁੰਡਾ ਜੰਮਣ ਲਈ ਝੋਲੀ ਦੇ ਵਿਚ ਫ਼ਲ ਇਹ
ਪਾਉਂਦੇ ਨੇ,
ਕੁਦਰਤ ਵੱਸ ਕੋਈ ਮੁੰਡਾ ਜੰਮੇ ਤਾਂ ਟੌਹਰ
ਜਮਾਉਂਦੇ ਨੇ,
ਭੋਲੇ ਪੰਛੀ ਬਣਦੇ, ਪਾਉਂਦੇ ਰੋਹਬ ਵੀ
ਦਾਬਿਆਂ ਦਾ
ਹੱਥ ਜੋੜ ਕੇ ਬੇਨਤੀ ਬੀਬੀਓ
ਖਹਿੜਾ ਛੱਡ ਦਿਓ ਬਾਬਿਆਂ ਦਾ

ਇਹ ਪੈਰ-ਪੈਰ 'ਤੇ ਪੁੱਛਾਂ ਦਿੰਦੇ, ਕਰਦੇ ਨੇ
ਮਨਮਾਨੀ,
ਅਗਲੇ ਪਿਛਲੇ ਜਨਮ ਦੀ ਕਹਿੰਦੇ ਕਥਾ ਹੈ
ਯਾਦ ਜ਼ੁਬਾਨੀ,
ਇਤਬਾਰ ਕੀ ਕਰਨਾ, ਤਰਕਸ਼ੀਲ ਸਾਹਵੇਂ
ਹੋਏ ਬੇ-ਜਵਾਬਿਆਂ ਦਾ
ਹੱਥ ਜੋੜ ਕੇ ਬੇਨਤੀ ਬੀਬੀਓ
ਖਹਿੜਾ ਛੱਡ ਦਿਓ ਬਾਬਿਆਂ ਦਾ

ਹੁਣ ਬਾਬਿਆਂ ਦੇ ਡੇਰਿਆਂ ਨੂੰ ਬੀਬੀਓ ਤੁਸੀਂ
ਲਾਉਣਾ ਕੁੰਡਾ ਏ,
ਮੈਂ ਵੇਖਣੈਂ ਮੇਰੀ ਗੱਲ ਦਾ ਅਸਰ ਕਿੰਨਾ ਕੁ
ਹੁੰਦਾ ਏ,
ਜ਼ਹਿਨ 'ਚੋਂ ਅੰਧਵਿਸ਼ਵਾਸ ਦਾ,
ਕੰਡਾ ਕੱਢ ਦਿਓ ਬਾਬਿਆਂ ਦਾ
ਹੱਥ ਜੋੜ ਕੇ ਬੇਨਤੀ ਬੀਬੀਓ
ਖਹਿੜਾ ਛੱਡ ਦਿਓ ਬਾਬਿਆਂ ਦਾ

*- ਜਸਪਿੰਦਰ ਬਦੇਸ਼ਾ*
98886-21205

# ਸ਼ੂਗਰ ਰੋਗ ਅਤੇ ਅੱਖਾਂ



ਸ਼ੱਕਰ ਰੋਗ ਉਹ ਸਮੱਸਿਆ ਹੈ ਜੋ ਸਰੀਰ ਦੇ ਅੰਦਰ ਸ਼ੱਕਰ ਨੂੰ ਜ਼ਿਆਦਾ ਨਹੀਂ ਸਹਾਰ ਸਕਦੀ। ਆਮ ਤੌਰ ਤੇ ਸਾਡਾ ਸਰੀਰ ਤਰਲ ਪਦਾਰਥਾਂ ਅਤੇ ਸਟਾਰਚ ਨੂੰ ਗਲੂਕੋਜ਼ ਵਿੱਚ ਬਦਲਦਾ ਹੈ ਅਤੇ ਸ਼ੱਕਰ ਨੂੰ ਖੂਨ ਵਿੱਚ ਮਿਲਾਉਂਦਾ ਹੈ। ਸਰੀਰ ਵਿੱਚ ਹਾਰਮੋਨਸ ਇੰਸੁਲਿਨ, ਗਲੂਕੋਜ਼ ਨੂੰ ਊਰਜਾ ਵਿੱਚ ਬਦਲਦਾ ਹੈ ਜੋ ਸਰੀਰ ਵਿੱਚ ਦਿਨ ਭਰ ਦੇ ਕੰਮਾਂ ਲਈ ਜ਼ਰੂਰੀ ਹੈ। ਪਰ ਸ਼ੂਗਰ ਰੋਗ ਵਿੱਚ ਸ਼ੂਗਰ ਨੂੰ ਊਰਜਾ ਵਿੱਚ ਨਹੀਂ ਬਦਲਿਆ ਜਾ ਸਕਦਾ, ਜਿਸ ਕਾਰਨ ਉਹ ਖੂਨ ਵਿੱਚ ਇਕੱਠੀ ਹੋ ਜਾਂਦੀ ਹੈ ਅਤੇ ਬਾਅਦ ਵਿੱਚ ਪੇਸ਼ਾਬ ਰਾਹੀਂ ਬਾਹਰ ਨਿਕਲਣੀ ਸ਼ੁਰੂ ਹੋ ਜਾਂਦੀ ਹੈ। ਸ਼ੂਗਰ ਰੋਗ ਨਾਲ ਅੱਖ ਵੀ ਪ੍ਰਭਾਵਿਤ ਹੁੰਦੀ ਹੈ। ਐਨਕ ਦਾ ਨੰਬਰ ਜਲਦੀ ਜਲਦੀ ਵੱਧਦਾ ਰਹਿੰਦਾ ਹੈ। ਨਜ਼ਰ ਬਹੁਤ ਕਮਜ਼ੋਰ ਹੋ ਜਾਂਦੀ ਹੈ ਇਹ ਇਸ ਰੋਗ ਦਾ ਪਹਿਲਾਂ ਲੱਛਣ ਹੈ।

ਸਰੀਰ ਵਿੱਚ ਜ਼ਿਆਦਾ ਸ਼ੂਗਰ ਹੋਣ ਕਰਕੇ ਅੱਖ, ਗੁਰਦੇ ਅਤੇ ਹੋਰ ਵੀ ਕਈ ਹਿੱਸੇ ਪ੍ਰਭਾਵਿਤ ਹੁੰਦੇ ਹਨ। ਸਰੀਰ ਵਿੱਚ ਪੈਨਕਰੀਆਸ ਨਾਮਕ ਗ੍ਰੰਥੀ ਦੁਆਰਾ ਘੱਟ ਇੰਸੂਲੀਨ ਪੈਦਾ ਕਰਨ ਕਰਕੇ ਇਹ ਬਿਮਾਰੀ ਹੁੰਦੀ ਹੈ।

**ਇੰਸੂਲੀਨ ਦਾ ਕੀ ਕੰਮ ਹੈ** - ਇੰਸੂਲੀਨ ਇੱਕ ਉਤਪ੍ਰੇਰਕ ਦੀ ਤਰਾਂ ਕੰਮ ਕਰਦਾ ਹੈ। ਜੋ ਗਲੂਕੋਜ਼ ਨੂੰ ਖੂਨ ਦੁਆਰਾ ਮਾਂਸਪੇਸ਼ੀਆਂ ਅਤੇ ਚਰਬੀ ਸੈੱਲ ਤੱਕ ਪਹੁੰਚਾਂਦਾ ਹੈ। ਇਹ ਪ੍ਰੋਟੀਨ ਬਣਾਕੇ ਕੋਸ਼ੀਕਾਵਾਂ ਵਿੱਚ ਇਕੱਠਾ ਕਰਦਾ ਹੈ।

**ਇਸ ਰੋਗ ਵਿੱਚ ਕੀ ਹੁੰਦਾ ਹੈ** - ਇੰਸੂਲੀਨ ਦਾ ਮੁੱਖ ਕੰਮ ਖੂਨ ਵਿੱਚ ਸ਼ੱਕਰ ਦੀ ਮਾਤਰਾ ਨੂੰ ਸੰਤੁਲਿਤ ਕਰਨਾ ਹੀ ਹੈ।

**Diabetic Macular Oedema** - ਨਾੜੀਆਂ ਵਿੱਚ ਹੋ ਰਹੇ ਰਿਸਾਵ ਕਰਕੇ ਪਰਦੇ ਦੇ ਸੰਵੇਦਨਸ਼ੀਲ ਭਾਗ ਵਿੱਚ ਪਾਣੀ ਅਤੇ ਚਰਬੀ ਇਕੱਠੀ ਹੋ ਜਾਂਦੀ ਹੈ। ਜਿਸਨੂੰ Macular Oedema ਕਹਿੰਦੇ ਹਨ। ਇਸ ਤਰ੍ਹਾਂ ਦੇ ਮਰੀਜ਼ਾਂ ਨੂੰ ਨੇੜੇ ਦੇ ਕੰਮ ਕਰਨ ਅਤੇ ਗੱਡੀ ਚਲਾਉਣ ਵਿੱਚ ਵੀ ਤਕਲੀਫ ਹੁੰਦੀ ਹੈ। ਇਸ ਸਥਿਤੀ ਵਿੱਚ ਲੇਜ਼ਰ ਕਿਰਨਾਂ ਬਹੁਤ ਸਹਾਇਕ ਹੁੰਦੀਆਂ ਹਨ। ਕਈ ਮਰੀਜ਼ ਸਿਰਫ ਲੇਜ਼ਰ ਨਾਲ ਠੀਕ ਹੋ ਸਕਦੇ ਹਨ। ਅਤੇ ਨਜ਼ਰ ਉੱਥੇ ਹੀ ਰੁਕ ਜਾਂਦੀ ਹੈ। ਪਰ ਲਗਾਤਾਰ ਰਿਸਾਵ ਜਾਂ ਸਮੇਂ ਤੇ ਇਲਾਜ ਨਾ ਹੋਣ ਕਰਕੇ ਇਹ ਸਥਿਤੀ ਖਤਰਨਾਕ ਹੋ ਜਾਂਦੀ ਹੈ ਅਤੇ ਅੱਖ ਵਿੱਚ ਖੂਨ ਲਿਆ ਸਕਦੀ ਹੈ।

**ਪੁਤਲੀ....** - ਸਭ ਤੋਂ ਪਹਿਲਾਂ ਮਰੀਜ਼ ਦੀ ਅੱਖ ਵਿੱਚ ਦਵਾਈ ਪਾ ਕੇ ਪੁਤਲੀ ਨੂੰ ਫੈਲਾਇਆ ਜਾਂਦਾ ਹੈ। ਮਰੀਜ਼ ਦੇ ਟੀਕਾ ਲਾ ਕੇ ਦੋਨੋਂ ਅੱਖਾਂ ਦੇ ਪਰਦੇ ਦੀ ਫੋਟੋਗ੍ਰਾਫ ਲੈ ਕੇ ਪਰਦੇ ਵਿੱਚ ਹੋਣ ਵਾਲੇ ਰਿਸਾਵ ਨੂੰ ਦੇਖਿਆ ਜਾਂਦਾ ਹੈ।

**PDR** - ਸ਼ੂਗਰ ਦੇ ਮਰੀਜ਼ਾਂ ਵਿੱਚ ਪਰਦੇ ਦੇ ਖੂਨ ਦੀ ਕੋਸ਼ਿਕਾਵਾਂ ਅਸਮਾਨ ਰੂਪ ਨਾਲ ਵਹਿਨ ਲਗਦੀਆਂ ਹਨ। ਜਿਸ ਵਿੱਚ ਪਰਦੇ ਵਿੱਚ ਪ੍ਰਾਪਤ ਖੂਨ ਦਾ ਸੰਚਾਲਨ ਨਹੀਂ ਹੋ ਸਕਦਾ। ਜਿਸ ਕਾਰਣ ਪਰਦੇ ਵਿੱਚ ਅਸਮਾਨ ਕੋਸ਼ਿਕਾਵਾਂ ਬਨਣ ਲਗਦੀਆਂ ਹਨ। ਜੋ ਅੱਗੇ ਜਾ ਕੇ ਅੱਖ ਵਿੱਚ ਖੂਨ ਵੀ ਲਿਆ ਸਕਦੀਆਂ ਹਨ ਅਤੇ ਇਹ ਪਰਦੇ ਵਿੱਚ ਵਿਕਾਰ ਵੀ ਪੈਦਾ ਕਰ ਸਕਦੀਆਂ ਹਨ। ਇਹ ਇਸ ਰੋਗ ਦਾ ਆਖਰੀ ਪੜਾਅ ਹੈ। Pd Retinopathy ਦਾ ਇਹ ਇਕ ਪ੍ਰਕਾਰ ਜਿਸ ਵਿੱਚ ਗੈਰਲੋੜੀਂਦੀਆਂ ਨਾੜੀਆਂ ਬਣਦੀਆਂ ਹਨ। ਉਸ ਨੂੰ PDR ਕਹਿੰਦੇ ਹਨ।

Photo Coagulation ਇਹ ਖੂਨ ਦੇ ਬਹਾਅ ਨੂੰ ਖਤਮ ਤਾਂ ਨਹੀਂ ਕਰਦਾ ਪਰ ਉਸਨੂੰ ਘੱਟ ਕਰ ਦਿੰਦਾ ਹੈ। ਜਦੋਂ ਖੂਨ ਦਾ ਬਹਾਅ ਬਹੁਤ ਵੱਧ ਜਾਂਦਾ ਹੈ, ਰੁਕਦਾ ਨਹੀਂ ਤਾਂ ਇਸਦਾ ਆਪ੍ਰੇਸ਼ਨ ਕਰਨਾ ਪੈਂਦਾ ਹੈ ਜਿਸ ਨੂੰ Vitrectomy ਕਹਿੰਦੇ ਹਨ।

**ਇਸ ਸਥਿਤੀ ਦਾ ਇਲਾਜ** - Diabetes Retionpathy ਵਿੱਚ ਲੇਜ਼ਰ ਕਿਰਨਾਂ ਸਹਾਇਕ ਹੋ ਸਕਦੀਆਂ ਹਨ। ਲੇਜ਼ਰ ਦੀਆਂ ਤੇਜ਼ ਕਿਰਨਾਂ ਪਰਦੇ ਨੂੰ ਕੇਂਦਰਿਤ ਕਰਦੀਆਂ ਹਨ। ਬਦਕਿਸਮਤੀ ਨਾਲ ਲੇਜ਼ਰ ਨਾਲ ਵੀ ਜਿੰਨੀ ਨਜ਼ਰ ਆ ਚੁੱਕੀ ਹੁੰਦੀ ਹੈ, ਉਸ ਨੂੰ ਵਾਪਿਸ ਨਹੀਂ ਲਿਆਇਆ ਜਾ ਸਕਦਾ। ਖੂਨ ਦੇ ਬਹਿਣ ਦੇ ਕਾਰਨ ਦੀ ਜਾਂਚ ਕਰਨ ਵਾਲੇ ਇਲਾਜ ਨੂੰ Fluorescience Angiography (F.F.A) ਕਹਿੰਦੇ ਹਨ।

**ਲੇਜ਼ਰ ਦਾ ਇਸਤੇਮਾਲ** - ਪੁਤਲੀ ਨੂੰ ਫੈਲਾਉਣ ਲਈ ਡਾਕਟਰ ਅੱਖ ਵਿੱਚ ਦਵਾਈ ਪਾਉਂਦੇ ਹਨ। ਕਿਰਨਾਂ ਖੁਲੀ ਅੱਖ ਵਿੱਚੋਂ ਸਿੱਧਾ ਪਰਦੇ ਤੇ ਕੇਂਦਰਿਤ ਹੁੰਦੀਆਂ ਹਨ ਅਤੇ ਪਰਦੇ ਤੱਕ ਪਹੁੰਚਦੀਆਂ ਹਨ। ਜਿਸ ਤਰ੍ਹਾਂ ਕਿਸੀ ਖਿੜਕੀ ਵਿਚੋਂ ਕਿਰਨਾਂ ਬਿਨ੍ਹਾਂ ਸ਼ੀਸ਼ੇ ਨੂੰ ਗਰਮ ਕੀਤਿਆਂ ਬਾਹਰ ਨਿਕਲਦੀਆਂ ਹਨ। ਇਸ ਨਾਲ ਪਰਦੇ ਤੇ ਹੋਣ ਵਾਲੇ ਰਿਸਾਵ ਨੂੰ ਰੋਕਿਆ ਜਾ ਸਕਦਾ ਹੈ। ਤਾਂ ਕਿ Macula ਨੂੰ ਸੁਕਾਇਆ ਜਾ ਸਕੇ।

ਇਹ ਬਿਮਾਰੀ ਦੇ ਫੜੇ ਜਾਣ ਤੇ ਹੀ ਨਿਰਭਰ ਕਰਦਾ ਹੈ। ਸਾਰੇ ਮਰੀਜ਼ਾਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਜਿੰਨੀ ਨਜ਼ਰ ਜਾ ਚੁੱਕੀ ਹੈ, ਉਸ ਨੂੰ ਹੋਰ ਘੱਟਣ ਤੋਂ ਰੋਕਿਆ ਜਾ ਸਕਦਾ ਹੈ ਪਰ ਵਾਪਿਸ ਨਹੀਂ ਲਿਆਇਆ ਜਾ ਸਕਦਾ।

**Vitreous Haemorrhage** - ਇਸ ਰੋਗ ਦੇ ਇਲਾਜ ਵਿਚ ਦੇਰੀ ਕਰਨ ਨਾਲ 3 ਤਕਲੀਫਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

1. ਅੱਖ ਵਿਚ ਖੂਨ ਆਉਣਾ।
2. ਖਿੱਚ ਦੇ ਕਾਰਨ ਪਰਦੇ ਦਾ ਉਖੜਨਾ।
3. Iris ਵਿਚ ਨਵੀਂ ਖੂਨ ਦੀਆਂ ਨਾੜੀਆਂ ਬਣਨਾ।

Iris ਵਿਚ ਖੂਨ ਦੀਆਂ ਨਵੀਆਂ ਨਾੜੀਆਂ ਬਨਣ ਨਾਲ ਇਹ ਖੂਨ ਦੇ ਬਹਾਵ ਨੂੰ ਘੱਟ ਕਰ ਦਿੰਦੀ ਹੈ। ਜਿਸ ਨਾਲ ਅੱਖ ਦਾ ਪ੍ਰੈਸ਼ਰ ਵੱਧ ਜਾਂਦਾ ਹੈ। ਉਸ ਵਧੇ ਹੋਏ ਪ੍ਰੈਸ਼ਰ ਨੂੰ Neo Vascular Glaucoma ਕਹਿੰਦੇ ਹਨ। ਇਸ ਲਈ ਕਦੀ-ਕਦੀ ਨਜ਼ਰ ਖਤਮ ਹੋਣ ਦਾ ਖਤਰਾ ਹੋ ਸਕਦਾ ਹੈ ਜਾਂ ਫਿਰ ਅਚਾਨਕ ਨਜ਼ਰ ਵੀ ਜਾ ਸਕਦੀ ਹੈ।

ਅਗਰ ਖਿੱਚ ਕਾਰਨ ਪਰਦਾ ਉਖੜ ਜਾਂਦਾ ਹੈ ਜਾਂ ਗੈਰਲੋੜੀਂਦੀਆਂ ਨਾੜੀਆਂ ਬਣੀਆਂ ਹੁੰਦੀਆਂ ਹਨ ਤਾਂ ਉਨ੍ਹਾਂ ਨਾੜੀਆਂ ਨੂੰ ਹਟਾ ਕੇ ਆਪ੍ਰੇਸ਼ਨ ਕਰਕੇ ਅੱਖ ਵਿਚ S. Oil ਵੀ ਪਾਇਆ ਜਾ ਸਕਦਾ ਹੈ ਜੋ ਕਿ ਪਰਦੇ ਦੇ ਟਿਕਾਅ ਵਿਚ ਸਹਾਇਕ ਹੁੰਦਾ ਹੈ।

What about the patient with Poor Vision Inspite of all the treatment :- ਇਸ ਬਿਮਾਰੀ ਵਿਚ low visual aid ਮਦਦਗਾਰ ਹੁੰਦੇ ਹਨ। ਮੋਟੇ ਸ਼ੀਸ਼ੇ ਦੀ ਮਦਦ ਦੇ ਨਾਲ ਚੀਜ਼ਾਂ ਨੂੰ ਵਧਾ ਕੇ ਅੱਖ ਦੇ ਨੇੜੇ ਲਿਆਇਆ ਜਾਂਦਾ ਹੈ। ਕਈ ਮਰੀਜ਼ਾਂ ਲਈ Electronic Devices ਬਹੁਤ ਸਹਾਇਕ ਸਿੱਧ ਹੁੰਦੇ ਹਨ।

ਸਿੱਟਾ - ਜੋ ਮਰੀਜ਼ ਇਸ ਬਿਮਾਰੀ ਕਾਰਨ ਤਨਾਵ ਵਿਚ ਹੁੰਦੇ ਹਨ। ਉਨ੍ਹਾਂ ਨੂੰ ਆਪਣੇ ਸਾਥੀ ਮਰੀਜ਼ਾਂ ਨਾਲ ਅਲੱਗ-ਅਲੱਗ ਹਸਪਤਾਲਾਂ ਵਿਚ ਜਾ ਕੇ ਗੱਲਬਾਤ ਕਰਨੀ ਚਾਹੀਦੀ ਹੈ ਤਾਂ ਕਿ ਉਹ ਆਪਣੇ ਖਿਆਲ ਦੂਸਰਿਆਂ ਨੂੰ ਦੱਸਣ ਤਾਂ ਕਿ ਮਰੀਜ਼ ਨੂੰ ਤਸੱਲੀ ਅਤੇ ਦਰਦ ਸਹਿਣ ਦੀ ਸ਼ਕਤੀ ਮਿਲੇ।

ਲੇਜ਼ਰ ਦੀਆਂ ਕਿਰਨਾਂ ਨਾਲ ਸ਼ੂਗਰ ਦੇ ਮਰੀਜ਼ਾਂ ਨੂੰ ਅੰਨੇ ਹੋਣ ਤੋਂ ਬਚਾਇਆ ਜਾ ਸਕਦਾ ਹੈ ਇਸ ਦਾ ਬਾਰ ਬਾਰ ਪ੍ਰਯੋਗ ਮਦਦਗਾਰ ਸਿੱਧ ਹੁੰਦਾ ਹੈ। ਇਸ ਖਤਰਨਾਕ ਬਿਮਾਰੀ ਤੋਂ ਬਚਣ ਲਈ ਸਮੇਂ ਸਿਰ ਆਪਣੀਆਂ ਅੱਖਾਂ ਦਾ ਨਿਰੀਖਣ ਕਰਵਾਉਣਾ ਚਾਹੀਦਾ ਹੈ। ਤਾਂ ਜੋ ਘੱਟ ਪੈਸੇ ਅਤੇ ਘੱਟ ਸਮੇਂ ਵਿਚ ਇਲਾਜ ਹੋ ਸਕੇ। ਕਿਸੇ ਵੀ ਤਰ੍ਹਾਂ ਦਾ ਨਸ਼ਾ ਨਹੀਂ ਕਰਨਾ ਚਾਹੀਦਾ। ਸਮੇਂ ਸਿਰ ਬੀ. ਪੀ. ਚੈੱਕ ਕਰਵਾਉਣਾ ਚਾਹੀਦਾ ਹੈ। ਬਚਪਨ ਵਿਚ Insulin dependent muscular ਹੋ ਜਾਂਦੀ ਹੈ, ਉਸ ਨਾਲ ਲੜਨ ਲਈ GAD ਦੀ ਪੜ੍ਹਾਈ ਸਹਾਇਕ ਹੁੰਦੀ ਹੈ।

**ਖ਼ੋਜ ਖ਼ਬਰ**

## ਰੇਲ ਗੱਡੀ ਦੀ ਆਤਮ ਕਥਾ

ਅੱਜ ਦਾ ਯੁਗ ਸਾਇੰਸ ਅਤੇ ਕੰਪਿਊਟਰ ਦਾ ਯੁਗ ਹੈ। ਭਾਰਤ ਵਿਚ ਬਿਜਲੀ ਨਾਲ ਚੱਲਣ ਵਾਲੀ ਪਹਿਲੀ ਰੇਲਗੱਡੀ 1925 ਵਿਚ ਚਲਾਈ ਗਈ।



ਡੀਜ਼ਲ ਅਤੇ ਕੋਇਲੇ ਦੇ ਕੁਦਰਤੀ ਭੰਡਾਰ, ਬਿਲਕੁਲ ਖਤਮ ਨਾ ਹੋ ਜਾਣ, ਇਸੇ ਸੋਚ ਅਧੀਨ ਬਿਜਲੀ ਨਾਲ ਚੱਲਣ ਵਾਲੇ ਰੇਲ ਇੰਜਣਾਂ ਦਾ ਨਿਰਮਾਣ ਕੀਤਾ ਗਿਆ। ਅੱਜਕਲ ਦੇਸ਼ ਦੇ ਸਾਰੇ ਪ੍ਰਮੁੱਖ ਰੇਲ ਰੂਟਾਂ 'ਤੇ ਗੱਡੀਆਂ ਬਿਜਲੀ ਨਾਲ ਹੀ ਚੱਲਦੀਆਂ ਹਨ। ਰੇਲਗੱਡੀਆਂ ਦੇਸ਼ ਦੇ ਵਿਕਾਸ ਵਿਚ ਅਹਿਮ ਹਿੱਸਾ ਪਾ ਰਹੀਆਂ ਹਨ ਤੇ ਦੇਸ਼ ਵਿਚਲਾ ਰੇਲ ਉਦਯੋਗ ਲਗਾਤਾਰ ਉੱਨਤੀ ਕਰ ਰਿਹਾ ਹੈ। ਭਾਰਤ ਵਿਚ ਸ਼ਕਤੀ ਨਾਲ ਚੱਲਣ ਵਾਲੀ ਪਹਿਲੀ ਰੇਲ ਗੱਡੀ 16 ਅਪ੍ਰੈਲ 1853 ਨੂੰ ਸਵਾਰੀਆਂ ਲੈ ਕੇ ਮੁੰਬਈ ਤੋਂ ਥਾਨਾ (ਮੌਜੂਦਾ ਨਾਂ ਥਾਣੇ) ਦਰਮਿਆਨ ਸਫਲਤਾ ਨਾਲ ਚੱਲੀ। ਦੇਸ਼ ਦੀ ਅਜ਼ਾਦੀ ਮਗਰੋਂ ਰੇਲ ਗੱਡੀਆਂ ਦੇ ਇੰਜਣ ਬਣਾਉਣ ਦਾ ਵੱਡਾ ਕਾਰਖਾਨਾ ਚਿਤਰੰਜਨ (ਪੱਛਮੀ ਬੰਗਾਲ) ਵਿਚ ਲਗਾਇਆ ਗਿਆ ਸੀ।

ਬਾਅਦ ਵਿਚ ਲੋਹੇ ਦੇ ਚੈਨਲਾਂ ਵਾਲੀ ਪੱਟਰੀ ਨੂੰ ਰੇਲ ਤੇ ਉਸ ਉੱਪਰ ਚੱਲਣ ਵਾਲੇ ਇੰਜਣ ਤੇ ਡੱਬਿਆਂ ਨੂੰ ਗੱਡੀ ਆਖਿਆ ਜਾਣ ਲੱਗਾ। ਮਗਰੋਂ ਦੋਵੇਂ ਚੀਜ਼ਾਂ ਦਾ ਨਾਂ ਧਰ ਦਿੱਤਾ ਗਿਆ 'ਰੇਲ ਗੱਡੀ'।

– *ਸੁਭਾਸ਼ ਚੰਦਰ*, ਮੋਬ. ਨੰ: 97805-72643


# ਵਿਗਿਆਨ ਜੋਤ

## *ਨੂੰ ਘਰ ਘਰ ਪਹੁੰਚਾਉਣ ਲਈ ਇੱਕ ਵਿਸ਼ੇਸ਼ ਸਕੀਮ ਸ਼ੁਰੂ ਕੀਤੀ ਗਈ ਹੈ।*

*'ਵਿਗਿਆਨ ਜੋਤ' ਦੀ ਦੋ ਸਾਲਾਂ ਦੀ ਮੈਂਬਰਸ਼ਿਪ 150 ਰੁਪਏ ਹੈ। ਜਿਹੜਾ ਸਹਿਯੋਗੀ ਇਸਦੇ ਨਵੇਂ ਪਾਠਕ ਬਣਾਏਗਾ ਉਹਨਾਂ ਨੂੰ ਹੇਠ ਲਿਖੇ ਇਨਾਮ ਦਿੱਤੇ ਜਾਣਗੇ।*

**ਪੰਜ ਪਾਠਕ** ਬਣਾਉਣ ਵਾਲੇ ਨੂੰ

*70 ਰੁਪਏ ਮੁੱਲ ਦੀਆਂ ਕਿਤਾਬਾਂ*

ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਦਸ ਪਾਠਕ** ਬਣਾਉਣ ਵਾਲੇ ਨੂੰ

*160 ਰੁਪਏ ਮੁੱਲ ਦੀਆਂ ਕਿਤਾਬਾਂ*

ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਵੀਹ ਪਾਠਕ** ਬਣਾਉਣ ਵਾਲੇ ਨੂੰ

*340 ਰੁਪਏ ਮੁੱਲ ਦੀਆਂ ਕਿਤਾਬਾਂ*

ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਪੰਜਾਹ ਪਾਠਕ** ਬਣਾਉਣ ਵਾਲੇ ਨੂੰ

*1000 ਰੁਪਏ ਮੁੱਲ ਦੀਆਂ ਕਿਤਾਬਾਂ*

*ਅਤੇ ਇੱਕ ਪ੍ਰਸ਼ੰਸਾ ਪੱਤਰ*

ਇਨਾਮ ਵਜੋਂ ਭੇਜੇ ਜਾਣਗੇ।

**ਪਾਠਕਾਂ ਦੀ ਇਕੱਠੀ ਲਿਸਟ ਪੂਰੇ ਪਤਿਆਂ ਅਤੇ ਬੈਂਕ ਡਰਾਫਟ ਸਮੇਤ ਹੇਠ ਲਿਖੇ ਪਤੇ ਤੇ ਭੇਜੀ ਜਾਵੇ :**

*ਅਮਿੱਤ ਮਿੱਤਰ*

*ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ,*

*ਬਰਨਾਲਾ - 148101 (ਪੰਜਾਬ)*

**ਨੋਟ** ✪ ਇਨਾਮ ਵਿਚਲੀਆਂ ਕਿਤਾਬਾਂ ਤੁਹਾਡੀ ਚੋਣ ਅਨੁਸਾਰ ਮੈਗਜ਼ੀਨ ਵਿੱਚ ਛਪੀ ਲਿਸਟ, ਸਿਰਫ਼ ਤਰਕਭਾਰਤੀ ਪ੍ਰਕਾਸ਼ਨ ਜਾਂ ਵਿਸ਼ਵਭਾਰਤੀ ਪ੍ਰਕਾਸ਼ਨ ਵਿੱਚੋਂ ਜੋ ਉਪਲੱਬਧ ਹੋਣਗੀਆਂ ਹੀ ਮਿਲਣਗੀਆਂ।

✪ ਕਿਤਾਬਾਂ ਨੂੰ ਭੇਜਣ ਦਾ ਡਾਕ ਖਰਚ ਅਦਾਰਾ 'ਵਿਗਿਆਨ ਜੋਤ' ਦਾ ਹੋਵੇਗਾ।

✪ ਸਾਰੇ ਚੰਦੇ ਇੱਕੋ ਵੇਲੇ ਹੀ ਭੇਜੇ ਜਾਣ।

# ਕੰਪਿਊਟਰ ਦੀ ਦੁਨੀਆਂ 'ਚੋਂ.....

- ਅਮਿੱਤ ਮਿੱਤਰ

## ਚੀਨ ਨੇ ਬਣਾਇਆ ਸਭ ਤੋਂ ਤੇਜ਼ ਸੁਪਰ ਕੰਪਿਊਟਰ

ਚੀਨ ਨੇ ਦੁਨੀਆਂ ਦਾ ਸਭ ਤੋਂ ਤੇਜ਼ ਕੰਪਿਊਟਰ ਯਾਨੀ ਸੁਪਰ ਕੰਪਿਊਟਰ ਬਣਾਉਣ ਦਾ ਦਾਅਵਾ ਕੀਤਾ। ਚੀਨ ਦੇ ਸੁਪਰ ਕੰਪਿਊਟਰ ਨੇ ਪ੍ਰੋਸੈਸਿੰਗ ਸਪੀਡ ਦੇ ਮਾਮਲੇ 'ਚ ਅਮਰੀਕੀ ਸੁਪਰ ਕੰਪਿਊਟਰ ਨੂੰ ਪਿੱਛੇ ਛੱਡ ਦਿੱਤਾ



ਹੈ। ਚੀਨ ਦੀ ਹਾਈ ਪਰਫਾਰਮੈਂਸ ਕੰਪਿਊਟਰ 100 ਲਿਸਟ ਦੇ ਅਨੁਸਾਰ ਤਿਆਨਹੇ-1A ਦੁਨੀਆਂ ਦਾ ਸਭ ਤੋਂ ਤੇਜ਼ ਕੰਪਿਊਟਰ ਹੈ। ਇਕ ਸੈਕਿੰਡ 'ਚ ਇਹ 2.51 ਕਵਾਡ੍ਰਿਲੀਅਨ ਯਾਨੀ 25 ਲੱਖ ਅਰਬ ਤੋਂ ਜ਼ਿਆਦਾ ਗਣਨਾਵਾਂ ਕਰ ਸਕਦਾ ਹੈ। ਇਸਨੂੰ ਪਹਿਲੀ ਜੂਨ 'ਚ ਜਾਰੀ ਕੀਤੀ ਲਿਸਟ 'ਚ ਸੱਤਵਾਂ ਸਥਾਨ ਰੱਖਿਆ ਗਿਆ ਸੀ। ਉਸ ਸਮੇਂ ਤਿਆਨਹੇ-1A ਦੀ ਸਪੀਡ 1.76 ਕਵਾਡ੍ਰਿਲੀਅਨ ਦੱਸੀ ਗਈ ਸੀ। ਪਰ ਹੁਣ ਚੀਨ ਨੇ ਦਾਅਵਾ ਕੀਤਾ ਹੈ ਕਿ ਉਸਦੇ ਸੁਪਰ ਕੰਪਿਊਟਰ ਦੀ ਰਫ਼ਤਾਰ ਕਰੀਬ ਦੁਗਣੀ ਕਰ ਦਿੱਤੀ ਗਈ ਹੈ। ਇਸ ਤੋਂ ਬਾਅਦ ਤਿਆਨਹੇ-1A ਦੁਨੀਆਂ ਦਾ ਸਭ ਤੋਂ ਤੇਜ਼ ਕੰਪਿਊਟਰ ਬਣ ਗਿਆ ਹੈ। ਹੁਣ ਵਿਗਿਆਨਕ ਸੋਧ ਦੇ ਲਈ ਇਕ ਅਜਿਹਾ ਸਿਸਟਮ ਮਿਲ ਗਿਆ ਹੈ ਜੋ ਅਣਗਿਣਤ ਗਣਨਾਵਾਂ ਕਰ ਸਕਦਾ ਹੈ।

ਚੀਨ ਨੇ ਆਪਣੇ ਸੁਪਰ ਕੰਪਿਊਟਰ ਦਾ ਸਰਕਾਰੀ ਵਿਭਾਗਾਂ 'ਚ ਪਰੀਖਣ ਵੀ ਸ਼ੁਰੂ ਕਰ ਦਿੱਤਾ ਹੈ, ਚੀਨ ਦੀ ਸਮਾਚਾਰ ਏਜੰਸੀ 'ਸ਼ਿਨਹੁਆ' ਦੇ ਮੁਤਾਬਿਕ ਮੌਸਮ ਵਿਭਾਗ ਅਤੇ ਰਾਸ਼ਟਰੀ ਤੇਲ ਖਨਨ ਵਿਭਾਗ ਸੁਪਰ ਕੰਪਿਊਟਰ ਦੀ ਮੱਦਦ ਲੈਣ ਲੱਗੇ ਹਨ। ਪਸ਼ੂ ਵਿਗਿਆਨ ਦੇ ਖੇਤਰ 'ਚ ਵੀ ਇਸਦਾ ਇਸਤੇਮਾਲ ਕੀਤਾ ਜਾ ਸਕਦਾ ਹੈ। ਬਾਇਓ ਮੈਡੀਕਲ ਦੇ ਖੇਤਰ 'ਚ ਵੀ ਇਹ ਮਦਦਗਾਰ ਸਾਬਿਤ ਹੋਵੇਗਾ।

ਸੁਪਰ ਕੰਪਿਊਟਰ ਦੀ ਅਸਲੀ ਵਰਤੋਂ ਉੱਚ ਕੋਟੀ ਦੇ ਹਥਿਆਰ ਬਣਾਉਣ 'ਚ ਵੀ ਹੁੰਦੀ ਹੈ। ਮਿਸਾਈਲ, ਪਰਮਾਣੂ ਬੰਬ ਅਤੇ ਹੋਰ ਤਰ੍ਹਾਂ ਦੇ ਹਥਿਆਰਾਂ ਦੀ ਪੂਰੀ ਸਮੀਖਿਆ ਡਿਜਾਇਨਿੰਗ ਸੁਪਰ ਕੰਪਿਊਟਰ ਅਸਾਨੀ ਨਾਲ ਕਰ ਲੈਂਦਾ ਹੈ। ਇਸ ਦੀ ਮਦਦ ਨਾਲ ਤਾਪਮਾਨ 'ਚ ਇਕ ਡਿਗਰੀ ਦਾ ਫ਼ਰਕ ਆਉਣ 'ਤੇ ਮੀਜਾਈਲ ਦੇ ਵਿਵਹਾਰ 'ਚ ਕੀ ਫ਼ਰਕ ਪਏਗਾ, ਵਾਯੂਦਬਾਅ ਘੱਟ ਹੋਣ 'ਤੇ ਕਰੋੜਾਂ ਚੀਜ਼ਾਂ ਕਿਵੇਂ ਵਿਵਹਾਰ ਕਰਨਗੀਆਂ। ਸੋਧ ਦੀ ਉੱਚ ਆਯਾਮ ਨੂੰ ਛੂਹਣ ਦੇ ਲਈ ਸੁਪਰ ਕੰਪਿਊਟਰ ਦੀ ਮੱਦਦ ਲਈ ਜਾ ਸਕਦੀ ਹੈ।

ਸੁਪਰ ਕੰਪਿਊਟਰ ਨੂੰ ਲੈ ਕੇ ਦੁਨੀਆਂ ਦੇ ਕਈ ਵੱਡੇ ਦੇਸ਼ਾਂ 'ਚ ਲੜਾਈ ਚੱਲਦੀ ਹੈ, ਮੰਨਿਆ ਜਾਂਦਾ ਹੈ ਕਿ ਜਿਸ ਦੇਸ਼ ਕੋਲ ਸਭ ਤੋਂ ਤੇਜ਼ ਕੰਪਿਊਟਰ ਹੁੰਦਾ ਹੈ ਉਹ ਹੋਰ ਤਕਨੀਕ ਦੇ ਮੁਕਾਬਲੇ ਅੱਗੇ ਨਿਕਲ ਜਾਂਦਾ ਹੈ। ਚੀਨ ਨੇ ਤਿਆਨਹੇ-1A ਦਾ ਦਾਅਵਾ ਪੇਸ਼ ਕਰਕੇ ਅਜਿਹੇ ਹੀ ਕੁਝ ਸਮੀਕਰਨ ਤਿਆਰ ਕੀਤੇ ਹਨ। ਮੀਡੀਆ ਰਿਪੋਰਟਾਂ ਤੋਂ ਬਾਅਦ ਕਿਹਾ ਜਾ ਰਿਹਾ ਹੈ ਕਿ ਅਗਲੇ ਮਹੀਨੇ ਸੁਪਰ ਕੰਪਿਊਟਰਾਂ ਦੀ ਗਲੋਬਲ ਲਿਸਟ 'ਚ ਤਿਆਨਹੇ-1A ਹੀ ਸਭ ਤੋਂ ਉੱਪਰ ਹੋਵੇਗਾ।

## ਬਲੈਕਬੇਰੀ ਦਾ ਦੇਸੀ ਜਵਾਬ



ਬਲੈਕ ਬੇਰੀ ਦੀ ਮੈਸੇਜਰ ਸੇਵਾ ਦੇ ਜਰੀਏ ਭੇਜੇ ਜਾਣ ਵਾਲੇ ਸੰਦੇਸ਼ਾਂ ਦੀ ਜਾਣਕਾਰੀ ਦੇ ਲਈ ਜੈਪੁਰ ਦੀ ਇਕ ਆਈ. ਟੀ. ਕੰਪਨੀ ਨੇ ਇਕ ਅਜਿਹਾ ਸਾਫ਼ਟਵੇਅਰ ਬਣਾਉਣ ਦਾ ਦਾਅਵਾ ਕੀਤਾ ਹੈ। ਜਿਸਦੀ ਮਦਦ ਨਾਲ ਭਾਰਤ 'ਚ ਕਾਨੂੰਨੀ ਦਾਇਰੇ 'ਚ ਆਉਣ ਵਾਲੇ ਲੋਕਾਂ 'ਤੇ ਫ਼ੋਨ 'ਤੇ ਹੀ ਨਿਗ੍ਹਾ ਰੱਖੀ ਜਾ ਸਕਦੀ ਹੈ। ਭਾਰਤ ਬੇਰੀ ਨਾਮ ਨਾਲ ਤਿਆਰ ਇਸ ਸਾਫ਼ਟਵੇਅਰ ਨੂੰ ਬਣਾਉਣ ਵਾਲੀ ਕੰਪਨੀ ਡਾਟਾ ਇੰਫੋਂਸਿਸ ਲਿਮਟਿਡ ਦਾ ਕਹਿਣਾ ਹੈ ਕਿ ਉਸਦੀ ਮਦਦ ਨਾਲ ਬਲੈਕਬੇਰੀ ਦੇ ਸਾਰੇ ਓਨਲਾਈਨ ਕਮਿਊਨੀਕੇਸ਼ਨ ਦੀ ਨਿਗਰਾਨੀ ਕੀਤੀ ਜਾ ਸਕਦੀ ਹੈ। ਡਾਟਾ ਇੰਫੋਂਸਿਸ ਸ਼ੁਰੂ ਕਰਨ ਵਾਲੇ ਅਜੇ ਡਾਟਾ ਨੇ ਸਮਾਚਾਰ ਏਜੰਸੀ ਪੀ. ਟੀ. ਆਈ. ਨੂੰ ਦੱਸਿਆ, "ਭਾਰਤ 'ਚ ਕੰਮ ਕਰਨ ਵਾਲੇ ਬਲੈਕਬੇਰੀ ਅਤੇ ਦੂਜੇ ਸਾਰੇ ਫ਼ੋਨ ਓਨਲਾਈਨ ਕਮਿਊਨੀਕੇਸ਼ਨ ਇਸ ਸਾਫ਼ਟਵੇਅਰ ਦੀ ਮਦਦ ਨਾਲ ਨਿਗਰਾਨੀ ਦੇ ਦਾਇਰੇ 'ਚ ਲਏ ਜਾ ਸਕਦੇ ਹਨ।" ਪਿਛਲੇ ਕੁਝ ਦਿਨਾਂ 'ਚ ਭਾਰਤ ਬੇਰੀ ਸੇਵਾ ਦਾ ਪਰੀਖਣ ਕੀਤਾ ਜਾ ਰਿਹਾ ਹੈ ਅਤੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਜਲਦੀ ਹੀ ਇਸ ਸੇਵਾ ਦਾ ਰਸਮੀ ਉਦਘਾਟਨ ਕਰਨਗੇ। ਅਜੇ ਨੇ ਦੱਸਿਆ, "ਭਾਰਤ ਬੇਰੀ ਸੇਵਾ ਬਲੈਕ ਬੇਰੀ ਦੇ ਫ਼ੋਨ 'ਤੇ ਵਧੀਆ ਮੇਲ ਸੇਵਾ ਦਿੰਦੀ ਹੈ, ਨਾਲ ਹੀ ਇਹ ਦੱਸਦੀ ਹੈ ਕਿ ਯੂਜਰ ਈਮੇਲ, ਕੈਲੰਡਰ ਅਤੇ ਫ਼ੋਨ ਬੁੱਕ ਨਾਲ ਜੁੜਿਆ ਰਹੇ।" ਪਿਛਲੇ ਕਈ ਮਹੀਨਿਆਂ ਦੀ ਸਖ਼ਤ ਮਿਹਨਤ ਤੋਂ ਬਾਅਦ ਤਿਆਰ ਹੋਈ ਭਾਰਤ ਬੇਰੀ ਇਕ ਨਵੇਂ ਈਮੇਲ ਸਰਵਰ ਐਕਸਜੇਨਪਲਸ ਅਤੇ ਓਪਨ ਸੋਰਸ ਟੈਕਨੋਲੋਜੀ ਦੇ ਨਾਲ ਮਿਲਕੇ ਕੰਮ ਕਰਦੀ ਹੈ। ਇਹ ਸਰਵਰ ਭਾਰਤ 'ਚ ਮੌਜੂਦ ਹੈ, ਇਸ ਲਈ ਸੁਰੱਖਿਆ ਦਾ ਵੀ ਕੋਈ ਖ਼ਤਰਾ ਨਹੀਂ। ਅਜੇ ਨੇ ਕਿਹਾ, "ਬਲੈਕਬੇਰੀ ਦੀ ਵਰਤੋਂ ਕਰਨ ਵਾਲੇ ਆਤੰਕਵਾਦੀਆਂ ਨੇ ਈਮੇਲ ਕਮਿਊਨੀਕੇਸ਼ਨ 'ਤੇ ਨਿਗਰਾਨੀ ਨਾ ਰੱਖ ਪਾਉਣ ਦੀ ਮਜਬੂਰੀ ਸੁਰੱਖਿਆ ਏਜੰਸੀਆਂ ਨੂੰ ਪ੍ਰੇਸ਼ਾਨ ਕਰਦੀ ਰਹੀ ਹੈ। ਅਸੀਂ ਇਸ ਸਮੱਸਿਆ ਦਾ ਹੱਲ ਲੱਭ ਰਹੇ ਹਾਂ ਜਿਸਨੇ ਬਲੈਕਬੇਰੀ ਦੀ ਵਰਤੋਂ ਕਰਨ ਵਾਲੇ ਲੱਖਾਂ ਦੂਸਰੇ ਲੋਕਾਂ ਨੂੰ ਉਲਝਣ 'ਚ ਪਾ ਰੱਖਿਆ ਹੈ।" ਮੋਬਾਇਲ ਫ਼ੋਨ 'ਤੇ ਇਹ ਸੇਵਾ ਲੈਣ ਵਾਲਿਆਂ ਨੂੰ ਹਰ ਮਹੀਨੇ 100 ਰੁਪਏ ਫੀਸ ਦੇਣੀ ਹੋਵੇਗੀ, 50 ਰੁਪਏ ਹੋਰ ਦੇ ਕੇ ਉਹ ਕੈਲੰਡਰ ਅਤੇ ਫ਼ੋਨ ਬੁੱਕ ਦੇ ਅਧਿਕਾਰ ਵੀ ਪਾ ਸਕਦੇ ਹਨ। ਇਹ ਸਾਫ਼ਟਵੇਅਰ ਓਨਲਾਈਨ ਸ਼ੋਪ ਤੋਂ ਖਰੀਦਿਆ ਜਾ ਸਕਦਾ ਹੈ।

## ਹੁਣ ਨਹੀਂ ਹੋਵੇਗਾ ਤੁਹਾਡਾ ਕੰਪਿਊਟਰ ਹੈਂਗ
## ਕੰਪਿਊਟਰ ਦੇ ਹੈਂਗ ਹੋਣ ਦੇ ਕਾਰਨ ਅਤੇ ਉਪਾਅ



ਕੰਪਿਊਟਰ ਹੈਂਗ ਹੋਣ ਦੇ ਕਈ ਕਾਰਨ ਹੋ ਸਕਦੇ ਹਨ। ਹਾਰਡਵੇਅਰ ਜਾਂ ਸਾਫਟਵੇਅਰ ’ਚ ਕਿਸੇ ਖਰਾਬੀ ਦੇ ਕਾਰਨ ਕੰਪਿਊਟਰ ਖਰਾਬ ਹੋ ਸਕਦਾ ਹੈ।

ਸਭ ਤੋਂ ਪਹਿਲਾਂ ਆਪਣੇ ਕੰਪਿਊਟਰ ਦਾ ਪਾਵਰ ਸੋਰਸ ਚੈਕ ਕਰਵਾਓ। ਉਸ ’ਚ ਅਰਥਿੰਗ ਪੂਰੀ ਤਰ੍ਹਾਂ ਹੋਣੀ ਚਾਹੀਦੀ ਹੈ।

ਕੰਪਿਊਟਰ ਨੂੰ ਕਿਸੇ ਚੰਗੇ ਬ੍ਰੈਂਡ ਦੇ ਯੂ. ਪੀ. ਐਸ. ਦੇ ਜਰੀਏ ਲਗਵਾਓ।

ਕਈ ਵਾਰ ਧੂੜ ਮਿੱਟੀ ਫਸ ਜਾਣ ਨਾਲ ਵੀ ਕੰਪਿਊਟਰ ਦਾ ਪਾਵਰ ਸਪਲਾਈ ਦਾ ਫੈਨ ਜਾਮ ਹੋ ਜਾਂਦਾ ਹੈ ਜਿਸ ਨਾਲ ਸਪਲਾਈ ਗਰਮ ਹੋਣ ਦੇ ਕਾਰਨ ਅੱਗ ਲੱਗਣ ਦਾ ਖ਼ਤਰਾ ਹੋ ਜਾਂਦਾ ਹੈ। ਇਸ ਦੇ ਇਲਾਵਾ ਕੰਪਿਊਟਰ ਸਰਵਿਸ ਕਰਵਾਉਂਦੇ ਰਹੋ ਜਿਸ ਨਾਲ ਇਹ ਠੰਡਾ ਰਹੇਗਾ ਅਤੇ ਸਹੀ ਕੰਮ ਕਰੇਗਾ।

ਕੰਪਿਊਟਰ ਸੀ. ਪੀ. ਯੂ. ਕੈਬਨਿਟ ਦੇ ਮਦਰਬੋਰਡ, ਰੈਮ ਅਤੇ ਹਾਰਡ ਡਿਸਕ ਆਦਿ ਹੁੰਦੇ ਹਨ। ਕਈ ਵਾਰ ਰੈਮ ਸਾਕੇਟ ਲੂਜ ਹੋ ਜਾਂਦਾ ਹੈ। ਇਸ ਨੂੰ ਕਿਸੇ ਐਕਸਪਰਟ ਤੋਂ ਚੈਕ ਕਰਵਾਕੇ ਫਿਰ ਸਾਕੇਟ ਲਗਵਾ ਲਓ ਨਾਲ ਹੀ ਇਹ ਵੀ ਚੈਕ ਕਰਵਾ ਲਓ ਕਿ ਰੈਮ ਚਿਪ ਠੀਕ ਕੰਮ ਕਰ ਰਿਹਾ ਹੈ ਜਾਂ ਨਹੀਂ ਤਾਂ ਇਸ ਨੂੰ ਬਦਲ ਦਿਓ। ਕਈ ਵਾਰ ਇਹ ਵੀ ਦੇਖਿਆ ਗਿਆ ਹੈ ਕਿ ਕਿਸੇ ਵਜ੍ਹਾ ਨਾਲ ਕੰਪਿਊਟਰ ਦਾ ਪ੍ਰੋਸੈਸਰ ਫੈਨ ਬੰਦ ਹੋ ਜਾਂਦਾ ਹੈ ਜਿਸ ਕਾਰਨ ਪ੍ਰੋਸੈਸਰ ਹੀਟ-ਅਪ ਹੋਣ ਤੋਂ ਬਾਅਦ ਹੈਂਗ ਹੋ ਜਾਂਦਾ ਹੈ।

ਹਾਰਡਵੇਅਰ ਦੇ ਇਲਾਵਾ ਕੰਪਿਊਟਰ ਸਾਫਟਵੇਅਰ ਦੀ ਵਜ੍ਹਾ ਨਾਲ ਵੀ ਹੈਂਗ ਹੋ ਜਾਂਦੇ ਹਨ। ਇਸਦੇ ਲਈ ਤੁਸੀਂ ਕੰਪਿਊਟਰ ਨੂੰ ਓਨਲਾਈਨ ਕਰਕੇ ਜਿਵੇਂ ਹੀ ਵਿੰਡੋ ਸਕਰੀਨ ਆਉਣ ਲੱਗੇ ਤਾਂ F8 ਦਬਾਅ ਦਿਓ। ਤੁਹਾਡੇ ਸਾਹਮਣੇ ਇਕ ਮੀਨਿਯੂ ਆ ਜਾਵੇਗਾ। ਇਸ ਮੀਨਿਯੂ ’ਚ ਤੁਸੀਂ ਸੇਵ ਮੋਡ ਚੁਣ ਲਓ। ਅਜਿਹਾ ਕਰਨ ਨਾਲ ਵਿੰਡੋ ਸੇਵ ਮੋਡ ’ਚ BOOT ਹੋ ਜਾਵੇਗੀ।

ਸੇਵ ਮੋਡ BOOT ਹੋ ਜਾਣ ’ਤੇ ਪਹਿਲਾਂ Start ਤੇ ਕਲਿੱਕ ਕਰੋ। Run ’ਚ msconfig ਟਾਈਪ ਕਰੋ। ਤੁਹਾਡੇ ਸਾਹਮਣੇ System Configuration Utility Box ਖੁੱਲ ਜਾਵੇਗਾ। ਇਸ ’ਚ General Tab ’ਚ Diagnostic Startup-Load basic device and drivers only ’ਤੇ ਕਲਿਕ ਕਰੋ ਅਤੇ Ok ਦਬਾਓ।

ਕੰਪਿਊਟਰ ਨੂੰ ਰੀਸਟਾਰਟ ਕਰ ਲਓ। ਹੁਣ ਕੰਪਿਊਟਰ ਸਿਰਫ਼ ਬੇਸਿਕ ਸਾਫਟਵੇਅਰ ਕੰਪੋਨੈਂਟਸ ਨੂੰ ਹੀ ਲੋਡ ਕਰੇਗਾ। ਇਸ ਤੋਂ ਬਾਅਦ ਕੁਝ ਦੇਰ ਤੱਕ ਆਪਣਾ ਕੰਪਿਊਟਰ ਚਲਦਾ ਰਹਿਣ ਦਿਓ ਅਤੇ ਚੈਕ ਕਰੋ ਕਿ ਕੰਪਿਊਟਰ ਹੈਂਗ ਹੋ ਰਿਹਾ ਹੈ?

ਜੇਕਰ ਅਜੇ ਵੀ ਤੁਹਾਡਾ ਕੰਪਿਊਟਰ ਹੈਂਗ ਹੋ ਰਿਹਾ ਹੈ ਤਾਂ ਆਪਣੇ ਡਾਟਾ ਦਾ ਬੈਕਅਪ ਲਓ ਅਤੇ ਕੰਪਿਊਟਰ ’ਚ ਵਿੰਡੋਜ਼ OS ਦੁਬਾਰਾ ਲੋਡ ਕਰਵਾ ਲਓ। ਜੇਕਰ ਇਹ ਬੂਟ ਹੋਣ ਤੋਂ ਬਾਅਦ ਹੈਂਗ ਨਹੀਂ ਹੁੰਦਾ ਤਾਂ ਇਸਦਾ ਮਤਲਬ ਹੈ ਕਿ ਕੋਈ ਸਾਫਟਵੇਅਰ ਐਪਲੀਕੇਸ਼ਨ ਜਾਂ ਸਾਫਟਵੇਅਰ ਡ੍ਰਾਈਵਰ ਠੀਕ ਤਰ੍ਹਾਂ ਕੰਮ ਨਹੀਂ ਕਰ ਰਿਹਾ ਹੈ। ਇਸ ਨੂੰ ਚੈਕ ਕਰਨ ਦੇ ਲਈ ਤੁਸੀਂ ਕਿਸੇ ਕੰਪਿਊਟਰ ਐਕਸਪਰਟ ਦੀ ਮਦਦ ਲਓ। ਇਹ ਕੰਪਿਊਟਰ ’ਚ ਲੋਡ ਹੋਣ ਵਾਲੇ ਸਾਰੇ ਸਾਫਟਵੇਅਰ ਡ੍ਰਾਈਵਰ ਜਾਂ ਐਪਲੀਕੇਸ਼ਨ ਨੂੰ ਚੈਕ ਕਰਕੇ ਤੁਹਾਨੂੰ ਦੱਸ ਦੇਵੇਗਾ ਕਿਹੜਾ ਸਾਫਟਵੇਅਰ ਕੰਪਿਊਟਰ ਨੂੰ ਹੈਂਗ ਕਰ ਰਿਹਾ ਹੈ।

## ਇਹ ਹੈ ਫਿਊਚਰ ਆਫ਼ ਲੈਪਟਾਪ



ਐਪਲ ਨੇ ਆਪਣੇ ਸਭ ਤੋਂ ਪਤਲੇ ਅਤੇ ਹਲਕੇ ਲੈਪਟਾਪ ਤੋਂ ਪਰਦਾ ਚੁੱਕਿਆ ਹੈ। ਇਸ ਨੂੰ ਲੈਪਟਾਪ ਦਾ ਭਵਿੱਖ ਮੰਨਿਆ ਜਾ ਰਿਹਾ ਹੈ। ਇਸ ’ਚ ਆਈਫੋਨ ਅਤੇ ਆਈਪੈਡ ਦੀਆਂ ਖ਼ੂਬੀਆਂ ਵੀ ਬਹੁਤ ਹਨ। ਐਪਲ ਦੇ ਸੀ. ਈ. ਓ. ਸਟੀਵ ਜੋਬਸ ਨੇ ਲੰਦਨ ’ਚ ਮੈਕਬੁਕ ਏਅਰ ਨਾਮ ਦੇ ਇਸ ਲੈਪਟਾਪ ਨੂੰ ਪੇਸ਼ ਕੀਤਾ। ਇਸਦੇ ਦੋ ਮਾਡਲ ਪੇਸ਼ ਕੀਤੇ ਹਨ। ਇਸ ’ਚ ਫੇਸਟਾਈਮ ਵੀ. ਡੀ. ਓ. ਕਾਨਫਰੈਂਸਿੰਗ ਤੋਂ ਇਲਾਵਾ ਇਸ ’ਚ ਵਾਧੂ ਐਪਲੀਕੇਸ਼ਨ ਵੀ ਹੋਣਗੇ। ਜੋ ਐਪਲ ਫਿਲਹਾਲ ਆਪਣੇ ਮੈਕ ਸਿਸਟਮ ’ਚ ਦੇ ਰਿਹਾ ਹੈ। ਇਸਦੇ ਇਲਾਵਾ ਐਪਲ ਨੇ ਨਵਾਂ ਮੈਕ ਓਪਰੇਟਿੰਗ ਸਿਸਟਮ ਵੀ ਲਾਂਚ ਕਰ ਦਿੱਤਾ ਹੈ, ਜੋ ਅਗਲੇ ਸਾਲ ਮਾਰਕੀਟ ’ਚ ਆਵੇਗਾ।

ਮੈਕਬੁਕ ’ਚ ਮਲਟੀ ਟੱਚ ਟ੍ਰੈਕਪੈਡ ਹੈ, ਜਿਸਦੇ ਕਾਰਨ ਆਈਪੈਡ ਅਤੇ ਆਈਫੋਨ ਦੀ ਪਿੰਚਿੰਗ, ਰੋਟੇਟਿੰਗ, ਸਵਾਈਪਿੰਗ ਅਤੇ ਡਬਲ ਟੈਪਿੰਗ ਵਰਗੀਆਂ ਖ਼ੂਬੀਆਂ ਵੀ ਇਸ ’ਚ ਮੌਜੂਦ ਹਨ। ਇਹ ਹਾਰਡ ਡਰਾਈਵ ਦੀ ਵਜ੍ਹਾ 64 ਜੀਬੀ ਤੋਂ ਲੈ ਕੇ 128 ਜੀਬੀ ਤੱਕ ਦੀ ਫਲੈਸ਼ ਸਟੋਰੇਜ ਵਰਤਦਾ ਹੈ। ਇਸਦੀ ਵਜ੍ਹਾ ਨਾਲ ਡਾਟਾ ਸੇਵ ਕਰਨ ’ਚ ਇਹ ਹਾਰਡ ਡਰਾਈਵ ਦੇ ਮੁਕਾਬਲੇ ਅੱਧਾ ਸਮਾਂ ਲੈਂਦਾ ਹੈ। ਇਸ ’ਚ ਬਿਜਲੀ ਦੀ ਵਰਤੋਂ ਵੀ ਬਹੁਤ ਘੱਟ ਹੁੰਦੀ ਹੈ। ਬੈਟਰੀ ਪੰਜ ਘੰਟੇ ਤੋਂ ਜ਼ਿਆਦਾ ਚੱਲੇਗੀ। ਮਾਹਰਾਂ ਦਾ ਮੰਨਣਾ ਹੈ ਕਿ ਇਹ ਮੌਜੂਦਾ ਨੋਟਬੁਕਸ ਅਤੇ ਟੈਬਲੇਟ ਕੰਪਿਊਟਰ ਦੇ ਭਵਿੱਖ ਦਾ ਮਿਸਿੰਗ ਲਿੰਕ ਹੈ।

## ਹੁਣ ਜੀ-ਮੇਲ ਦੀ ਨੀਂਦ ਉਡਾਏਗਾ ਫੇਸਬੁਕ

ਨਵੀਂ ਦਿੱਲੀ - ਗੂਗਲ ਦੀ ਈ-ਮੇਲ ਨੇ ਹੁਣ ਤੱਕ ਏਨਾ ਧਮਾਲ ਮਚਾਇਆ ਹੈ ਕਿ ਕਈ ਲੋਕਾਂ ਦੇ ਲਈ ਈ-ਮੇਲ ਦਾ ਮਤਲਬ ਹੀ ਜੀ-ਮੇਲ ਹੋ ਗਿਆ। ਸਰਚ ਦੇ ਇਲਾਵਾ ਈ-ਮੇਲ ਗੂਗਲ ਦੀ ਸਭ ਤੋਂ ਵੱਡੀ ਤਾਕਤ ਬਣਕੇ ਉਭਰੀ ਪਰ ਹੁਣ ਫੇਸਬੁਕ ਨੇ ਇਸ ਨੂੰ ਚੁਣੌਤੀ ਦੇਣ ਦੀ ਸੋਚ ਲਈ ਹੈ ਇਸ ਗੱਲ ਦੀ ਉਮੀਦ ਬਹੁਤ ਜ਼ਿਆਦਾ ਹੈ ਕਿ ਨਵੰਬਰ ਨੂੰ ਫੇਸਬੁਕ ਆਪਣੀ ਈ-ਮੇਲ ਸਰਵਿਸ ਦਾ ਐਲਾਨ ਕਰ ਸਕਦਾ ਹੈ। ਜਿਸ 'ਚ username@facebook.com ਦੇ ਤੌਰ 'ਤੇ ਐਡਰੈਸ ਮਿਲੇਗਾ।




ਫੇਸਬੁਕ 'ਚ ਹੁਣ ਮੈਸੇਜਿੰਗ ਸਰਵਿਸ ਤਾਂ ਹੈ, ਜਿਸ 'ਚ ਇਨਡਿਵਾਈਸ ਅਤੇ ਆਊਟਡਿਵਾਈਸ ਵੀ ਹੁੰਦੇ ਹਨ। ਪਰ ਇਹ ਈ-ਮੇਲ ਨੂੰ ਖਤਮ ਦੀ ਪੋਜੀਸ਼ਨ 'ਤੇ ਅਜੇ ਤੱਕ ਨਹੀਂ ਪਹੁੰਚ ਸਕਿਆ ਹੈ। ਇਸ 'ਚ ਆਪ ਫੇਸਬੁਕ ਦੀ ਵਰਤੋਂ ਕਰਨ ਵਾਲੇ ਵੀ ਮੈਸਜ਼ ਭੇਜ ਦਿੰਦੇ ਹਨ, ਨਾਲ ਹੀ ਇਸ 'ਚ ਮੇਲ ਮੈਨੇਜ ਕਰਨ ਦੇ ਵੀ ਜ਼ਿਆਦਾ ਮੌਕੇ ਨਹੀਂ। ਪਰ ਫੇਸਬੁਕ ਜੇਕਰ ਇਸਨੂੰ ਸੁਧਾਰਾਂ ਦੇ ਨਾਲ ਪੂਰੇ ਈ-ਮੇਲ ਦੇ ਤੌਰ 'ਤੇ ਪੇਸ਼ ਕਰਦਾ ਹੈ ਤਾਂ ਜੰਗ ਕਾਫ਼ੀ ਮੁਸ਼ਕਲ ਹੋ ਜਾਂਦੀ ਹੈ।

ਹਾਲਾਂਕਿ ਇਹ ਸਾਫ਼ ਨਹੀਂ ਹੈ ਕਿ ਫੇਸਬੁਕ ਨੇ ਮੇਲ ਸਰਵਿਸ ਪੇਸ਼ ਕੀਤੀ ਤਾਂ ਇਹ ਕਿਸ ਤਰ੍ਹਾਂ ਦੀ ਹੋਵੇਗੀ। ਪਰ ਸੰਭਾਵਨਾ ਹੈ ਕਿ ਇਹ ਫੇਸਬੁਕ ਦੇ ਮੇਨ ਪੇਜ਼ 'ਤੇ ਹੀ ਇੰਟੀਗ੍ਰੇਟ ਹੋਵੇਗੀ। ਜੇਕਰ ਅਜਿਹਾ ਹੋਇਆ ਅਤੇ ਫੇਸਬੁਕ ਨੇ ਇਸ 'ਚ ਫੁਲ ਈ-ਮੇਲ ਦੀਆਂ ਸਾਰੀਆਂ ਸਹੂਲਤਾਂ ਦਿੱਤੀਆਂ ਤਾਂ ਇਹ ਜੀ-ਮੇਲ ਦਾ ਮੁਕਾਬਲਾ ਕਰ ਸਕਦਾ ਹੈ। ਫੇਸਬੁਕ ਦੇ ਦੁਨੀਆਂ 'ਚ 50 ਕਰੋੜ ਤੋਂ ਜ਼ਿਆਦਾ ਵਰਤੋਂ ਕਰਨ ਵਾਲੇ ਹਨ ਜਦੋਂ ਜੀ-ਮੇਲ ਦੇ 19 ਕਰੋੜ ਵਰਤੋਂ ਕਰਨ ਵਾਲੇ ਹਨ। ਫੇਸਬੁਕ 'ਤੇ ਲੋਕ ਚੈਟ ਤੋਂ ਲੈ ਕੇ ਫੋਟੋ, ਵਿਚਾਰ ਅਤੇ ਹੋਰ ਚੀਜ਼ਾਂ ਆਪਣੇ ਦੋਸਤਾਂ ਦੇ ਨਾਲ ਵੰਡ ਸਕਦੇ ਹਨ।

## ਫਰੀ 'ਚ ਹੀ ਮਿਲਦਾ ਹੈ ਅਸਰਦਾਰ ਐਂਟੀ ਵਾਇਰਸ

ਕੰਪਿਊਟਰ ਦਾ ਇਸਤੇਮਾਲ ਤਾਂ ਬਹੁਤ ਲੋਕ ਕਰਦੇ ਹਨ ਪਰ ਉਨ੍ਹਾਂ 'ਚ ਸਾਫਟਵੇਅਰ ਕਿੰਨੇ ਲੋਕ ਖਰੀਦਦੇ ਹਨ? ਬਹੁਤ ਹੀ ਘੱਟ। ਵਰਜ਼ਨ ਨਵਾਂ ਨਹੀਂ ਤਾਂ ਪੁਰਾਨਾ ਹੀ ਸਹੀ, ਕੰਮ ਚੱਲ ਹੀ ਜਾਂਦਾ ਹੈ। ਪਰ ਐਂਟੀ ਵਾਇਰਸ ਇਕ ਅਜਿਹਾ ਸਾਫਟਵੇਅਰ ਹੈ ਜਿਸਦਾ ਪੁਰਾਨਾ ਵਰਜਨ ਲੰਬੇ ਸਮੇਂ ਤੱਕ ਕੰਮ ਨਹੀਂ ਆਉਂਦਾ। ਨਵੇਂ ਵਾਇਰਸਾਂ ਅਤੇ ਸਪਾਈਵੇਅਰ ਦਾ ਹਮਲਾ ਹੋਣ 'ਤੇ ਤੁਹਾਡਾ ਪੁਰਾਣਾ ਐਂਟੀ-ਵਾਇਰਸ ਹਥਿਆਰ ਸੁੱਟ ਦਿੰਦਾ ਹੈ। ਵਜ੍ਹਾ, ਉਸ ਨੂੰ ਨਵੇਂ ਹਮਲਾਵਰਾਂ ਦੇ ਬਾਰੇ ਜਾਣਕਾਰੀ ਨਹੀਂ ਹੁੰਦੀ। ਲਗਭਗ ਸਾਰੇ ਐਂਟੀ-ਵਾਇਰਸ ਸਾਫ਼ਟਵੇਅਰ ਇਨਸਟਾਲ ਹੋਣ ਤੋਂ ਬਾਅਦ ਕੰਪਨੀ ਦੇ ਸਰਵਰ ਤੋਂ ਨਵੀਂ ਉਦਾਹਰਣ ਡਾਊਨਲੋਡ ਕਰਦੇ ਰਹਿੰਦੇ ਹਨ। ਸੁਭਾਵਿਕ ਰੂਪ 'ਚ ਪੁਰਾਣੇ ਸਾਫ਼ਟਵੇਅਰ ਅਜਿਹਾ ਨਹੀਂ ਕਰ ਸਕਦੇ ਕਿਉਂਕਿ ਸਰਵਰ ਨਾਲ ਜੁੜਨ ਦੇ ਲਈ ਸਾਫ਼ਟਵੇਅਰ ਕੁੰਜੀ ਦੀ ਲੋੜ ਹੁੰਦੀ ਹੈ।

ਦੂਜੇ ਪਾਸੇ ਨਵੇਂ ਅਤੇ ਪਹਿਲਾਂ ਤੋਂ ਜ਼ਿਆਦਾ ਜਟਿਲ ਅਤੇ ਖ਼ਤਰਨਾਕ ਵਾਇਰਸਾਂ ਦਾ ਜਨਮ ਲੈਣਾ ਇਕ ਆਮ ਪ੍ਰਕਿਰਿਆ ਹੈ। ਉਨ੍ਹਾਂ ਤੋਂ ਬਚਣ ਦੇ ਲਈ ਤੁਹਾਡੇ ਕੋਲ ਦੋ ਢੰਗ ਹਨ - ਇਕ ਤਾਂ ਕੋਈ ਨਾਮਚੀਨ ਐਂਟੀ ਵਾਇਰਸ ਖਰੀਦੋ ਅਤੇ ਦੋ ਅਜਿਹੇ ਸਾਫਟਵੇਅਰਾਂ ਦੀ ਤਲਾਸ਼ ਕਰੋ ਜੋ ਮੁਫ਼ਤ ਮਿਲ ਜਾਣ ਅਤੇ ਜੋ ਤੁਹਾਡੇ ਪੀ. ਸੀ. ਨੂੰ ਸੁਰੱਖਿਅਤ ਰੱਖ ਸਕਣ। ਜੇਕਰ ਤੁਸੀਂ ਨੋਟਰਨ, ਮੈਕੇਫ਼ੀ ਅਤੇ ਕਵਿਕ ਡੀਲ ਵਰਗੇ ਲੋਕਪ੍ਰਿਯ ਐਂਟੀਵਾਇਰਸ ਉਤਪਾਦਾਂ 'ਤੇ ਜੇਕਰ ਤੁਸੀਂ ਧਨ ਖਰਚਣਾ ਨਹੀਂ ਚਾਹੁੰਦੇ ਤਾਂ ਕਰੋੜਾਂ ਦੂਸਰੇ ਕੰਪਿਊਟਰ ਦੀ ਵਰਤੋਂ ਕਰਨ ਵਾਲਿਆਂ ਵਾਂਗ ਤੁਸੀਂ ਇਨ੍ਹਾਂ ਨੂੰ ਪਰਖ ਸਕਦੇ ਹੋ। ਇਹ ਟਰਾਇਲ ਵਰਜਨ ਜਾਂ ਸ਼ੇਅਰ-ਵੇਅਰ ਨਹੀਂ ਹੈ ਸਗੋਂ ਪੂਰੀ ਤਰ੍ਹਾਂ ਮੁਫ਼ਤ ਕੰਮ ਕਰਨ ਵਾਲਾ ਐਂਟੀ ਵਾਇਰਸ ਪ੍ਰੋਗਰਾਮ ਹੈ।

ਇਸ ਓਪਨ ਸੋਰਸ ਐਂਟੀਵਾਇਰਸ ਪ੍ਰੋਗਰਾਮ ਦੀ ਲੋਕਪ੍ਰਿਯਤਾ ਦਾ ਅੰਦਾਜ਼ਾ ਇਸਦੇ 22 ਕਰੋੜ ਡਾਊਨਲੋਡ ਤੋਂ ਲਗਾਇਆ ਜਾ ਸਕਦਾ ਹੈ। ਮਾਈਕਰੋਸਾਫ਼ਟ ਦੇ ਵੱਖ ਵੱਖ ਵਿੰਡੋਜ਼ 'ਤੇ ਚੱਲਣ ਵਾਲੇ ਇਸ ਸਾਫ਼ਟਵੇਅਰ ਦਾ ਤਾਜਾ ਸੰਸਕਰਨ ਅਗਸਤ 2010 ਤੋਂ ਹੀ ਜਾਰੀ ਕੀਤਾ ਗਿਆ ਹੈ। ਚੰਗੀ ਗੱਲ ਇਹ ਹੈ ਕਿ ਇਸ ਨੂੰ ਪੈਨ ਡਰਾਈਵ 'ਚ ਰੱਖਕੇ ਮਨਚਾਹੇ ਕੰਪਿਊਟਰਾਂ 'ਤੇ ਬਿਨਾਂ ਇਨਸਟਾਲ ਕੀਤੇ ਹੀ ਇਸਤੇਮਾਲ ਕੀਤਾ ਜਾ ਸਕਦਾ ਹੈ। ਫਿਲਹਾਲ ਇਸ 'ਚ ਫਾਈਲਾਂ ਖੋਲ੍ਹਣ ਅਤੇ ਐਕਸਸ ਕਰਨ ਦੀ ਸਮਰਥਾ ਨਹੀਂ ਹੈ। ਆਉਣ ਵਾਲੇ ਸੰਸਕਰਣਾਂ 'ਚ ਇਹ ਵੀ ਉਪਲਬਧ ਹੋ ਜਾਵੇਗਾ। ਕਲੈਮਵਿਨ ਜੀ. ਐਨ. ਯੂ. ਜਨਰਲ ਪਬਲਿਕ ਲਾਇਸੈਂਸ ਦੇ ਤਹਿਤ ਜਾਰੀ ਕੀਤਾ ਗਿਆ ਹੈ ਇਸ ਲਈ ਇਸ ਨੂੰ ਘਰਾਂ, ਦਫ਼ਤਰਾਂ ਆਦਿ 'ਚ ਆਪਣੀ ਮਨ ਮਰਜੀ ਨਾਲ ਵਰਤਿਆ ਜਾ ਸਕਦਾ ਹੈ।




ਏ. ਵੀ. ਜੀ. ਦੁਨੀਆਂ ਦਾ ਸਭ ਤੋਂ ਲੋਕਪ੍ਰਿਯ ਅਤੇ ਸਭ ਤੋਂ ਦਮਦਾਰ ਐਂਟੀ ਵਾਇਰਸ ਸਾਫ਼ਟਵੇਅਰਾਂ 'ਚੋਂ ਇਕ ਹੈ ਅਤੇ ਇਸਦਾ ਨਵਾਂ ਸੰਸਕਰਣ ਵੀ ਉਪਯੋਗੀ ਜਾਣਕਾਰੀ (ਫੀਚਰਜ਼) ਨਾਲ ਭਰਿਆ ਪਿਆ ਹੈ। ਇਹ ਵਰਤੋਂ ਦੁਆਰਾ ਐਕਸਸ ਕੀਤੀਆਂ ਜਾਣ ਵਾਲੀਆਂ ਫਾਈਲਾਂ ਦਾ ਉਸ ਸਮੇਂ ਰੀਅਲ ਟਾਈਮ ਸਕੈਨ ਕਰਨ 'ਚ ਉਪਯੋਗੀ ਹੈ। ਇਸਦੇ ਲਈ "ਓਨ ਐਕਸਸ ਰੈਜੀਡੈਂਟ ਪ੍ਰੋਡੈਕਸ਼ਨ" ਨਾਂ ਦੀ ਵਿਸ਼ੇਸ਼ ਸਹੂਲਤ ਮੌਜੂਦ ਹੈ। ਨਾਲ ਹੀ ਨਾਲ ਈ-ਮੇਲ ਸਕੈਨਰ, ਲਿੰਕ ਸਕੈਨਰ, ਆਟੋਮੈਟਿਕ ਅਪਡੇਟਰਸ ਵਰਗੀਆਂ ਸਹੂਲਤਾਂ ਨਾਲ ਭਰਿਆ ਪਿਆ ਹੈ। ਵਿੰਡੋਜ਼ 2000 ਅਤੇ ਉਸਦੇ ਬਾਅਦ 'ਚ ਵੀ ਵਿੰਡੋਜ਼ ਅਪਰੇਟਿੰਗ ਸਿਸਟਮ 'ਤੇ ਚੰਗੀ ਤਰ੍ਹਾਂ ਕੰਮ ਕਰਨ ਵਾਲੇ ਇਸ ਸਾਫ਼ਟਵੇਅਰ ਨੂੰ ਇਕ ਵਾਰ ਇਨਸਟਾਲ ਕਰਨ ਤੋਂ ਬਾਅਦ ਤੁਸੀਂ ਵਾਇਰਸ ਅਤੇ ਸਪਾਈਵੇਅਰ ਦੀ ਸਮੱਸਿਆ ਤੋਂ ਲਗਭਗ ਨਿਸਚਿੰਤ ਹੋ ਸਕਦੇ ਹੋ। ਇਨਸਟਾਲੇਸ਼ਨ ਬਹੁਤ ਸੌਖੀ ਪ੍ਰਕਿਰਿਆ ਹੈ। ਇਸ ਦੀ ਵਰਤੋਂ ਕਰਨ ਤੋਂ ਬਾਅਦ ਤੁਸੀਂ ਸ਼ਾਇਦ ਇਹ ਸੋਚਣ ਲਈ ਮਜ਼ਬੂਰ ਹੋ ਜਾਓ ਕਿ ਅਸੀਂ ਹੁਣ ਤੱਕ ਅਜਿਹੇ ਸਾਫ਼ਟਵੇਅਰ ਵਰਤੋਂ 'ਚ ਕਿਉਂ ਨਹੀਂ ਲਿਆਂਦੇ।

# ਵਿਗਿਆਨੀਆਂ ਲਈ ਅਜੇ ਵੀ ਭੇਦ ਬਣੀ ਹੋਈ ਹੈ : ਮਨੁੱਖੀ ਨੀਂਦ

ਮਨੁੱਖ ਆਪਣੀ ਜ਼ਿੰਦਗੀ ਦਾ ਇਕ ਤਿਹਾਈ ਤੋਂ ਵੀ ਵੱਧ ਹਿੱਸਾ ਨੀਂਦ ਵਿੱਚ ਗੁਜ਼ਾਰ ਦਿੰਦਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਆਪਣੇ ਜੀਵਨ ਦੇ ਇਸ ਇਕ ਤਿਹਾਈ ਹਿੱਸੇ ਬਾਰੇ ਜ਼ਿਆਦਾ ਕੁਝ ਨਹੀਂ ਜਾਣਦਾ, ਇਹ ਅਜੇ ਉਸ ਦੀ ਸਮਝ ਤੋਂ ਦੂਰ ਹੈ। ਦੁਨੀਆਂ ਭਰ ਦੇ ਵਿਗਿਆਨੀ ਅਤੇ ਮਨੋਵਿਗਿਆਨੀ ਪਿਛਲੇ ਕਾਫ਼ੀ ਸਮੇਂ ਤੋਂ ਇਸ ਦੇ ਗੁੱਝੇ ਭੇਦਾਂ ਨੂੰ ਸੁਲਝਾਉਣ ਵਿੱਚ ਲੱਗੇ ਹੋਏ ਸਨ। ਅਮਰੀਕਾ ਤੇ ਪੱਛਮੀ ਯੂਰਪ ਦੇ ਵਿਗਿਆਨੀ ਤਾਂ ਇਸ ਦਿਸ਼ਾ ਵਿੱਚ ਬਹੁਤ ਮਹੱਤਵਪੂਰਨ ਕੋਸ਼ਿਸ਼ਾਂ ਅਤੇ ਪ੍ਰਯੋਗ ਵਿੱਚ ਜੁੱਟੇ ਹੋਏ ਹਨ। ਅਮਰੀਕਾ ਦੇ ਕਈ ਸਕੂਲਾਂ ਅਤੇ ਮੈਡੀਕਲ ਕਾਲਜਾਂ ਵਿੱਚ ਤਾਂ ਨੀਂਦ ਦੇ ਸਬੰਧ ਵਿੱਚ ਖੋਜ ਕਰਨ ਲਈ ਅਲੱਗ-ਅਲੱਗ ਵਿਭਾਗ ਅਤੇ ਪ੍ਰਯੋਗਸ਼ਾਲਾਵਾਂ ਸਥਾਪਿਤ ਹੋ ਚੁੱਕੀਆਂ ਹਨ। ਇਸ ਤੋਂ ਇਲਾਵਾ ਅਮਰੀਕਾ ਵਿੱਚ ਹੀ ਨੀਂਦ ਅਤੇ ਸੁਪਨਿਆਂ 'ਤੇ ਖੋਜ ਕਰਨ ਵਾਸਤੇ 'ਡਰੀਮ ਰਿਸਰਚ ਲੈਬਾਰਟਰੀ' ਨਾਂ ਦੀ ਸੰਸਥਾ ਵੀ ਬਣ ਗਈ ਹੈ।

ਇਸ ਸੰਸਥਾ ਦੁਆਰਾ ਨੀਂਦ ਦੇ ਸਬੰਧ ਵਿਚ ਚਾਰੇ-ਪਾਸੇ ਫੈਲੀਆਂ ਹੋਈਆਂ ਖੋਜਾਂ ਉੱਤੇ ਜਾਂਚ 'ਤੇ ਕੰਮ ਕੀਤਾ ਜਾ ਰਿਹਾ ਹੈ। ਸੰਸਥਾ ਨੇ ਨੀਂਦ ਸਮੇਂ ਦਿਮਾਗ ਦੀਆਂ ਬਿਜਲਈ ਗਤੀਵਿਧੀਆਂ ਨੂੰ ਨਾਪਣ ਲਈ ਇਕ ਯੰਤਰ ਵੀ ਵਿਕਸਿਤ ਕਰ ਲਿਆ ਹੈ। ਇਹ ਯੰਤਰ ਨੀਂਦ ਦੀ ਹਾਲਤ ਵਿੱਚ ਮੱਥੇ ਤੋਂ ਵਹਿਣ ਵਾਲੀਆਂ ਅਤਿ ਸੂਖਮ ਬਿਜਲਈ ਤਰੰਗਾਂ ਨੂੰ ਪੂਰਨ ਸਫ਼ਾਈ ਨਾਲ ਗਰਾਫ਼ ਪੇਪਰ 'ਤੇ ਲਿਖਦਾ ਜਾਂਦਾ ਹੈ।

ਨੀਂਦ ਦੀ ਸਭ ਤੋਂ ਮਹੱਤਵਪੂਰਨ ਅਵਸਥਾ ਚੌਥੇ ਪਹਿਰ ਵਿੱਚ ਆਰੰਭ ਹੁੰਦੀ ਹੈ। ਇਸ ਹਾਲਤ ਵਿੱਚ ਮਨੁੱਖ ਗੂੜ੍ਹੀ ਨੀਂਦ ਵਿੱਚ ਚਲਿਆ ਜਾਂਦਾ ਹੈ। ਗੂੜ੍ਹੀ ਨੀਂਦ ਦੀ ਇਸ ਹਾਲਤ ਨੂੰ ਵਿਗਿਆਨਕ ਭਾਸ਼ਾ ਵਿੱਚ 'ਰੈਪਿਡ ਆਈ ਮੂਵਮੈਂਟ ਰੇਮ' ਕਹਿੰਦੇ ਹਨ। ਰੇਮ ਦੌਰਾਨ ਦਿਮਾਗ ਦੀ ਕ੍ਰਿਆਸ਼ੀਲਤਾ ਹੈਰਾਨੀਜਨਕ ਰੂਪ ਨਾਲ ਵਧ ਜਾਂਦੀ ਹੈ। ਸਭ ਤੋਂ ਗੂੜ੍ਹੀ ਅਤੇ ਵਧੀਆ ਨੀਂਦ ਨੂੰ ਵਿਗਿਆਨਕ ਜਗਤ ਵਿਚ 'ਰੇਮ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਨਵ ਜਨਮੇ ਬੱਚੇ ਆਪਣਾ 75% ਤੋਂ ਵੱਧ ਸਮਾਂ ਨੀਂਦ ਵਿੱਚ ਗੁਜ਼ਾਰ ਦਿੰਦੇ ਹਨ। ਤਿੰਨ ਸਾਲ ਦੀ ਉਮਰ ਤੱਕ 'ਰੇਮ' ਸ਼੍ਰੇਣੀ ਦੀ ਨੀਂਦ ਦਾ ਫੀਸਦ ਘੱਟ ਕੇ 25 ਰਹਿ ਜਾਂਦਾ ਹੈ। ਜਵਾਨੀ ਦੀ ਉਮਰ ਵਿੱਚ 22 ਫੀਸਦ, 50 ਸਾਲ ਦੀ ਉਮਰ ਵਿੱਚ 20 ਫੀਸਦ ਅਤੇ ਇਸ ਤੋਂ ਜ਼ਿਆਦਾ ਉਮਰ ਵਿੱਚ ਰੇਮ ਸ਼੍ਰੇਣੀ ਦੀ ਨੀਂਦ ਦੀ ਮਾਤਰਾ 10 ਤੋਂ 15 ਫੀਸਦੀ ਰਹਿ ਜਾਂਦੀ ਹੈ।

ਮਨੋ-ਵਿਗਿਆਨੀਆਂ ਦੇ ਇਕ ਸਮੂਹ ਦੁਆਰਾ ਕੀਤੇ ਗਏ ਅਧਿਐਨ ਤੋਂ ਪਤਾ ਲੱਗਾ ਹੈ ਕਿ ਨੀਂਦ ਆਪਣੇ-ਆਪ ਵਿੱਚ ਇਕ ਲੈਅਬੱਧ ਪ੍ਰਤੀਕਿਰਿਆ ਹੈ, ਜਿਸ ਦੇ ਅਨੁਸਾਰ ਨੀਂਦ ਨਿਸ਼ਚਿਤ ਮਿਆਦ ਦੇ ਕਾਲ ਖੰਡਾਂ ਵਿੱਚ ਵੰਡੀ ਹੁੰਦੀ ਹੈ। ਇਕ ਕਾਲਖੰਡ ਦੀ ਸਥਿਤੀ ਅਕਸਰ 90 ਮਿੰਟ ਦੀ ਹੁੰਦੀ ਹੈ। ਕਾਲਖੰਡ ਦੀ ਆਰੰਭਿਕ ਅਵਸਥਾ ਵਿੱਚ ਅੱਖਾਂ ਤੇਜ਼ੀ ਨਾਲ ਇਧਰ-ਉਧਰ ਘੁੰਮਦੀਆਂ ਹਨ। ਮੱਧ ਵਰਤੀ ਕਾਲ ਖੰਡ ਵਿੱਚ ਸੰਚਾਲਨ ਦੀ ਰਾਤੀ ਕ੍ਰਮਵਾਰ ਬਰਾਬਰ ਹੋਣ ਲੱਗਦੀ ਹੈ ਅਤੇ ਕਾਲਖੰਡ ਦੀ ਅੰਤਿਮ ਸਟੇਜ 15-20 ਮਿੰਟ ਦੀ ਗਹਿਰੀ ਨੀਂਦ ਦੀ ਅਵਸਥਾ ਹੁੰਦੀ ਹੈ। ਮਨੋ-ਵਿਗਿਆਨੀਆਂ ਦੇ ਅਨੁਸਾਰ ਤੰਦਰੁਸਤ ਸਰੀਰਕ ਆਰਾਮ ਲਈ ਇਕ ਕਾਲਖੰਡ ਦੀਆਂ ਤਿੰਨ ਅਵਸਥਾਵਾਂ ਵਿੱਚੋਂ ਲੰਘਣਾ ਜ਼ਰੂਰੀ ਹੁੰਦਾ ਹੈ।

ਅਮਰੀਕੀ ਵਿਗਿਆਨੀ ਡਾ. ਹੇਰਾਲਡ ਵਿਲਸਨ ਦਾ ਕਹਿਣਾ ਹੈ ਕਿ ਜੇਕਰ ਮਨੁੱਖ ਨੂੰ 100 ਤੋਂ 150 ਘੰਟਿਆਂ ਤੱਕ ਨੀਂਦ ਤੋਂ



ਬਗੈਰ ਰੱਖਿਆ ਜਾਵੇ ਤਾਂ ਉਹ ਆਪਣਾ ਮਾਨਸਿਕ ਸੰਤੁਲਿਨ ਗਵਾ ਦੇਵੇਗਾ। ਉਸ ਨੂੰ ਚੀਜ਼ਾਂ ਦਾ ਆਕਾਰ ਬਦਲਦਾ ਹੋਇਆ ਦਿਖਾਈ ਦੇਣ ਲੱਗੇਗਾ ਅਤੇ ਜੇਕਰ ਇਸ ਅਵਸਥਾ ਤੋਂ ਬਾਅਦ ਵੀ ਨੀਂਦ ਨਸੀਬ ਨਾ ਹੋਵੇ ਤਾਂ ਉਸ ਦਾ ਮਾਨਸਿਕ ਸੰਤੁਲਿਨ ਜਵਾਬ ਦੇ ਜਾਵੇਗਾ ਅਤੇ ਉਸ ਦੇ ਪਾਗਲ ਹੋਣ ਤੱਕ ਦੀ ਸਥਿਤੀ ਪੈਦਾ ਹੋ ਸਕਦੀ ਹੈ। ਖੋਜਾਂ ਦੇ ਅਨੁਸਾਰ ਨੀਂਦ ਦੇ ਪਹਿਰਾਂ ਨੂੰ ਚਾਰ ਹਿੱਸਿਆਂ ਵਿੱਚ ਵੰਡਿਆ ਗਿਆ ਹੈ। ਨੀਂਦ ਦੇ ਪਹਿਲੇ ਪਹਿਰ ਨੂੰ 'ਅਲਪਨੀਂਦਰ' ਕਿਹਾ ਜਾਂਦਾ ਹੈ। ਇਹ ਅਵਸਥਾ ਨੀਂਦ ਦੀ ਤਿਆਰੀ ਦੀ ਪਹਿਲੀ ਅਵਸਥਾ ਹੁੰਦੀ ਹੈ। ਇਸ ਹਾਲਤ ਵਿੱਚ ਈ. ਈ. ਜੀ. ਗਰਾਫ਼ ਪੇਪਰ 'ਤੇ ਨੀਂਦ ਸਤਰ 10 ਹਰਟਜ਼ ਦੱਸਦਾ ਹੈ। ਹਰਟਜ਼ ਨੀਂਦ ਦੀ ਗਹਿਰਾਈ ਨੂੰ ਨਾਪਣ/ਮਾਪਣ ਦੀ ਇਕ ਇਕਾਈ ਹੈ। ਦੂਜਾ ਪਹਿਰ ਉਸ ਨੂੰ ਮੰਨਿਆ ਜਾਂਦਾ ਹੈ, ਜਦੋਂ ਮਨੁੱਖ ਨੂੰ ਹਲਕੀ ਨੀਂਦ ਆਉਣ ਲੱਗਦੀ ਹੈ। ਇਸ ਸਮੇਂ ਗਰਾਫ਼ 'ਤੇ 7 ਹਰਫਜ਼ ਦਿਖਾਈ ਦੇਣ ਲੱਗਦਾ ਹੈ। ਹੁਣ ਵਿਅਕਤੀ ਗਹਿਰੀ ਨੀਂਦ ਵਿੱਚ ਜਾਂਦਾ ਹੈ ਤਾਂ ਤੀਜੇ ਪਹਿਰ ਦੀ ਨੀਂਦ ਵਿਚ ਦਿਮਾਗ ਦੀਆਂ ਤਰੰਗਾਂ ਦਾ ਪੱਧਰ 5 ਹਰਟਜ਼ ਤੱਕ ਪਹੁੰਚ ਜਾਂਦਾ ਹੈ। ਇਸ ਅਵਸਥਾ ਵਿਚ ਸਰੀਰ ਦੀਆਂ ਮਾਸਪੇਸ਼ੀਆਂ ਸੁਸਤ ਪੈਣ ਲੱਗਦੀਆਂ ਹਨ।

ਨੀਂਦ ਦੀ ਸਭ ਤੋਂ ਮਹੱਤਵਪੂਰਨ ਅਵਸਥਾ ਚੌਥੇ ਪਹਿਰ ਵਿਚ ਆਰੰਭ ਹੁੰਦੀ ਹੈ। ਉਦੋਂ ਗਰਾਫ਼ 'ਤੇ ਪਹਾੜਾਂ ਦੀਆਂ ਲੜੀਆਂ ਆਦਿ ਦਾ ਦ੍ਰਿਸ਼ ਨਜ਼ਰ ਆਉਣ ਲੱਗਦਾ ਹੈ ਅਤੇ ਇਸ ਦਾ ਪੱਧਰ 3 ਹਰਟਜ਼ 'ਤੇ ਪਹੁੰਚ ਜਾਂਦਾ ਹੈ ਇਹ ਉਹ ਅਵਸਥਾ ਹੈ, ਜਿਸ ਵਿੱਚ ਦਿਮਾਗ ਦੇ ਕ੍ਰਿਆਸ਼ੀਲ ਰਹਿਣ ਦੇ ਬਾਵਜੂਦ ਮਨੁੱਖ ਨੂੰ ਸਭ ਤੋਂ ਜ਼ਿਆਦਾ ਆਰਾਮ ਮਿਲਦਾ ਹੈ। ਇਸ ਨੂੰ 'ਘੋੜੇ ਵੇਚ ਕੇ ਸੌਣ' ਵਾਲੀ ਨੀਂਦ ਵੀ ਆਖਿਆ ਜਾਂਦਾ ਹੈ।

ਨੀਂਦ ਦੀ ਬੁੱਕਲ ਵਿੱਚ ਅਜੇ ਹੋਰ ਵੀ ਕਈ ਅਣ-ਸੁਲਝੇ ਭੇਦ ਛੁਪੇ ਹੋਏ ਹਨ। ਅੱਜ ਤੱਕ ਕੋਈ ਪੱਕੇ ਤੌਰ 'ਤੇ ਇਹ ਨਹੀਂ ਦੱਸ ਸਕਿਆ ਕਿ ਨੀਂਦ ਆਖਿਰ ਹੈ ਕੀ ਅਤੇ ਇਸ ਦੇ ਨਾ ਮਿਲਨ 'ਤੇ ਮਨੁੱਖੀ ਦਿਮਾਗ ਜਵਾਬ ਕਿਉਂ ਦੇਣ ਲੱਗਦਾ ਹੈ?

– *ਸੁਖਮੰਦਰ ਸਿੰਘ ਤੂਰ*

ਪਤਾ : ਪਿੰਡ ਤੇ ਡਾਕ : ਖੋਸਾ ਪਾਂਡੋ, (ਮੋਗਾ) – 142048



# ਪਾਠਕਾਂ ਦੀ ਸੱਥ

**ਸ੍ਰੀਮਾਨ ਜੀ,**

ਮੈਂ ਗੁਰਪ੍ਰੀਤ ਸਿੰਘ, ਪਿੰਡ ਹੀਰਕੇ ਜ਼ਿਲ੍ਹਾ ਮਾਨਸਾ ਦਾ ਵਸਨੀਕ ਹਾਂ। ਮੈਂ ਆਪ ਜੀ ਨਾਲ ਅੰਧ ਵਿਸ਼ਵਾਸਾਂ ਬਾਰੇ ਵਿਚਾਰ ਤੇ ਸੁਝਾਅ ਦੇਣ ਲਈ ਵਿਚਾਰ ਕਰਨਾ ਚਾਹੁੰਦਾ ਹਾਂ ਕਿ ਜਿਵੇਂ ਪ੍ਰਾਚੀਨ ਰਸਮਾਂ, ਅੰਧ ਵਿਸ਼ਵਾਸ ਜਿਨ੍ਹਾਂ ਬਾਰੇ ਤੁਸੀਂ ਤਰਕ ਨਾਲ ਪੇਸ਼ ਆਉਂਦੇ ਹੋ। ਪਰ ਅੱਜ ਦੇ ਯੁੱਗ ਵਿਚ ਜੋ ਅੰਧ ਵਿਸ਼ਵਾਸ ਦਾ ਬੋਲਬਾਲਾ ਸਿਖਰਾਂ ਤੇ ਹੈ, ਉਹ ਲੋਕਾਂ ਲਈ ਜਾਨਲੇਵਾ ਰਿਸ਼ਤਿਆਂ ਦੀ ਫੁੱਟ ਪਾਉਣ, ਮਾਇਆ ਦੀ ਪ੍ਰਾਪਤੀ ਪੁੱਤਰ ਦੀ ਪ੍ਰਾਪਤੀ, ਗੁੱਝੇ ਭੇਦ, ਅਨੇਕਾਂ ਤਰ੍ਹਾਂ ਦੇ ਦੁੱਖ-ਤਕਲੀਫਾਂ ਜਿਨ੍ਹਾਂ ਨੂੰ ਅੰਧ ਵਿਸ਼ਵਾਸ ਮੰਨ ਅਨਪੜ੍ਹ ਕਿ ਪੜ੍ਹੇ ਲਿਖੇ ਲੋਕ ਸਿਆਣਿਆਂ ਜੋਤਿਸ਼ੀਆਂ, ਪਾਖੰਡੀ ਬਾਬਿਆਂ, ਰੁੱਖਾਂ ਦੀ ਪੂਜਾ ਝੰਡ ਪਿੱਪਲ, ਟੂਣੇ ਆਦਿ ਦੇ ਮਗਰ ਲੱਗੇ ਹਨ। ਕੁਝ ਪੰਜਾਬੀ ਅਖ਼ਬਾਰ ਲੋਕਾਂ ਦੇ ਵੈਰੀ ਹਨ ਇਨ੍ਹਾਂ ਦੇ ਹਰ ਰੋਜ਼ ਚਾਰ ਪੰਨਿਆਂ ਤੇ ਪਾਖੰਡੀ ਬਾਬੇ ਰੁਪਏ ਕਮਾਉਣ ਵਾਲੇ ਅਨੇਕ ਲੋਕ ਤਰ੍ਹਾਂ-ਤਰ੍ਹਾਂ ਅੰਧਵਿਸ਼ਵਾਸ ਨਾਲ ਭਰੇ ਜਾਂਦੇ ਹਨ। ਮੈਂ ਤੁਹਾਡੀਆਂ ਕਿਤਾਬਾਂ ਪੜ੍ਹੀਆਂ ਹਨ, ਮੈਂ ਅੰਧ ਵਿਸ਼ਵਾਸਾਂ ਦੇ ਖਿਲਾਫ਼ ਹਾਂ। ਇਹ ਜ਼ਿਆਦਾ ਪ੍ਰਚਾਨੀ ਹੋਣ ਕਾਰਨ ਲੋਕਾਂ ਤੇ ਐਨਾ ਪ੍ਰਭਾਵ ਪਾ ਚੁੱਕੇ ਹਨ ਕਿ ਲੋਕ ਵਿਸ਼ਵਾਸ ਕਰਦੇ ਹਨ। ਅੱਜ ਕੱਲ੍ਹ ਹਰ ਵਿਅਕਤੀ ਪੜ੍ਹਦਾ ਲਿਖਦਾ ਆਪਨੀ ਰੋਟੀ ਕਮਾਉਣ ਲਈ ਹੈ ਉਹ ਅੰਧ ਵਿਸ਼ਵਾਸ ਬਣਦਾ ਹੈ। ਜੋ ਅੱਜ ਦੇ ਹਾਲਾਤ ਉਸ ਬਾਰੇ ਵਿਚਾਰ ਚਰਚਾ:-

1. ਸਭ ਤੋਂ ਪਹਿਲਾਂ ਹੱਥ ਰੇਖਾਵਾਂ ਨਾਵਾਂ ਦੀ ਕੁੰਡਲੀ ਲੈਂਦੇ ਹਾਂ ਕਿ ਹਰ ਪਰਿਵਾਰ ਮਾੜੇ ਚੰਗੇ ਦਿਨਾਂ ਕੰਮਾਂ ਲਈ ਪੰਡਤਾਂ ਕੋਲ ਜਾਂਦੇ ਹਨ ਪੰਡਿਤ ਅਜਿਹੇ ਚੱਕਰਾਂ ਵਿਚ ਪਾਉਂਦੇ ਹਨ ਕਿ ਵਿਅਕਤੀ ਆਪਣੇ ਨਿੱਜੀ ਰਿਸ਼ਤੇ ਤੋੜ ਦਿੰਦੇ ਹਨ। ਉਹ ਸੋਚਦੇ ਹਨ ਕਿ ਸਾਡੇ ਗ੍ਰਹਿ ਚੱਕਰ ਹਨ ਜੇ ਪੰਡਿਤ ਜੋਤਿਸ਼ੀ ਐਨਾ ਦੱਸ ਦਿੰਦੇ ਹਨ ਕਿ ਗ੍ਰਹਿ ਚੰਗੇ ਮਾੜੇ ਹਨ ਤਾਂ ਐਨਾ ਵੀ ਦੱਸ ਦੇਣ ਨਿੱਜੀ ਰਿਸ਼ਤੇ ਟੁੱਟਨ ਨਾਲੋਂ ਹੋਰ ਕੀ ਚੰਗਾ ਹੈ। ਇਨ੍ਹਾਂ ਜੋਤਿਸ਼ੀਆਂ ਬਾਰੇ ਸੁਸਾਇਟੀ ਕੁਝ ਕਰੇ ਸ੍ਰੀ ਮਾਨ ਜੀ ਇਨ੍ਹਾਂ ਖਿਲਾਫ਼ ਐਨਾ ਪ੍ਰਚਾਰ ਕੀਤਾ ਜਾਵੇ ਕਿ ਇਨ੍ਹਾਂ ਨੂੰ ਆਪਨੀ ਸੰਭਾਲ ਨਾ ਰਹੇ।

2. ਦੂਜਾ ਅਖ਼ਬਾਰਾਂ ਤੇ ਟੀ. ਵੀ. ਤੇ ਆਉਣ ਵਾਲੀਆਂ ਇਸ਼ਤਿਹਾਰਬਾਜ਼ੀਆਂ, ਨੇ ਲੋਕਾਂ ਦਾ ਜਿਉਣਾ ਹਰਾਮ ਕਰ ਦਿੱਤਾ ਹੈ ਇਕ ਪਾਸੇ ਕਾਨੂੰਨੀ ਅਪਰਾਧ ਹੈ ਪਰ ਮੀਡੀਆ, ਪ੍ਰੈੱਸ ਨੂੰ ਕੌਣ ਚਲਾਉਂਦਾ ਹੈ ਵੱਡੇ ਵਪਾਰੀ, ਇਹ ਸਰਕਾਰਾਂ ਨਾਲ ਮਿਲੇ ਹਨ ਜਾਂ ਫੰਡ ਦਿੰਦੇ ਹਨ ਇਨ੍ਹਾਂ ਇਸ਼ਤਿਆਰ ਛਪਾਉਣ ਵਾਲਿਆਂ 'ਤੇ ਗ੍ਰਹਿ ਚੱਕਰ ਨਹੀਂ, ਫਿਰ ਲੋਕਾਂ ਤੇ ਕਿਉਂ ਹਨ? ਇਹ ਹੋਰ ਅਮੀਰ ਹੋਈ ਜਾਂਦੇ ਹਨ। ਹਰਾਮ ਦਾ ਪੈਸਾ ਕਮਾਉਂਦੇ ਹਨ। ਸ੍ਰੀਮਾਨ ਜੀ ਐਨਾ ਯਤਨ ਕਰਨਾ ਪਵੇਗਾ ਇਹ ਅਖ਼ਬਾਰਾਂ ਤੇ ਛਪਾਉਣ ਸੰਬੰਧੀ ਡੇਰੇ ਬੰਦ ਕਰਨੇ ਪੈਣ ਇਸ਼ਤਿਹਾਰਬਾਜ਼ੀ ਰੁਕ ਸਕੇ। ਇੱਕ ਟੀ. ਵੀ. ਨੇ ਸਾਨੂੰ ਨਵੇਂ ਅੰਧ ਵਿਸ਼ਵਾਸ ਦਿੱਤੇ ਹਨ ਜਿਵੇਂ ਵੱਖ ਵੱਖ ਚੈਨਲਾਂ ਤੇ ਤਰ੍ਹਾਂ-ਤਰ੍ਹਾਂ ਦੇ ਲੋਕਟ, ਮੁੰਦਰੀਆਂ, ਛੱਲੇ ਦੀ ਮਸ਼ਹੂਰੀ ਕਰਦੇ ਹਨ ਜੋ ਧੱਕੇ ਨਾਲ ਠੋਸੀ ਜਾ ਰਹੇ ਹਨ। ਸ਼ਹੀਦ ਭਗਤ ਸਿੰਘ ਨੇ ਇਨਕਲਾਬੀ ਲਹਿਰ ਚਲਾਈ। ਸਾਨੂੰ ਅਜ਼ਾਦੀ ਲੈਣ ਲਈ ਕੁਰਬਾਨੀਆਂ ਕੀਤੀਆਂ। ਉਨ੍ਹਾਂ ਕੁਰਬਾਨੀਆਂ ਦਾ ਕੀ ਫ਼ਾਇਦਾ ਹੋਇਆ ਹੈ ਮੀਡੀਆ ਵਾਲੇ ਲੋਕਟ ਦਾ ਕੀਮਤ 2000, 4000, 5000, 15000 ਦੱਸਦੇ ਹਨ ਕਹਿੰਦੇ ਹਨ ਇਹ ਪਹਿਨੋ ਸਾਰੇ ਦੁੱਖ ਦੂਰ, ਕਲੇਸ਼ ਖਤਮ, ਇਹ ਲੋਕਟਾਂ, ਪਖੰਡੀ ਸਾਧ ਅਜ਼ਾਦੀ ਮੌਕੇ ਕਿੱਥੇ ਸਨ? ਇਨ੍ਹਾਂ ਤੇ ਸਰਕਾਰਾਂ ਰੋਕ ਲਗਾਉਣ।

3. ਤੀਜਾ ਨੰਬਰ ਤੇ ਸਿਆਣਿਆਂ, ਪੁੱਛਾਂ ਦੇਣ ਵਾਲੇ, ਡੇਰਿਆਂ ਵਿੱਚ ਬਾਬੇ ਬਣੇ ਬੈਠੇ, ਭੀਖ ਮੰਗਣ ਵਾਲੇ ਆਦਿ ਲੋਕਾਂ ਨੂੰ ਸੰਤਾਨ ਦੀ ਪ੍ਰਾਪਤੀ, ਵਿਆਹ ਨਾ ਹੋਣਾ, ਗੁੱਝੇ ਭੇਦ, ਘਰ ਕਲੇਸ਼ ਆਦਿ ਦਾ ਲੋਕਾਂ ਤੇ ਐਨਾ ਪ੍ਰਭਾਵ ਪਿਆ ਹੈ ਕਿ ਉਹ ਡੇਰਿਆਂ, ਸਿਆਣਿਆਂ ਕੋਲ ਗੱਡੀਆਂ ਭਰ ਕੇ ਜਾਂਦੇ ਹਨ ਸਿਆਣੇ ਕਹਿੰਦੇ ਨੇ ਤੁਸੀਂ ਫਲਾਣੇ ਬਾਬੇ ਨੂੰ ਨੀ ਮੰਨਦੇ, ਮਾਤਾ ਦੇਵੀ ਨੂੰ ਮੰਨਦੇ ਨਹੀਂ, ਘਰ ਵਾਲੇ ਮਾਂ ਨੂੰ ਪਾਣੀ ਨੀ ਪੁੱਛਦੇ ਦੂਰ-ਦੂਰ ਮੰਦਰਾਂ ਤੇ ਤੁਰੇ ਫਿਰਦੇ ਹਨ, ਸਿਆਣੇ ਕਹਿੰਦੇ ਮਾਤਾ ਨੂੰ ਮੰਨੋ, ਮੰਗਲਵਾਰ, ਵੀਰਵਾਰ ਨੂੰ ਮੰਨੋ ਹੋਰ ਦਿਨ ਮਾੜੇ ਨੇ। ਸ੍ਰੀ ਮਾਨ ਜੀ ਇਨ੍ਹਾਂ ਸਿਆਣਿਆਂ, ਪਾਖੰਡੀ ਸਾਧਾਂ ਦੇ ਡੇਰਿਆਂ ਵਿਚ ਜਾ ਕੇ ਲੋਕਾਂ ਨੂੰ ਜਾਗਰੂਕ ਕਰੋ ਇਨ੍ਹਾਂ ਵੱਲੋਂ ਮਰੀਜਾਂ ਨੂੰ ਚਿਮਟਿਆਂ ਨਾਲ ਕੁੱਟਿਆ ਜਾਂਦਾ ਹੈ, ਸੋ ਜਿੱਥੇ-ਜਿੱਥੇ ਅੰਧ ਵਿਸ਼ਵਾਸ ਦੇ ਡੇਰੇ ਹਨ ਉਨ੍ਹਾਂ 'ਚ ਫੇਰੀਆਂ ਜ਼ਰੂਰ ਪਾਓ।

4. ਸਭ ਤੋਂ ਵੱਡਾ ਕਾਰਨ ਅੰਧ ਵਿਸ਼ਵਾਸਾਂ ਦਾ ਸਾਡੇ ਲੀਡਰ ਕਰਕੇ ਹੈ। ਇਹ ਆਪਣਾ ਹਰ ਕੰਮ ਜੋਤਿਸ਼ੀਆਂ ਤੋਂ ਕਰਵਾਉਂਦੇ ਹਨ। ਚੋਣਾਂ ਵੇਲੇ ਸੀਟਾਂ ਦੀ ਚੋਣ ਵੋਟਾਂ ਦੇ ਪੱਲੜੇ ਕਿਸ ਪਾਸੇ ਭਾਰੀ, ਆਦਿ ਦੇ ਉਨ੍ਹਾਂ ਨੂੰ ਹਜ਼ਾਰਾਂ ਰੁਪਏ ਦਿੰਦੇ ਹਨ। ਮੈਂ ਬਾਰਵੀਂ ਦਾ ਇਮਤਿਹਾਨ ਦੇਣ ਤੋਂ ਪਹਿਲਾਂ ਪੰਡਤ ਕੋਲ ਗਿਆ ਮੇਰਾ ਨਾ ਪੁੱਛਿਆ ਤੇ ਹੱਥ ਦੇਖ ਕੇ ਪੁੱਛਣ ਲੱਗਿਆ ਕਾਕਾ ਕਿਵੇਂ ਆਇਆ ਮੈਂ ਪੇਪਰਾਂ 'ਚੋਂ ਪਾਸ ਹੋਣ ਬਾਰੇ ਪੁੱਛਿਆ ਤਾਂ ਕਹਿਣ ਲੱਗਾ ਮੰਗਲਵਾਰ ਨੂੰ ਗਾਂ ਨੂੰ ਪੇੜਾ ਚਾਰਿਆ ਕਰ ਪਾਸ ਹੋ ਜਾਵੇਗਾ ਮੈਂ ਉੱਠ ਕੇ ਆ ਗਿਆ ਚੰਗੀ ਸਲਾਹ ਦਿੱਤੀ ਜੇਕਰ ਨਾ ਪੜ੍ਹਾ ਤਾਂ ਪਾਸ ਹੋ ਜਾਊ ਨਹੀਂ ਮੈਂ ਮਿਹਨਤ ਨਾਲ ਪੜ੍ਹਾਈ ਕੀਤੀ। ਕੋਈ ਪੇੜਾ ਨਹੀਂ ਚਾਰਿਆ ਪਾਸ ਹੋ ਗਿਆ ਦੇਖੋ ਕਿੰਨੀ ਸਿੱਖਿਆ ਦਿੰਦੇ ਨੇ ਜੋਤਿਸ਼ੀ, ਰਾਸ਼ੀਆਂ ਵਾਲੇ, ਇਨ੍ਹਾਂ ਕੋਲ ਨਿਰਾ ਅੰਧ ਵਿਸ਼ਵਾਸ ਹੈ। ਇਹ ਸਾਡੇ ਲੀਡਰਾਂ ਨੇ ਮਸ਼ਹੂਰ ਕਰੇ ਹਨ। ਦੋ ਸਰਕਾਰਾਂ ਹਨ ਪੰਜ-ਪੰਜ ਸਾਲਾਂ ਦੇ ਫਰਕ ਨਾਲ ਬਦਲ ਜਾਂਦੀਆਂ ਹਨ। ਇਵੇਂ ਹੀ ਚੱਕੀ ਚੱਲੀ ਜਾਂਦੀ ਹੈ। ਸਿਆਸਤਦਾਨ ਹੀ ਅੰਧ-ਵਿਸ਼ਵਾਸੀ ਹਨ ਲੋਕਾਂ ਦਾ ਕੀ ਬਣੂੰ।

5. ਸ੍ਰੀ ਮਾਨ ਤੁਸੀਂ ਤਰਕਸ਼ੀਲ ਸੁਸਾਇਟੀ ਨੂੰ ਦਲੀਲ ਦੇ ਅਧਾਰ ਤੇ ਚਲਾ ਰਹੇ ਹੋ ਇਹ ਤੁਹਾਡੀ ਕੁਰਬਾਨੀ ਹੀ ਹੈ। ਇੰਨੇ ਅੰਧ ਵਿਸ਼ਵਾਸਾਂ ਵਿਚ ਲੋਕਾਂ ਨੂੰ ਜਾਗਰੂਕ ਕਰ ਰਹੇ ਹੋ। ਅੱਜ ਦੇ ਜ਼ਮਾਨੇ ਵਿਚ ਇਨ੍ਹਾਂ ਸਿਆਣਿਆਂ, ਪਾਖੰਡੀ ਬਾਬਿਆਂ ਦੇ ਖਿਲਾਫ਼ ਜੰਗ ਜਾਰੀ ਹੈ। ਤੁਸੀਂ ਹਰ ਰੋਜ਼ 1 ਲੇਖ ਹਰ ਅਖ਼ਬਾਰ ਤੇ ਪ੍ਰਕਾਸ਼ਿਤ ਕਰਵਾਇਆ ਕਰੋ ਤਾਂਕਿ ਇਹ ਤਾਂਤਰਿਕਾਂ ਵਾਲਿਆ ਦਾ ਪਰਦਾਫਾਸ਼ ਹੋ ਸਕੇ। ਟੀ. ਵੀ. ਤੇ ਲੋਕਟਾ ਵਾਲਿਆਂ ਦੇ ਵਿਰੁੱਧ ਬਹਿਸ ਕਰਨ ਬਾਰੇ ਯਤਨ ਕਰੋ। ਇਸ ਕੰਮ ਲਈ ਬਹੁਤ ਲੋਕ ਤੁਹਾਡੇ ਨਾਲ ਹਨ। ਅਖ਼ਬਾਰਾਂ 'ਤੇ ਐਡਾ ਦੇਣ ਵਾਲੇ ਇਨ੍ਹਾਂ ਬਾਬਿਆਂ, ਜੋਗੀਆਂ, ਸਿਆਣਿਆਂ ਦੇ ਵਿਰੁੱਧ ਡੇਰੇ ਤੇ ਜਾ ਕੇ ਸੱਚ ਸਾਹਮਣੇ ਲਿਆਉ।ਜਿਵੇਂ ਕਿ ਕੁਝ ਕਿਤਾਬਾਂ ਪੜ੍ਹੀਆਂ ਡਾਕਟਰ ਕਾਵੂਰ ਤਰਕਸ਼ੀਲ ਕਿਵੇਂ ਬਣਿਆ, ਭੂਤ ਪ੍ਰੇਤ ਹੈ ਜਾਂ ਨਹੀਂ ਪੜ੍ਹੀ, ਬਹੁਤ ਵਧੀਆ ਲੱਗੀਆਂ।

ਸ੍ਰੀ ਮਾਨ ਜੀ ਤਰਕਸ਼ੀਲ ਸੁਸਾਇਟੀ ਵਲੋਂ ਪ੍ਰਚਾਰ ਕਰੋ ਕਿ ਅੱਜ ਦੇ ਯੁੱਗ ਵਿਚ ਅੰਧ-ਵਿਸ਼ਵਾਸ ਨੂੰ ਤਿਆਗ ਕੇ ਲੋਕ ਅੱਜ ਦੇ ਯੁੱਗ ਦੇ ਹਾਣੀ ਬਣ ਜਾਣ। ਧੰਨਵਾਦ ਸਹਿਤ।

*- ਗੁਰਪ੍ਰੀਤ ਸਿੰਘ ਮਾਨ*

-o-

ਸ੍ਰੀ ਮੇਘ ਰਾਜ ਮਿੱਤਰ ਜੀ,

ਬੇਨਤੀ ਹੈ ਕਿ ਮੈਂ ਸਰਕਾਰੀ ਹਾਈ ਸਕੂਲ ਫਲੇੜ੍ਹਾ ਦਾ ਵਿਦਿਆਰਥੀ ਹਾਂ। ਮੇਰੇ ਪਿਤਾ ਜੀ ਤਰਕਸ਼ੀਲ ਸੰਸਥਾ ਦੇ ਮੈਂਬਰ ਹਨ ਉਹ ਹੁਣ ਪੰਜਾਬ ਪੁਲਿਸ ਵਿਚ ਹੌਲਦਾਰ ਹਨ। ਉਨ੍ਹਾਂ ਦਾ ਨਾਂ ਸ. ਬਲਜੀਤ ਸਿੰਘ ਹੈ। ਮੈਂ ਉਨ੍ਹਾਂ ਤੋਂ ਪ੍ਰੇਰਨਾ ਲੈ ਕਿ ਉਨ੍ਹਾਂ ਦੀ ਤਰ੍ਹਾਂ ਤਰਕਸ਼ੀਲ ਦਾ ਮੈਂਬਰ ਬਣਨਾ ਚਾਹੁੰਦਾ ਹਾਂ। ਮੈਂ ਨੌਵੀਂ ਜਮਾਤ ਵਿਚ ਪੜ੍ਹਦਾ ਹਾਂ। ਮੇਰੀ ਉਮਰ 14 ਸਾਲ ਹੈ ਸਾਡੇ ਸਕੂਲ ਦੀ ਲਾਇਬ੍ਰੇਰੀ ਵਿਚੋਂ ਮੈਂ 'ਸੰਕਾ ਨਵਿਰਤੀ' ਪੁਸਤਕ ਪੜ੍ਹੀ ਜੋ ਕਿ ਮੈਨੂੰ ਬਹੁਤ ਪਸੰਦ ਆਈ। ਮੈਂ ਪੀ. ਐਚ. ਡੀ. ਕਰਨਾ ਚਾਹੁੰਦਾ ਹਾਂ। ਮੈਂ ਆਪਣਾ ਭਾਰਤ ਦੇਸ਼ ਦਾ ਉੱਚਾ ਸਿਰ ਹੋਰ ਉੱਚਾ ਕਰਨਾ ਚਾਹੁੰਦਾ ਹਾਂ। ਮੇਰੀਆਂ ਕੁੱਝ ਇੱਛਾਵਾਂ ਹਨ ਜੋ ਇਸ ਪ੍ਰਕਾਰ ਹਨ।

ਮੈਂ ਪੀ. ਐਚ. ਡੀ. ਕਰਕੇ ਇੱਕ ਵੱਡਾ ਸਾਇੰਸਦਾਨ ਬਣਨਾ ਚਾਹੁੰਦਾ ਹਾਂ ਅਤੇ ਕਬੱਡੀ ਵਿਚੋਂ ਪਹਿਲੇ ਸਥਾਨ ਦੇ ਅੰਤਰਰਾਸ਼ਟਰੀ ਖਿਡਾਰੀ ਬਣਨਾ ਚਾਹੁੰਦਾ ਹਾਂ। ਮੈਂ ਇਤਿਹਾਸ ਵਿਚ ਆਪਣਾ ਨਾਂ ਆਪਣੇ ਮਾਤਾ-ਪਿਤਾ, ਆਪਣੇ ਸਕੂਲ, ਆਪਣੇ ਦੇਸ਼ ਦਾ ਨਾਂ ਚਮਕਾਉਣਾ ਚਾਹੁੰਦਾ ਹਾਂ ਤਾਂ ਜੋ ਆਉਣ ਵਾਲੀ ਅਤੇ ਆਈ ਪੀੜ੍ਹੀ ਮੈਨੂੰ "ਭਗਤ ਸਿੰਘ" ਦੀ ਤਰ੍ਹਾਂ ਯਾਦ ਰੱਖੇ ਮੈਂ ਫਾਲਤੂ ਮਰਨਾ ਨਹੀਂ ਚਾਹੁੰਦਾ ਹਾਂ। ਮੈਂ ਨਹੀਂ ਜਾਣਦਾ ਮੇਰੇ ਵਿਚਾਰ ਤੁਹਾਨੂੰ ਕਿਸ ਤਰ੍ਹਾਂ ਲੱਗ ਰਹੇ ਹਨ। ਪਰ ਮੈਂ ਸਦਾ ਉਪਰੋਕਤ ਵਾਕਾਂ ਨੂੰ ਪੂਰਾ ਕਰਨ ਬਾਰੇ ਵਿਚ ਸੋਚਦਾ ਰਹਿੰਦਾ ਹਾਂ, ਮੈਂ ਖ਼ਤ (ਚਿੱਠੀ) ਵਿਚ ਆਪਣੀ ਫੋਟੋ ਵੀ ਭੇਜ ਰਿਹਾ ਹਾਂ। ਜੇਕਰ ਤੁਹਾਨੂੰ ਮੇਰੇ ਸਵਾਲਾਂ ਨੂੰ ਮੇਰੇ ਪਤੇ ਤੇ ਪੋਸਟ ਕਰ ਦਿਉ ਮੇਰੇ ਹੇਠਾਂ ਲਿਖੇ ਕੁਝ ਸਵਾਲ ਹਨ।

ਸਵਾਲ - 1. ਮੈਂ ਆਪਣੇ ਉਪਰੋਕਤ ਸੁਪਨੇ ਕਿਵੇਂ ਪੂਰੇ ਕਰ ਸਕਦਾ ਹਾਂ?

2. ਕੀ ਮੈਂ ਇਹ ਬਣ ਸਕਦਾ ਹਾਂ?

3. ਤੁਸੀਂ ਮੇਰੀ ਕੋਈ ਮਦਦ ਕਰ ਸਕਦੇ ਹੋ ਜਾਂ ਕੋਈ ਸਲਾਹ ਦੇ ਸਕਦੇ ਹੋ?

4. ਮੈਂ ਭਗਤ ਸਿੰਘ ਦੀ ਤਰ੍ਹਾਂ ਬਣ ਸਕਦਾ ਹਾਂ।

5. ਮੈਂ ਸਾਰੀਆਂ ਬੁਰੀਆਂ ਆਦਤਾਂ ਬੁਰੇ ਸਮਾਜ ਤੋਂ ਆਪਣੇ ਆਪ ਨੂੰ ਕਿਵੇਂ ਬਚਾਵਾਂ?

6. ਮੈਂ ਕੌਣ ਹਾਂ?

7. ਮੈਂ ਨਾਕਾਮਯਾਬ ਨਹੀਂ ਹੋਣਾ ਚਾਹੁੰਦਾ ਮੈਨੂੰ ਇਸ ਦਾ ਉਪਾਅ ਦੱਸੋ।

8. ਮੈਂ ਤੁਹਾਨੂੰ ਆਪਣਾ ਦੇਵਤਾ ਮੰਨਦਾ ਹਾਂ ਕੀ ਤੁਸੀਂ ਮੈਨੂੰ ਆਪਣਾ ਸੇਵਕ ਮੰਨਦੇ ਹੋ।

ਆਪ ਜੀ ਨੂੰ ਕ੍ਰਿਪਾ ਕਰਕੇ ਬੇਨਤੀ ਹੈ ਕਿ ਆਪ ਜੀ ਮੇਰੇ ਵਿਚਾਰਾਂ ਨੂੰ ਸਮਝਦੇ ਹੋਏ ਮੈਨੂੰ ਮੇਰੇ ਸਵਾਲਾਂ ਦਾ ਜਵਾਬ ਜਲਦ ਤੋਂ ਜਲਦ ਦਿਓ ਜੀ।

ਆਪ ਜੀ ਦਾ ਵਿਸ਼ਵਾਸ ਪਾਤਰ
*- ਗਗਨਦੀਪ ਸਿੰਘ, ਕਲਾਸ - ਨੌਵੀਂ*
ਪਿੰਡ ਫਲੇੜ੍ਹਾ, ਤਹਿਸੀਲ ਸੁਨਾਮ,
ਜ਼ਿਲ੍ਹਾ ਸੰਗਰੂਰ।

*ਪਿਆਰੇ ਗਗਨਦੀਪ, ਜ਼ਿੰਦਗੀ ਇੱਕ ਜਦੋ ਜਹਿਦ ਹੈ। ਹਰ ਥਾਂ ਤੇਰਾ ਮੁਕਾਬਲਾ ਹੋਣਾ ਹੈ। ਹਾਰਾਂ ਤੇ ਜਿੱਤਾਂ ਜ਼ਿੰਦਗੀ ਦਾ ਅਨਿੱਖੜਵਾਂ ਅੰਗ ਹਨ। ਨਿੱਗਰ ਸੋਚ ਹਾਰਾਂ ਨੂੰ ਜਿੱਤਾਂ ਵਿੱਚ ਬਦਲਣ ਲਈ ਸਹਾਈ ਹੁੰਦੀ ਹੈ। ਗੁਰੂ ਚੇਲੇ ਨਾਲੋਂ ਸਾਥੀ ਹੋਣਾ ਵਧੀਆ ਲੱਗਦਾ ਹੈ।*

***- ਮੇਘ ਰਾਜ ਮਿੱਤਰ***

# ਚੁੰਨੀ ਵਾਲੇ ਮਾਤਾ ਜੀ ਦਾ ਤਮਾਸ਼ਾ

ਮਾਊਂਟ ਆਬੂ ਵਿਚ ਚੁਨਰੀ/ਚੁੰਨੀ/ਦੁਪੱਟਾ ਵਾਲੇ ਮਾਤਾ ਜੀ ਦੇ ਨਾਂ ਨਾਲ ਮਸ਼ਹੂਰ ਪ੍ਰਹਿਲਾਦ ਜਾਨੀ ਚਰਚਾ ਵਿਚ ਹੈ ਕਿਉਂਕਿ ਉਸਦਾ ਦਾਅਵਾ ਹੈ ਕਿ ਉਸਨੇ 70 ਸਾਲ ਤੋਂ ਨਾ ਕੁਝ ਖਾਧਾ ਹੈ ਨਾ ਕੁਝ ਕੱਢਿਆ ਹੈ। ਉਸ ਦਾ ਦਾਅਵਾ ਹੈ ਕਿ ਉਪਰ ਵਾਲੇ ਦੀ ਸ਼ਕਤੀ ਦੇ ਕਾਰਣ ਉਹ ਬਿਨ੍ਹਾਂ ਖਾਏ ਪੀਏ ਰਹਿ ਸਕਦਾ ਹੈ ਅਤੇ ਉਸਦੇ ਲਈ ਉਹ ਆਪਣਾ ਵਿਗਿਆਨਕ ਪਰੀਕਸ਼ਣ (ਪ੍ਰੀਖਿਆ, ਪੜਤਾਲ, ਪਰਖ) ਕਰਵਾਉਣ ਨੂੰ ਵੀ ਤਿਆਰ ਹੈ। ਇਕ ਆਪਣੇ ਆਪ ਬਣੀ ਸੰਸਥਾ, ਜਿਸ ਦਾ ਨਾਂ ਡਿਫੈਂਸ ਇਨਸਟਿਯੂਟ ਆਫ਼ ਫਿਜ਼ੀਓਲੌਜੀ ਐਂਡ ਏਲਾਈਡ ਸਾਈਂਸੇਜ ਹੈ, ਉਸ ਦੀ ਜਾਂਚ ਵੀ ਕਰਨ ਨੂੰ ਤਿਆਰ ਹੈ। ਇਸ ਪ੍ਰਕਾਰ ਦੇ ਤਮਾਸ਼ੇ ਸਾਡੇ ਦੇਸ਼ ਵਿਚ ਹੀ ਨਹੀਂ, ਦੁਨੀਆ ਭਰ ਦੇ ਵਿਚ ਧਰਮ ਨਾਲ ਜੁੜੇ ਲੋਕ ਕਰਦੇ ਰਹਿੰਦੇ ਹਨ। ਧਾਰਮਿਕ ਦੁਕਾਨਦਾਰ ਵਿਗਿਆਨਕਾਂ ਦੀ ਭੀੜ ਵੀ ਇਕੱਠੀ ਕਰ ਲੈਂਦੇ ਹਨ ਜੋ ਇਨ੍ਹਾਂ ਖੋਖਲੇ ਦਾਅਵਿਆਂ ਉੱਤੇ ਵਿਗਿਆਨ ਦੀ ਮੋਹਰ ਲਗਾ ਦੇਂਦੇ ਹਨ। ਹਰ ਧਾਰਮਿਕ ਸੰਸਦਬਾਜ਼ ਦੇ ਚਾਰੇ ਪਾਸੇ ਉਂਜ ਹੀ ਕਈ ਅੰਧਵਿਸ਼ਵਾਸੀ ਵਿਗਿਆਨਕ, ਡਾਕਟਰ, ਇੰਜ਼ਨੀਅਰ, ਪ੍ਰਸ਼ਾਸਕ ਇਕੱਠੇ ਹੋ ਜਾਂਦੇ ਹਨ ਜੋ ਆਪਣੀ ਮਾਨਸਿਕ ਕਮਜ਼ੋਰੀ ਨੂੰ ਧਰਮ ਦੇ ਪਰਦੇ ਵਿਚ ਛਿਪਾਉਣ ਨੂੰ ਉਤਸੁਕ ਰਹਿੰਦੇ ਹਨ। ਪ੍ਰਹਿਲਾਦ ਜਾਨੀ ਦੇ ਮਾਮਲੇ ਵਿਚ ਕਿਸੇ ਵਿਗਿਆਨਕ ਜਾਂਚ ਦੀ ਲੋੜ ਹੀ ਨਹੀਂ ਹੈ। ਸੱਤਿਆ ਸਾਈਂ ਬਾਬੇ ਦਾ ਹਵਾ ਵਿਚੋਂ ਅੰਗੂਠੀ ਕੱਢ ਦੇਣਾ ਜਾਂ ਰਾਮਦੇਵ ਦਾ ਯੋਗ ਦੇ ਸਹਾਰੇ ਕੈਂਸਰ ਠੀਕ ਕਰ ਦੇਣ ਦੇ ਦਾਅਵੇ ਇਸ ਜ਼ੋਰ ਸ਼ੋਰ ਨਾਲ ਕੀਤੇ ਜਾਂਦੇ ਹਨ ਕਿ ਤਾਰਕਿਕ ਤੱਥ ਛਿਪ ਜਾਂਦੇ ਹਨ। ਫੇਰ ਧਰਮ ਦੇ ਦੁਕਾਨਦਾਰਾਂ ਨੂੰ ਆਪਣੇ ਧੰਦੇ ਦੀ ਫਿਕਰ ਹੁੰਦੀ ਹੈ ਅਤੇ ਉਨ੍ਹਾਂ ਦੇ ਸੱਚ ਨੂੰ ਲੱਭਣ ਦੀ ਮਿਹਨਤ ਕਰਨ ਵਾਲਿਆਂ ਨੂੰ ਕੁਝ ਨਹੀਂ ਮਿਲਦਾ ਹੈ। ਉਹ ਨਾ ਤਾਂ ਇਸ ਵਿਚ ਸ਼ਕਤੀ ਲਗਾਉਣਾ ਚਾਹੁੰਦੇ ਹਨ, ਨਾ ਪੈਸਾ। ਪ੍ਰਹਿਲਾਦ ਜਾਨੀ ਦੇ ਵਿਗਿਆਨਕ ਪਰੀਕਸ਼ਣ ਵਿਚ ਕੋਈ ਆਖਿਰ ਕਿਉਂ ਆਪਣਾ ਪੈਸਾ ਅਤੇ ਸ਼ਕਤੀ ਲਗਾਏ? ਇਸ ਤਰ੍ਹਾਂ ਦੀ ਜਾਂਚ ਅਸਲ ਵਿਚ ਮਿਲੀਭੁਗਤ ਹੁੰਦੀ ਹੈ। ਬਾਬੇ ਦੇ ਨਾਂ ਉਤੇ ਚਲ ਰਹੇ ਧੰਦੇ ਨੂੰ ਚਮਕਾਉਣ ਦੇ ਲਈ ਕੁਝ ਲੋਕਾਂ ਨਾਲ ਸੌਦਾਕਰ ਲਿਆ ਜਾਂਦਾ ਹੈ ਕਿ ਉਹ ਜਾਂਚ ਦੇ ਨਾਟਕ ਵਿਚ ਸ਼ਾਮਲ ਹੋ ਜਾਣ। ਧੰਦੇ ਦਾ ਫਾਇਦਾ ਬਹੁਤ ਲੋਕ ਉਠਾ ਰਹੇ ਹੁੰਦੇ ਹਨ। ਕੁਝ ਨੂੰ ਧਨ ਮਿਲਦਾ ਹੈ ਤਾਂ ਕੁਝ ਨੂੰ ਸੁੰਦਰੀਆਂ ਵੀ ਮਿਲਦੀਆਂ ਹਨ। ਘਰਾਂ ਤੋਂ ਬੇਘਰ ਕੀਤੇ ਗਏ ਲੋਕਾਂ ਨੂੰ ਆਸਰਾ ਵੀ ਮਿਲ ਜਾਂਦਾ ਹੈ। ਉਹ ਸਭ ਮਿਲ ਕੇ ਤਮਾਸ਼ਾ ਰਚਦੇ ਰਹਿੰਦੇ ਹਨ। ਜਿਨ੍ਹਾਂ ਮਾਮਲਿਆਂ ਵਿਚ ਸਟੰਟਾਂ ਦੀ ਪੋਲ ਖੁੱਲ੍ਹ ਚੁੱਕੀ ਹੁੰਦੀ ਹੈ ਉਥੇ ਵੀ ਧਰਮਾਂਧੇ (ਆਪਣੇ ਧਰਮ ਉਤੇ ਅੰਧਵਿਸ਼ਵਾਸ ਕਰਨ ਵਾਲੇ ਅਤੇ ਦੂਸਰਿਆਂ ਦੇ ਧਰਮ ਨਾਲ ਵੈਰ ਕਰਨ ਵਾਲੇ) ਲੋਕਾਂ ਦੀ ਭੀੜ ਲੱਗੀ ਰਹਿੰਦੀ ਹੈ। ਜਿਹੜਾ ਦੇਸ਼ ਪੱਥਰਾਂ ਨੂੰ ਦੁੱਧ ਪਿਲਾ ਪਿਲਾ ਕੇ ਖੁਸ਼ੀ ਵਿਚ ਉਛਲਕੁਦ ਕਰ ਸਕਦਾ ਹੈ। ਉਹ ਹਰ ਝੂਠ ਨੂੰ ਸੱਚ ਮੰਨ ਸਕਦਾ ਹੈ। ਇਸ ਦੇ ਲਈ ਵਿਗਿਆਨਕ ਜਾਂਚ ਨਹੀਂ; ਵਿਗਿਆਨਕ ਅਤੇ ਤਾਰਕਿਕ ਬੁੱਧੀ ਚਾਹੀਦੀ ਹੁੰਦੀ ਹੈ ਜਿਹੜੀ ਬਚਪਨ ਤੋਂ ਲਿਖਾ ਪੜ੍ਹਾ ਕੇ ਪੂਰੀ ਤਰ੍ਹਾਂ ਸਾਫ਼ ਕਰ ਦਿੱਤੀ ਜਾਂਦੀ ਹੈ। ਪ੍ਰਿਹਿਲਾਦ ਜਾਨੀ ਦੇ ਮਾਮਲੇ ਵਿਚ ਕੋਰੇ ਤਰਕ ਦੀ ਲੋੜ ਹੈ ਕਿ ਜੇਕਰ ਇਸ ਵਿਅਕਤੀ ਨੂੰ ਖਾਣਪੀਣ ਦੀ ਜ਼ਰੂਰਤ ਨਹੀਂ ਹੈ ਤਾਂ ਇਹ ਧਰਮ ਦਾ ਬਾਜ਼ਾਰ ਕਿਉਂ ਲਗਾਈ ਬੈਠਾ ਹੈ। ਆਰਾਮ ਨਾਲ ਘਰ ਵਿਚ ਰਹੇ। ਉਸ ਦੀ ਪੂਜਾ ਕਰਨ ਨਾਲ ਉਸ ਦੇ ਗੁਣ ਤਾਂ ਧਰਮਾਂ ਦੇ ਭਗਤਾਂ ਵਿਚ ਨਹੀਂ ਆ ਜਾਣਗੇ। ਫੇਰ ਭਗਵੇਂ ਕੱਪੜੇ ਪਾਉਣ ਦੀ ਕੀ ਤੁੱਕ ਹੈ? ਬਿਨ੍ਹਾਂ ਖਾਧੇ-ਪੀਤੇ ਦੂਜਿਆਂ ਦੇ ਲਈ ਕੰਮ ਕਰਦੇ ਰਹੋ। ਹੁਣ ਮਰਨਾ ਤਾਂ ਹੈ ਨਹੀਂ ਕਿਉਂਕਿ ਜਦ ਐਨੀ ਮਿਹਰਬਾਨੀ ਹੋ ਚੁੱਕੀ ਹੈ ਕਿ 70 ਸਾਲ ਬਿਨਾਂ ਅੰਨ ਪਾਣੀ ਦੇ ਜੀਵਿਤ ਰਹੇ ਤਾਂ ਹੁਣ ਮੌਤ ਕਿਉਂ ਆਵੇਗੀ, ਪਰੰਤੂ ਫੇਰ ਉਹ ਮਾਤਾ ਜੀ ਵਾਲਾ ਨਾਟਕ ਕਿਵੇਂ ਚਲੇਗਾ? ਦਾਨ ਦੱਕਸ਼ਣਾ ਕਿਵੇਂ ਮਿਲੇਗੀ?

***ਅਨੁਵਾਦਕ : ਪਵਨ ਕੁਮਾਰ ਰੱਤੋਂ***

# ਤਰਕਭਾਰਤੀ ਪ੍ਰਕਾਸ਼ਨ ਦੀਆਂ ਵੀ. ਡੀ. ਓ. ਸੀਡੀਜ਼ ਸੀਰੀਜ

ਘਰ ਬੈਠੇ ਹੀ ਵੀਪੀ ਰਾਹੀਂ ਕੋਈ ਵੀ ਸੀਡੀ ਜਾਂ ਕਿਤਾਬ ਮੰਗਵਾਉਣ ਲਈ ਫ਼ੋਨ ਕਰੋ : 01679-241744







- ਠੱਗੀ ਦਾ ਸਾਧਨ - ਜੋਤਿਸ਼ (ਮੇਘ ਰਾਜ ਮਿੱਤਰ) 50/-
- ਰੱਬ, ਧਰਮ ਤੇ ਬਹਿਸ (ਮੇਘ ਰਾਜ ਮਿੱਤਰ) 50/-
- ਤਰਕਸ਼ੀਲ ਸੁਨੇਹਾ (ਮੇਘ ਰਾਜ ਮਿੱਤਰ) 30/-
- ਤਰਕਸ਼ੀਲ ਜਾਦੂਗਰ (ਜਗਦੇਵ ਕੰਮੋਮਾਜਰਾ) 50/-
- ਹਰ ਮਿੱਟੀ ਕੁੱਟਿਆਂ ਨਹੀਂ ਭੁਰਦੀ 50/-
- **10th Math Made Easy 150/- (Set 4cds)**
- **10th Physics and Chemistry Made Easy 150/- (Set 4cds)**









# ਵਿਸ਼ਵਭਾਰਤੀ ਪ੍ਰਕਾਸ਼ਨ ਦੁਆਰਾ ਪ੍ਰਕਾਸ਼ਿਤ ਨਵੀਆਂ ਕਿਤਾਬਾਂ




ਵਧੀਆ ਤੇ ਸੁੰਦਰ ਪੁਸਤਕਾਂ ਛਪਵਾਉਣ ਲਈ ਸੰਪਰਕ ਕਰੋ

## ਵਿਸ਼ਵਭਾਰਤੀ ਪ੍ਰਕਾਸ਼ਨ ਬਰਨਾਲਾ

Purani Sabji Mandi, K. C. Road, Barnala-148101 (Pb.)
Ph. 01679-241744, 233244 Email : anu_bnl@yahoo.com

Editor : **Megh Raj Mitter** Regd. No. PUNPUN/2006/17457

## ਤਰਕਭਾਰਤੀ ਪ੍ਰਕਾਸ਼ਨ ਬਰਨਾਲਾ ਵੱਲੋਂ ਪ੍ਰਕਾਸ਼ਤ ਨਵੀਆਂ ਕਿਤਾਬਾਂ




○ ਸਾਹਿਤਕ ○ ਤਰਕਸ਼ੀਲ ○ ਅਗਾਂਹ ਵਧੂ ○ ਪੰਜਾਬ ਨਾਲ ਸੰਬੰਧਤ ਅਤੇ ਹੋਰ ਵਧੀਆ ਕਿਤਾਬਾਂ ਖਰੀਦਣ ਲਈ ਸੰਪਰਕ ਕਰੋ।

# ਤਰਕਭਾਰਤੀ ਪ੍ਰਕਾਸ਼ਨ

**Purani Sabji Mandi, K. C. Road, Barnala-148101 (Pb.)**
**Ph. 01679-241744, 233244 Email : tarksheel@gmail.com**

ਹੁਣ ਤੁਸੀਂ ਕੋਈ ਵੀ ਪੁਸਤਕ ਫ਼ੋਨ ਕਰਕੇ ਡਾਕ ਰਾਹੀਂ ਵੀ ਮੰਗਵਾ ਸਕਦੇ ਹੋ, ਸਾਡਾ ਫ਼ੋਨ ਨੰਬਰ ਹੈ : 01679-241744

Publisher Printer and the owner Amit Mittal has got it printed from Unitech Printers Banasar Bagh Street Sangrur and published from Tarksheel Niwas Gali No. 8 K.C. Road Barnala-148101